**Restaurant Supply** (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
Ravi Kapoor (CEO)
1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com




Licenced Illinois & Wisconsin State.
Why pay rent if you can buy Find Out How much you can qualify! Get Free Pre-Approval
Buying, Selling Renting or Investing
RE/MAX
Jesse Singh
847-606-3664
Amndip Singh
847-409-8787
New construction 60% cash back
Buy through us get free inspection & attorney fees free+cashback.
Selling Commission just pay only 1%
WEBSITE: jsingh.remax.com; E-Mail: jsingh@remax.net

Twenty-Sixth Year of Publication | ਮਿਡਵੈਸਟ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 29; July 18, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਬੇਅਦਬੀ ਖ਼ਿਲਾਫ਼ ਕਾਨੂੰਨ ’ਚ ਸੋਧ ਕਰੇਗੀ ਪੰਜਾਬ ਸਰਕਾਰ !



**ਚੰਡੀਗੜ੍ਹ:** ਆਖ਼ਰ ਪੰਜਾਬ ਸਰਕਾਰ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ‘ਚ ਸੋਧ ਕਰਨ ਦਾ ਫ਼ੈਸਲਾ ਕਰ ਲਿਆ ਹੈ। ਪੰਜਾਬ ਸਰਕਾਰ ਇਸ ਮਹੀਨੇ ਦੇ ਤੀਸਰੇ ਜਾਂ ਚੌਥੇ ਹਫ਼ਤੇ ‘ਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਸਕਦੀ ਹੈ। ਹਾਲਾਂਕਿ ਸੈਸ਼ਨ ਦੀ ਤਰੀਕ ਅਜੇ ਤੈਅ ਨਹੀਂ ਕੀਤੀ ਗਈ ਪਰ ਕਈ ਵਿਧਾਇਕਾਂ ਨੇ ਸੈਸ਼ਨ ਬੁਲਾਉਣ ਬਾਰੇ ਸਰਕਾਰ ਵੱਲੋ ਵਿਚਾਰ ਕਰਨ ਬਾਰੇ ਪੁਸ਼ਟੀ ਕੀਤੀ ਹੈ।ਸਭ ਤੋਂ ਅਹਿਮ ਗੱਲ ਹੈ ਕਿ ਸਰਕਾਰ ਇਸ ਮਾਮਲੇ ‘ਚ ਹੁਣ ਕਿਸੇ ਤਰ੍ਹਾਂ ਦੀ ਢਿੱਲ ਨਹੀ ਵਰਤਣਾ ਚਾਹੁੰਦੀ ਤੇ ਐਕਟ ‘ਚ ਸੋਧ ਕਰਨ ਬਾਰੇ ਤਿਆਰ ਕੀਤੇ ਜਾ ਰਹੇ ਮਸੌਦੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਵਿਦਵਾਨਾਂ ਨਾਲ ਸਲਾਹ ਮਸ਼ਵਰਾਂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀ ਸਹਿਮਤੀ ਮਿਲਣ ਬਾਅਦ ਹੀ ਸਰਕਾਰ ਐਕਟ ‘ਚ ਸੋਧ ਕਰੇਗੀ।

ਇੱਥੇ ਦੱਸਿਆ ਜਾਂਦਾ ਹੈ ਕਿ ਸੂਬਾ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਵਰਤਣ ਤੇ ਸਜ਼ਾਵਾ ਦੇਣ ਲਈ ਵਿਸਾਖੀ ਵਾਲੇ ਦਿਨ 14 ਅਪ੍ਰੈਲ ਨੂੰ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026’ ‘ਚ ਸੋਧ ਕੀਤੀ ਸੀ। ਐਕਟ ‘ਚ ਭਾਸ਼ਾ, ਸ਼ਬਦਾਂ ਤੇ ਕਈ ਧਰਾਵਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ, ਸਿੱਖ ਵਿਦਵਾਨਾਂ ਨੇ ਇਤਰਾਜ਼ ਉਠਾਏ ਸਨ। ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਤਲਬ ਕਰ ਕੇ ਇਤਰਾਜ਼ ਮੁੱਦਾਂ ਤੇ ਸ਼ਬਦ ਹਟਾਉਣ ਦੀ ਗੱਲ ਕਹੀ, ਪਰ ਮੁੱਖ ਮੰਤਰੀ ਨੇ ਐਕਟ ‘ਚ ਸੋਧ ਕਰਨ ਤੋਂ ਸਪਸ਼ਟ ਮਨ੍ਹਾਂ ਕਰ ਦਿੱਤਾ ਸੀ।

ਇਸ ਤੋਂ ਬਾਅਦ ਸਾਰੇ ਸਿੱਖ ਵਿਧਾਇਕਾਂ ਤੇ ਮੰਤਰੀਆਂ ਨੂੰ ਅਕਾਲ ਤਖ਼ਤ ਸਾਹਿਬ ‘ਤੇ ਤਲਬ ਕੀਤਾ ਗਿਆ। ਬਹੁਤ ਸਾਰੇ ਵਿਧਾਇਕਾਂ ਨੇ ਮੰਨਿਆਂ ਕਿ ਉਨ੍ਹਾਂ ਨੇ ਐਕਟ ਪੜ੍ਹਿਆ ਨਹੀ ਸੀ। ਪੰਜ ਸਿੰਘ ਸਾਹਿਬਾਨ ਨੇ ਵਿਧਾਇਕਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਐਕਟ ‘ਚ ਸੋਧ ਕਰਨ ਦੇ ਹੁਕਮ ਦਿੱਤੇ ਸਨ।

ਜਾਣਕਾਰੀ ਅਨੁਸਾਰ ਹੁਣ ਸਰਕਾਰ ਸਿੱਖ ਧਾਰਮਿਕ ਮਰਿਆਦਾ ਅਨੁਸਾਰ ਕਾਨੂੰਨ ‘ਚ ਸੋਧ ਕਰਨ ਲਈ ਸਹਿਮਤ ਹੋ ਗਈ ਹੈ। ਰਾਜ ਸਰਕਾਰ ਨੇ ਸਿੱਖ ਸੰਗਠਨਾਂ ਵੱਲੋਂ ਉਠਾਏ ਗਏ ਸੁਝਾਵਾਂ ਤੇ ਇਤਰਾਜ਼ਾਂ ਅਨੁਸਾਰ ਕਾਨੂੰਨ ‘ਚ ਸੋਧ ਦਾ ਖਰੜਾ ਤਿਆਰ ਕਰਨ ਲਈ ਵਿਸ਼ੇਸ਼ ਤੌਰ ‘ਤੇ ਕਾਨੂੰਨੀ ਮਾਹਿਰਾਂ ਨੂੰ ਸ਼ਾਮਲ ਕੀਤਾ ਹੈ। ਇਹ ਖਰੜਾ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ।

### ਚਾਰਜਸ਼ੀਟ ’ਚ 52 ਸ਼ਬਦਾਂ ਨੂੰ ਮਰਿਆਦਾ ਅਨੁਸਾਰ ਲਿਖਣ ਦੇ ਹੋ ਚੁੱਕੇ ਹਨ ਹੁਕਮ

ਅਕਾਲ ਤਖ਼ਤ ਸਾਹਿਬ ਵੱਲੋ ਕਾਨੂੰਨ ‘ਚ ਸੋਧ ਕੀਤੇ ਜਾਣ ਦੇ ਹੁਕਮ ਤੋਂ ਬਾਅਦ ਪੰਜਾਬ ਪੁਲਿਸ ਨੇ ਸਮਹੂ ਜ਼ਿੱਿਆਂ ਦੇ ਐੱਸਐੱਸਪੀਜ਼ ਤੇ ਪੁਲਿਸ ਕਮਿਸ਼ਨਰਾਂ ਨੂੰ ਸਿੱਖ ਮਰਿਆਦਾ ਨਾਲ ਸਬੰਧਤ 52 ਸ਼ਬਦਾਂ ਦੀ ਸੂਚੀ ਭੇਜ ਕੇ ਹੁਕਮ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਮਾਮਲਿਆਂ ‘ਚ ਚਾਰਜਸ਼ੀਟ ਦਾਖ਼ਲ ਕਰਨ ਵੇਲੇ ਇਹਨਾਂ ਸ਼ਬਦਾਂ (ਸਿੱਖ ਮਰਿਆਦਾ ਵਾਲੇ ਸ਼ਬਦ) ਦਾ ਅੰਗਰੇਜ਼ੀ ਵਿਚ ਅਨੁਵਾਦ ਕਰਦੇ ਹੋਏ ਵੀ ਪੰਜਾਬੀ ਵਾਂਗ ਲਿਖਣਾ ਹੈ। ਭਾਵ ਪੰਜਾਬੀ ਦਾ ਅੰਗਰੇਜ਼ੀ ਵਿਚ ਲਿਪੀਅੰਤਰ ਕੀਤਾ ਜਾਵੇਗਾ ਅਨੁਵਾਦ ਨਹੀਂ।

## ਹੋਰਮੁਜ਼ ’ਤੇ ਲਵਾਂਗੇ 20% ਟੈਕਸ: ਟਰੰਪ

**ਨਵੀਂ ਦਿੱਲੀ:** ਅਮਰੀਕਾ ਤੇ ਈਰਾਨ ਵਿਚਕਾਰ ਐਤਵਾਰ ਨੂੰ ਸ਼ੁਰੂ ਹੋਇਆ ਫ਼ੌਜੀ ਟਕਰਾਅ ਲਗਾਤਾਰ ਜਾਰੀ ਹੈ। ਇਕ ਦੂਜੇ ‘ਤੇ ਹਮਲਿਆਂ ਵਿਚਾਲੇ ਦੋਵਾਂ ਦੇਸ਼ਾਂ ਨੇ ਸਟ੍ਰੇਟ ਆਫ ਹੋਰਮੁਜ਼ ‘ਤੇ ਆਪੋ-ਆਪਣੇ ਅਧਿਕਾਰ ਦਾ ਦਾਅਵਾ ਕਰਦੇ ਹੋਏ ਤਿੱਖੀ ਬਿਆਨਬਾਜ਼ੀ ਕੀਤੀ।



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਜਲਡਮਰੂਮੱਧ ਦਾ ਕੰਟਰੋਲ ਸੰਭਾਲੇਗਾ ਤੇ ਇਸ ਮਾਰਗ ‘ਤੋਂ ਲੰਘਣ ਵਾਲੇ ਮਾਲ ‘ਤੇ 20 ਫ਼ੀਸਦ ਫੀਸ ਵਸੂਲੇਗਾ। ਉਨ੍ਹਾਂ ਕਿਹਾ ਕਿ ਈਰਾਨ ‘ਤੇ ਅਮਰੀਕੀ ਨਾਕੇਬੰਦੀ ਮੁੜ ਲਾਗੂ ਕੀਤੀ ਜਾਵੇਗੀ। ਇਸ ਦੇ ਜਵਾਬ ‘ਚ ਈਰਾਨ ਨੇ ਕਿਹਾ ਕਿ ਹੋਰਮੁਜ਼ ‘ਤੇ ਉਸ ਦਾ ਪੂਰਾ ਅਧਿਕਾਰ ਹੈ ਤੇ ਅਮਰੀਕੀ ਦਖ਼ਲ ਖ਼ਤਮ ਹੋਣ ਤੱਕ ਉੱਥੋਂ ਜਹਾਜ਼ਾਂ ਦੀ ਆਵਾਜਾਈ ਬੰਦ ਰਹੇਗੀ।

ਹਾਲਾਂਕਿ ਸੇਂਟਕਾਮ ਨੇ ਈਰਾਨੀ ਦਾਅਵੇ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਇਹ ਰਣਨੀਤੀ ਸਮੁੰਦਰੀ ਮਾਰਗ ਖੁੱਲ੍ਹਾ ਹੈ ਤੇ ਪਿਛਲੇ 24 ਘੰਟਿਆਂ ‘ਚ 20 ਜਹਾਜ਼ ਹੋਰਮੁਜ਼ ਪਾਰ ਕਰ ਚੁੱਕੇ ਹਨ। ਉੱਥੇ ਹੀ ਮਰੀਨ ਟ੍ਰੈਫਿਕ ਮੁਤਾਬਕ 10 ਤੋਂ 12 ਜੁਲਾਈ ਵਿਚਾਲੇ ਜਹਾਜ਼ਾਂ ਦੀ ਆਵਾਜਾਈ ‘ਚ 52 ਫ਼ੀਸਦ ਦੀ ਗਿਰਾਵਟ ਦਰਜ ਕੀਤੀ ਗਈ। ਤਣਾਅ ਵਿਚਾਲੇ ਕੱਚੇ ਤੇਲ ਦੀ ਕੀਮਤ ਕਰੀਬ ਚਾਰ ਫ਼ੀਸਦ ਵਧ ਕੇ 1 80 ਡਾਲਰ ਪ੍ਰਤੀ ਬੈਰਲ ਪਹੁੰਚ ਗਈ ਹੈ।

ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਨੇ ਅਮਰੀਕਾ ਨਾਲ ਹੋਇਆ ਇਕ ਤੈਅ ਸਮਝੌਤਾ ਤੋੜ ਦਿੱਤਾ ਹੈ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਦੋਂ ਤੇ ਕਿਸ ਵਿਸ਼ੇ ‘ਤੇ ਹੋਇਆ ਸੀ। ਟਰੰਪ ਨੇ ਟਰੁੱਥ ਸੋਸ਼ਲ ‘ਤੇ ਐਲਾਨ ਕੀਤਾ ਕਿ ਅਮਰੀਕਾ ਹੁਣ ਆਪਣੇ ਆਪ ਨੂੰ ਗਾਰਜੀਅਨ ਆਫ ਦਿ ਹੋਰਮੁਜ਼ ਸਟ੍ਰੇਟ ਦੇ ਰੂਪ ‘ਚ ਸਥਾਪਤ ਕਰੇਗਾ।

ਇਸ ਬਦਲੇ ਅਸੀਂ ਇਸ ਮਾਰਗ ‘ਤੋਂ ਲੰਘਣ ਵਾਲੇ ਸਾਰੇ ਮਾਲ ‘ਤੇ ਸੁਰੱਖਿਆ ਤੇ ਨਿਗਰਾਨੀ ਦੀ ਲਾਗਤ ਦੀ ਭਰਪਾਈ ਲਈ 20 ਫ਼ੀਸਦ ਫੀਸ ਲਵਾਂਗੇ। ਉਨ੍ਹਾਂ ਕਿਹਾ ਕਿ ਇਸ ਵਿਵਸਥਾ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਫ਼ੌਰੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਮਾਰਗ ਪੂਰੀ ਤਰ੍ਹਾਂ ਖੁੱਲ੍ਹਾ ਹੈ ਤੇ ਅੱਗੇ ਵੀ ਖੁੱਲ੍ਹਾ ਹੀ ਰਹੇਗਾ। ਭਾਵੇਂ ਈਰਾਨ ਇਸਦਾ ਸਮਰਥਨ ਕਰੇ ਜਾਂ ਨਾ। ਉਨ੍ਹਾਂ ਨੇ ਐਲਾਨ ਕੀਤਾ ਕਿ ਅਮਰੀਕਾ

*(ਬਾਕੀ ਸਫ਼ਾ 4 ’ਤੇ)*

**India Palace Restaurant**
And Banquet Hall
Best Price Wholesale
Ph: 630-400-0996
*Lakhvir S. Johal*
Ph: 317-709-7800
*Restaurant-Fine Indian Cuisine*
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151

**Bhaura Transport LLC**
*Noblesville, IN*
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ ’ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਅਵਤਾਰ ਸਿੰਘ
ਫੋਨ: 317-403-0493






# ਦੱਖਣੀ ਏਸ਼ਿਆਈ ਲੋਕਾਂ ਨੂੰ ਟਾਈਪ 2 ਡਾਇਬਟੀਜ਼ ਦਾ ਕਿਉਂ ਜ਼ਿਆਦਾ ਖ਼ਤਰਾ ਹੈ ਅਤੇ ਤੁਸੀਂ ਇਸ ਬਾਰੇ ਕੀ ਕਰ ਸਕਦੇ ਹੋ?

ਦੱਖਣੀ ਏਸ਼ਿਆਈ ਭਾਈਚਾਰਿਆਂ ਜਿਵੇਂ ਕਿ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ, ਨੇਪਾਲੀ ਅਤੇ ਸ੍ਰੀਲੰਕਾ ਵਿਚ ਟਾਈਪ 2 ਡਾਇਬਟੀਜ਼ ਮਲਾਈਟਸ (T2DM) ਦੀ ਵਧਦੀ ਸਮੱਸਿਆ, ਚਿੰਤਾ ਦਾ ਵਿਸ਼ਾ ਹੈ। ਖੋਜ ਦਰਸਾਉਂਦੀ ਹੈ ਕਿ ਦੱਖਣੀ ਏਸ਼ਿਆਈ ਲੋਕਾਂ ਵਿਚ ਛੋਟੀ ਉਮਰ ਵਿਚ, ਸਰੀਰ ਦਾ ਭਾਰ ਘੱਟ ਹੋਣ ਕਾਰਣ ਦੂਜੇ ਬਹੁਤ ਸਾਰੇ ਸਮੂਹਾਂ ਨਾਲੋਂ T2DM ਵਿਕਸਤ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਅਤੇ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਲੱਗਦਾ (ਸ਼ੂਗਰ ਵਾਲੇ 46% ਏਸ਼ਿਆਈ ਲੋਕ ਇਸ ਤੋਂ ਅਣਜਾਣ ਹਨ)। T2DM ਉਦੋਂ ਹੁੰਦਾ ਹੈ ਜਦੋਂ ਸਰੀਰ ਨੂੰ ਇਨਸੁਲਿਨ ਦੀ ਵਰਤੋਂ ਕਰਨ ਵਿਚ ਮੁਸ਼ਕਲ ਆਉਂਦੀ ਹੈ, ਜੋ ਕਿ ਇੱਕ ਕੁਦਰਤੀ ਰਸਾਇਣ ਹੈ, ਜੋ ਊਰਜਾ ਲਈ ਖੰਡ ਨੂੰ ਖ਼ੂਨ ਤੋਂ ਸਰੀਰ ਦੇ ਸੈੱਲਾਂ ਵਿਚ ਲੈ ਜਾਂਦਾ ਹੈ। ਨਤੀਜੇ ਵਜੋਂ, ਬਹੁਤ ਜ਼ਿਆਦਾ ਖੰਡ ਖ਼ੂਨ ਵਿਚ ਰਹਿੰਦੀ ਹੈ।

ਅਕਸਰ ਦੱਖਣੀ ਏਸ਼ਿਆਈ ਪਰਿਵਾਰਾਂ ਵਿਚ ਸ਼ੂਗਰ ਵੇਖਣ ਨੂੰ ਮਿਲਦਾ ਹੈ। ਜੇਕਰ ਤੁਹਾਡੇ ਮਾਪਿਆਂ, ਭੈਣ-ਭਰਾਵਾਂ, ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸ਼ੂਗਰ ਹੈ, ਤਾਂ ਤੁਹਾਡੇ ਲਈ ਵੀ ਵੱਧ ਖ਼ਤਰਾ ਹੁੰਦਾ ਹੈ। ਦੱਖਣੀ ਏਸ਼ਿਆਈ ਲੋਕਾਂ ਨੂੰ ਸ਼ੂਗਰ ਹੋ ਸਕਦੀ ਹੈ ਭਾਵੇਂ ਉਹ ਪਤਲੇ ਦਿਖਾਈ ਦਿੰਦੇ ਹਨ ਜਾਂ ਆਮ ਭਾਰ ਰੱਖਦੇ ਹਨ ਕਿਉਂਕਿ ਇਹ ਲੋਕ ਆਪਣੇ ਅੰਦਰੂਨੀ ਅੰਗਾਂ ਦੇ ਆਲੇ-ਦੁਆਲੇ ਵਧੇਰੇ ਚਰਬੀ ਜਮ੍ਹਾਂ ਕਰਦੇ ਰਹਿੰਦੇ ਹਨ। ਇਹ ਚਰਬੀ ਸਰੀਰ ਵਿਚ ਇਨਸੁਲਿਨ ਦਾ ਕੰਮ ਕਰਨਾ ਔਖਾ ਬਣਾਉਂਦੀ ਹੈ ਅਤੇ ਸਮੇਂ ਦੇ ਨਾਲ ਸ਼ੂਗਰ ਦਾ ਕਾਰਨ ਬਣ ਸਕਦੀ ਹੈ। ਠ2ਧ ਵਿਕਸਤ ਹੋਣ ਤੋਂ ਪਹਿਲਾਂ, ਲੋਕਾਂ ਨੂੰ ਹਮੇਸ਼ਾ ਲਗਭਗ ਪ੍ਰੀ-ਡਾਇਬੀਟੀਜ਼ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਬਲੱਡ ਸ਼ੂਗਰ ਦਾ ਪੱਧਰ ਆਮ ਨਾਲੋਂ ਵੱਧ ਹੁੰਦਾ ਹੈ, ਪਰ ਅਜੇ ਤੱਕ ਇੰਨਾ ਉੱਚਾ ਨਹੀਂ ਹੁੰਦਾ ਕਿ ਸ਼ੂਗਰ ਦਾ ਪਤਾ ਲਗਾਇਆ ਜਾ ਸਕੇ। ਪ੍ਰੀ-ਡਾਇਬੀਟੀਜ਼ ਵਾਲੇ ਜ਼ਿਆਦਾਤਰ ਲੋਕਾਂ ਵਿਚ ਕੋਈ ਲੱਛਣ ਨਹੀਂ ਹੁੰਦੇ।

**ਖੁਸ਼ਖਬਰੀ !**

ਜੇਕਰ ਪ੍ਰੀ-ਡਾਇਬੀਟੀਜ਼ ਦਾ ਪਤਾ ਲੱਗ ਜਾਵੇ ਅਤੇ ਜੀਵਨਸ਼ੈਲੀ ਵਿਚ ਬਦਲਾਅ ਜਾਂ ਦਵਾਈ ਦੁਆਰਾ ਜਲਦੀ ਇਲਾਜ ਕੀਤਾ ਜਾਵੇ, ਤਾਂ ਤੁਸੀਂ T2DM ਦੇ ਵਿਕਾਸ ਨੂੰ ਪੂਰੀ ਤਰ੍ਹਾਂ ਰੋਕ ਸਕਦੇ ਹੋ।

ਬਹੁਤ ਸਾਰੇ ਰਵਾਇਤੀ ਦੱਖਣੀ ਏਸ਼ਿਆਈ ਭੋਜਨਾਂ ਵਿਚ ਪੌਸ਼ਟਿਕ ਤੱਤ ਸ਼ਾਮਲ ਹੁੰਦੇ ਹਨ ਜਿਵੇਂ ਕਿ ਸਬਜ਼ੀਆਂ ਅਤੇ ਦਾਲਾਂ। ਹਾਲਾਂਕਿ, ਚਿੱਟੇ ਚੌਲ, ਨਾਨ, ਪਰਾਂਠਾ, ਤਲੇ ਹੋਏ ਭੋਜਨ, ਮਿਠਾਈਆਂ ਅਤੇ ਮਿੱਠੇ ਪੀਣ ਵਾਲੇ ਪਦਾਰਥਾਂ ਦੇ ਵੱਡੇ ਹਿੱਸੇ ਖਾਣ ਨਾਲ ਬਲੱਡ ਸ਼ੂਗਰ ਦਾ ਪੱਧਰ ਵਧਦਾ ਹੈ। ਜੀਵਨ ਵਿਚ ਛੋਟੀਆਂ ਤਬਦੀਲੀਆਂ ਮਦਦ ਕਰ ਸਕਦੀਆਂ ਹਨ। ਖਾਣੇ ਵਿਚ ਹੋਰ ਸਬਜ਼ੀਆਂ ਸ਼ਾਮਲ ਕਰਨ ਦੀ ਕੋਸ਼ਿਸ਼ ਕਰੋ, ਖਾਣਿਆਂ ਨੂੰ ਜ਼ਿਆਦਾ ਨਾ ਪਕਾਓ, ਸਾਬਤ ਅਨਾਜ ਦੀ ਚੋਣ ਕਰੋ, ਅਤੇ ਮਿੱਠੇ ਪੀਣ ਵਾਲੇ ਪਦਾਰਥ ਅਤੇ ਮਿਠਾਈਆਂ ਨੂੰ ਘਟਾਓ। ਭੂਰੇ ਚੌਲ, ਰੋਟੀ ਲਈ ਸਾਬਤ ਕਣਕ, ਟੁੱਟੀ ਕਣਕ (ਦਲੀਆ), ਕੁਇਨੋਆ, ਜੌਂ, ਅਤੇ ਬਾਜਰਾ (ਬਾਜਰਾ ਜਾਂ ਰਾਗੀ) ਵਰਗੇ ਸਾਬਤ ਅਨਾਜ ਵਧੇਰੇ ਫਾਈਬਰ ਪ੍ਰਦਾਨ ਕਰਦੇ ਹਨ ਅਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਸਥਿਰ ਰੱਖਣ ਵਿਚ ਮਦਦ ਕਰਦੇ ਹਨ।

ਸ਼ੂਗਰ ਅਕਸਰ ਹੌਲੀ-ਹੌਲੀ ਵਿਕਸਤ ਹੁੰਦੀ ਹੈ। ਸ਼ੁਰੂਆਤੀ ਲੱਛਣਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਬਹੁਤ ਪਿਆਸ ਜਾਂ ਭੁੱਖ ਮਹਿਸੂਸ ਕਰਨਾ
- ਵਾਰ-ਵਾਰ ਪਿਸ਼ਾਬ ਕਰਨਾ
- ਥਕਾਵਟ ਮਹਿਸੂਸ ਕਰਨਾ ਜਾਂ ਘੱਟ ਊਰਜਾ ਹੋਣਾ
- ਧੁੰਦਲੀ ਨਜ਼ਰ
- ਹੌਲੀ-ਠੀਕ ਹੋਣ ਵਾਲੇ ਕੱਟ ਜਾਂ ਜ਼ਖ਼ਮ
- ਅਚਾਨਕ ਭਾਰ ਘਟਣਾ
- ਖਾਂਦੇ ਸਮੇਂ ਭਾਰੀ ਪਸੀਨਾ ਆਉਣਾ, ਭਾਵੇਂ ਭੋਜਨ ਹਲਕਾ ਹੋਵੇ

ਜੇਕਰ ਇਲਾਜ ਨਾ ਕੀਤਾ ਜਾਵੇ, ਤਾਂ ਸ਼ੂਗਰ ਨਸਾਂ ਨੂੰ ਨੁਕਸਾਨ (ਝਣਝਣ ਜਾਂ ਪੈਰ ਸੁੰਨ), ਨਜ਼ਰ ਦਾ ਨੁਕਸਾਨ ਕਰ ਸਕਦੀ ਹੈ, ਗੁਰਦੇ ਦੀ ਬਿਮਾਰੀ, ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦਾ ਕਾਰਨ ਬਣ ਸਕਦੀ ਹੈ। ਸ਼ੂਗਰ ਦਾ ਜਲਦੀ ਪਤਾ ਲਗਾਉਣਾ ਅਤੇ ਇਸਦਾ ਚੰਗੀ ਤਰ੍ਹਾਂ ਪ੍ਰਬੰਧਨ ਕਰਨਾ ਇਨ੍ਹਾਂ ਸਿਹਤ ਸਮੱਸਿਆਵਾਂ ਨੂੰ ਰੋਕਦਾ ਹੈ।

35 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਨੂੰ ਆਪਣੇ ਡਾਕਟਰ ਤੋਂ ਸ਼ੂਗਰ ਦੀ ਜਾਂਚ ਬਾਰੇ ਪੁੱਛਣਾ ਚਾਹੀਦਾ ਹੈ, ਖਾਸ ਕਰਕੇ ਜੇਕਰ ਉਨ੍ਹਾਂ ਦਾ ਪਰਿਵਾਰਕ ਇਤਿਹਾਸ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਉੱਚ ਕੋਲੇਸਟ੍ਰੋਲ, ਜਾਂ ਗਰਭ ਅਵਸਥਾ ਦੌਰਾਨ ਸ਼ੂਗਰ ਦਾ ਇਤਿਹਾਸ ਹੈ। ਸ਼ੂਗਰ ਦਾ ਪਤਾ ਸਧਾਰਨ ਖ਼ੂਨ ਦੇ ਟੈਸਟਾਂ ਜਿਵੇਂ ਕਿ ੳ1ਛ ਟੈਸਟ ਜਾਂ ਵਰਤ ਰੱਖਣ ਵਾਲੇ ਬਲੱਡ ਸ਼ੂਗਰ ਟੈਸਟ ਰਾਹੀਂ ਲਗਾਇਆ ਜਾ ਸਕਦਾ ਹੈ।

ਸ਼ੂਗਰ ਦੇ ਜੋਖਮ ਦੀ ਜਾਂਚ ਸੂਚੀ

* ਦੱਖਣੀ ਏਸ਼ਿਆਈ
* ਪਰਿਵਾਰਕ ਇਤਿਹਾਸ
* ਉਮਰ 35+
* ਹਾਈ ਬਲੱਡ ਪ੍ਰੈਸ਼ਰ ਜਾਂ ਕੋਲੈਸਟ੍ਰੋਲ
* ਸਰੀਰਕ ਤੌਰ 'ਤੇ ਅਕਿਰਿਆਸ਼ੀਲ
* ਜ਼ਿਆਦਾ ਭਾਰ ਜਾਂ ਮੋਟਾਪਾ
* ਗਰਭ ਅਵਸਥਾ ਦੌਰਾਨ ਸ਼ੂਗਰ

Montgomery County DHHS ਵਿਖੇ Asian American Health Initiative ਕਮਿਊਨਿਟੀ ਮੈਂਬਰਾਂ ਨੂੰ ਸਕ੍ਰੀਨਿੰਗ ਕਰਵਾਉਣ ਅਤੇ ਸਿਹਤਮੰਦ ਜੀਵਨ ਸ਼ੈਲੀ ਦੇ ਵਿਕਲਪ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ। ਨਿਵਾਸੀ DHHS, Holy Cross Health, Johns Hopkins Medicine, ਅਤੇ MedStar Montgomery ਰਾਹੀਂ ਸਥਾਨਕ ਸ਼ੂਗਰ ਰੋਕਥਾਮ ਅਤੇ ਪ੍ਰਬੰਧਨ ਪ੍ਰੋਗਰਾਮਾਂ ਬਾਰੇ ਸਿੱਖ ਸਕਦੇ ਹਨ। ਸਕ੍ਰੀਨਿੰਗ ਅਤੇ ਉਪਲਬਧ ਭਾਈਚਾਰਕ ਸਰੋਤਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

# ਅੰਮ੍ਰਿਤਪਾਲ ਸਿੰਘ ਦੀ ਵਰਚੁਅਲ ਪੇਸ਼ੀ 21 ਨੂੰ

**ਅੰਮ੍ਰਿਤਸਰ:**ਤਰਨਤਾਰਨ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਸੋਮਵਾਰ ਦੁਪਹਿਰ ਵੀਡੀਓ ਕਾਨਫਰੰਸਿੰਗ ਰਾਹੀਂ ਅੰਮ੍ਰਿਤਸਰ ਦੀ ਅਦਾਲਤ 'ਚ ਪੇਸ਼ੀ ਕਰਵਾਈ ਗਈ। ਕੋਰਟ ਨੇ ਅਗਲੀ ਤਰੀਕ 21 ਜੁਲਾਈ ਨੂੰ ਯਕੀਨੀ ਬਣਾਈ ਹੈ। ਮੁਲਜ਼ਮ ਅੰਮ੍ਰਿਤਪਾਲ ਸਿੰਘ ਮੌਜੂਦਾ ਸਮੇਂ 'ਚ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹਨ। ਅੰਮ੍ਰਿਤਪਾਲ ਸਿੰਘ ਨੇ ਫਰਵਰੀ 2022 'ਚ ਧਾਰਮਿਕ ਯਾਤਰਾ ਦੀ ਆੜ 'ਚ ਹਜ਼ਾਰਾਂ ਸਮਰਥਕਾਂ ਦੇ ਨਾਲ ਥਾਣਾ ਅਜਨਾਲਾ 'ਤੇ ਹਮਲਾ ਕਰ ਦਿੱਤਾ ਸੀ।

# ਪਾਕਿਸਤਾਨ 'ਚ ਲੁੱਟ ਦੌਰਾਨ ਹਿੰਦੂ ਡਾਕਟਰ ਦਾ ਕਤਲ

ਕਰਾਚੀ:ਪਾਕਿਸਤਾਨ ਵਿਚ ਲੁੱਟਮਾਰ ਦੌਰਾਨ 28 ਸਾਲਾ ਹਿੰਦੂ ਡਾਕਟਰ ਦਾ ਕਤਲ ਕਰ ਦਿੱਤਾ ਗਿਆ। ਇਹ ਘਟਨਾ ਕਰਾਚੀ ਲਾਗੇ ਕਲਿਫਟਨ ਇਲਾਕੇ ਵਿਚ ਵਾਪਰੀ ਹੈ। ਡਾ. ਆਕਾਸ਼ ਆਪਣੇ ਪਿਤਾ ਅਤੇ ਚਚੇਰੇ ਭਰਾ ਨਾਲ ਇਕ ਹੋਰ ਬੈਂਕ ਤੋਂ 50 ਲੱਖ ਰੁਪਏ ਕਢਾ ਕੇ ਲਿਆਇਆ ਸੀ। ਸਾਰੇ ਜਣੇ 25 ਲੱਖ ਰੁਪਏ ਦੂਜੇ ਬੈਂਕ ਵਿਚ ਜਮ੍ਹਾਂ ਕਰਨ ਲਈ ਲੈ ਕੇ ਜਾ ਰਹੇ ਸਨ, ਜਦੋਂ ਉਨ੍ਹਾਂ ਨੇ ਬੈਂਕ ਦੇ ਬਾਹਰ ਕਾਰ ਰੋਕੀ ਤਾਂ ਇਕ ਹੋਰ ਕਾਰ ਉਨ੍ਹਾਂ ਦੇ ਪਿੱਛੇ ਰੁਕੀ ਅਤੇ ਲੁਟੇਰਿਆਂ ਨੇ ਲੁੱਟਣ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ, ਬੈਂਕ ਦੇ ਸੁਰੱਖਿਆ ਗਾਰਡ ਨੇ ਗੋਲੀ ਚਲਾ ਦਿੱਤੀ, ਜਵਾਬ ਵਿਚ ਲੁਟੇਰਿਆਂ ਨੇ ਵੀ ਗੋਲੀ ਚਲਾਈ, ਇਸ ਘਟਨਾ ਦੌਰਾਨ ਡਾਕਟਰ ਦੀ ਮੌਤ ਹੋ ਗਈ। ਲੁਟੇਰੇ 25 ਲੱਖ ਰੁਪਏ ਦਾ ਪੈਕੇਟ ਲੈ ਕੇ ਫ਼ਰਾਰ ਹੋ ਗਏ।






# ਬੀਬੀ ਖਾਲੜਾ ਵਲੋਂ ਲੋਕ ਕਮਿਸ਼ਨ ਦੇ ਗਠਨ ਦੀ ਮੰਗ

**ਤਰਨ ਤਾਰਨ:**ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦੇ ਆਪਣੀ ਜਾਨ ਗਵਾਉਣ ਵਾਲੇ ਭਾਈ ਜਸਵੰਤ' ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਜਿਥੇ ਕੌਮ ਦੇ ਨਾਂਅ ਇਕ ਭਾਵੁਕ ਸੰਦੇਸ਼ ਜਾਰੀ ਕੀਤਾ ਹੈ, ਉਥੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਕੀਤੀ ਹੈ. ਕਿ ਉਹ ਪੰਜਾਬ ਵਿਚ 80 ਅਤੇ 90 ਦੇ ਦਹਾਕਿਆਂ ਦੌਰਾਨ ਲਾਪਤਾ ਕੀਤੇ ਗਏ ਲੋਕਾਂ, ਲਾਵਾਰਿਸਾਂ ਲਾਸ਼ਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਲੋਕਾਂ ਦੀ ਅਸਲ ਗਿਣਤੀ ਸਾਹਮਣੇ ਲਿਆਉਣ ਲਈ ਇਕ ਲੋਕ ਕਮਿਸ਼ਨ ਦਾ ਗਠਨ ਕਰਵਾਉਣ ਅਤੇ ਅਣਪਛਾਤੀਆਂ ਲਾਸ਼ਾਂ, ਜਿਨ੍ਹਾਂ ਦੀ ਪਛਾਣ ਜਸਵੰਤ ਸਿੰਘ ਖਾਲੜਾ ਨੇ ਆਪਣੀ ਸ਼ਹਾਦਤ ਨਾਲ ਕੀਤੀ, ਨੂੰ ਕੇਂਦਰੀ ਸਿੱਖ ਅਜਾਇਬ ਘਰ ਵਿਚ ਉਨ੍ਹਾਂ ਨੂੰ ਬਣਦਾ ਸਤਿਕਾਰ ਦਿੱਤਾ। ਜਾਵੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਉਨ੍ਹਾਂ ਪੀੜਤ ਪਰਿਵਾਰਾਂ ਦੀ ਮਾਲੀ ਮਦਦ ਵੀ ਕਰੇ। ਮੈਂ ਪੰਜਾਬ, ਸਮੁੱਚੇ ਸਿੱਖ ਪੰਥ ਅਤੇ ਦੁਨੀਆਂ ਭਰ ਦੇ . ਲੋਕ, ਜੋ ਮਨੁੱਖੀ ਹੱਕਾਂ 'ਤੇ ਨਿਆਂ ਵਿਚ ਵਿਸ਼ਵਾਸ ਰੱਖਦੇ ਹਨ, ਸੱਚ ਨੂੰ ਲੱਭਣ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਤਰਲਾ ਕਰਦੀ ਹਾਂ।



## ਭਵਿੱਖ ਵਿਚ ਕੋਈ ਵੀ ਚੋਣ ਨਹੀਂ ਲੜਾਂਗੀ: ਬੀਬੀ ਖਾਲੜਾ

ਬੀਬੀ ਪਰਮਜੀਤ ਕੌਰ ਖਾਲੜਾ, ਜੋ ਕਿ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਦੀ ਚੋਣ ਲੜ ਚੁੱਕੇ ਹਨ ਅਤੇ ਉਨ੍ਹਾਂ ਨੂੰ ਜਿੱਤ ਨਸੀਬ ਨਹੀਂ ਹੋਈ ਸੀ। ਮੌਜੂਦਾ ਹਾਲਾਤ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਬੀਬੀ ਖਾਲੜਾ ਨੇ ਸਪੱਸ਼ਟ ਕੀਤਾ ਕਿ ਉਹ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਚੋਣ ਨਹੀਂ ਲੜੇਗੀ, ਜਿਸ ਨਾਲ ਵੱਖ-ਵੱਖ ਸਿਆਸੀ ਅਤੇ ਧਾਰਮਿਕ ਜਥੇਬੰਦੀਆਂ ਵਿਚ ਬੀਬੀ ਖਾਲੜਾ ਦੇ ਵਿਧਾਨ ਸਭਾ ਚੋਣਾਂ ਲੜਨ ਦੀਆਂ ਲਗਾਈਆਂ ਜਾ ਰਹੀਆਂ ਕਿਆਸ ਅਰਾਈਆਂ ਨੂੰ ਵਿਸ਼ਰਾਮ ਚਿੰਨ੍ਹ ਲੱਗ ਗਿਆ ਹੈ।

# ਆਖ਼ਰ ਕਿੱਥੇ ਗਿਆ ਡੀ.ਐਸ.ਪੀ ਜਸਪਾਲ ਸਿੰਘ?

### ਪੈਰੋਲ ਤੋਂ ਵਾਪਸ ਜੇਲ੍ਹ ਨਾ ਪਰਤਣ 'ਤੇ 3 ਸਾਲਾਂ ਬਾਅਦ ਸ਼ੁਰੂ ਹੋਈ ਭਾਲ

**ਚੰਡੀਗੜ੍ਹ:**ਪੰਜਾਬ ਦੇ ਖਾੜਕੂਵਾਦ ਵਿਰੋਧੀ ਦੌਰ ਦੀ ਗੱਲ ਹੁੰਦੀ ਹੈ ਤਾਂ ਤਰਨਤਾਰਨ ਦੇ ਸਾਬਕਾ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਅਜੀਤ ਸਿੰਘ ਸੰਧੂ ਦਾ ਨਾਂਅ ਸਭ ਤੋਂ ਵੱਧ ਵਿਵਾਦਾਂ ਨਾਲ ਜੁੜੇ ਪੁਲਿਸ ਅਧਿਕਾਰੀਆਂ ਵਿਚ ਲਿਆ ਜਾਂਦਾ ਹੈ। ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਵਿਚ ਉਨ੍ਹਾਂ ਦਾ ਨਾਂਅ ਸਾਹਮਣੇ ਆਉਣ ਤੋਂ ਬਾਅਦ ਉਹ ਕੌਮੀ ਪੱਧਰ 'ਤੇ ਚਰਚਾ ਦਾ ਕੇਂਦਰ ਬਣੇ। ਭਾਵੇਂ 1997 'ਚ ਉਨ੍ਹਾਂ ਖ਼ੁਦਕੁਸ਼ੀ ਕਰ ਲਈ ਸੀ, ਪਰ ਅੱਜ ਵੀ ਇਹ ਸਵਾਲ ਅਕਸਰ ਉੱਠਦਾ ਹੈ ਕਿ ਅਜੀਤ ਸਿੰਘ ਸੰਧੂ ਨਾਲ ਜੁੜੇ ਵਿਵਾਦਾਂ ਦਾ ਪੂਰਾ ਸੱਚ ਕੀ ਸੀ ਅਤੇ ਪੰਜਾਬ ਦੇ ਉਸ ਦੌਰ ਦੇ ਕਈ ਸਫ਼ੇ ਅਜੇ ਵੀ ਕਿਉਂ ਅਣਸੁਲਝੇ ਹਨ? ਖਾਲੜਾ ਕਤਲ ਕਾਂਡ 'ਚ ਪਟਿਆਲਾ ਦੀ ਸੀ. ਬੀ. ਆਈ ਅਦਾਲਤ ਨੇ 2005 'ਚ ਤਤਕਾਲੀ ਡੀ.ਐਸ.ਪੀ. ਜਸਪਾਲ ਸਿੰਘ ਅਤੇ ਏ.ਐੱਸ.ਆਈ ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।



*ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ, ਤਤਕਾਲੀ ਡੀ.ਐਸ.ਪੀ. ਜਸਪਾਲ ਸਿੰਘ*

ਐੱਸ.ਐੱਚ.ਓ ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ, ਸਤਨਾਮ ਸਿੰਘ ਅਤੇ ਹੈੱਡ ਕਾਂਸਟੇਬਲ ਪ੍ਰਿਥੀਪਾਲ ਸਿੰਘ ਨੂੰ ਸੱਤ-ਸੱਤ ਸਾਲ ਦੀ ਸਜ਼ਾ ਦਿੱਤੀ ਗਈ ਸੀ। ਬਾਅਦ ਵਿਚ ਪੰਜਾਬ ਅਤੇ ਹਰਿਆਣਾ . ਹਾਈ ਕੋਰਟ ਨੇ ਡੀ.ਐੱਸ.ਪੀ. ਜਸਪਾਲ ਸਿੰਘ ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ, ਏ.ਐੱਸ.ਆਈ ਅਮਰਜੀਤ ਸਿੰਘ ਨੂੰ ਬਰੀ ਕਰ ਦਿੱਤਾ ਅਤੇ ਬਾਕੀ ਚਾਰ ਦੋਸ਼ੀਆਂ ਦੀ ਸਜ਼ਾ ਸੱਤ ਸਾਲ ਤੋਂ ਵਧਾ ਕੇ ਉਮਰ ਕੈਦ ਕਰ ਦਿੱਤੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ਨੂੰ ਬੇਹੱਦ ਗੰਭੀਰ ਅਤੇ ਘਿਣੌਣਾ- ਅਪਰਾਧ ਮੰਨਦਿਆਂ ਦੋਸ਼ੀਆਂ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਅਤੇ ਸਪੱਸ਼ਟ ਕੀਤਾ ਕਿ ਉਹ ਕੁਦਰਤੀ ਮੌਤ ਤੱਕ ਉਮਰ ਕੈਦ ਦੀ ਸਜ਼ਾ ਭੁਗਤਣਗੇ।

ਖਾਲੜਾ ਕਤਲ ਕਾਂਡ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਡੀ.ਐਸ.ਪੀ. ਜਸਪਾਲ ਸਿੰਘ ਦੀ ਆਖ਼ਰ 3 ਸਾਲਾਂ ਬਾਅਦ ਭਾਲ ਸ਼ੁਰੂ ਹੋ ਗਈ ਹੈ। ਨਾਭਾ ਓਪਨ ਐਗਰੀਕਲਚਰਲ ਜੇਲ੍ਹ ਪ੍ਰਸ਼ਾਸਨ ਨੇ ਰੁਟੀਨ ਤਸਦੀਕ ਦੌਰਾਨ ਉਨ੍ਹਾਂ ਦੇ ਨਾ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਨਾਲ ਸੰਪਰਕ ਕੀਤਾ ਹੈ। ਦੱਸ ਦਈਏ ਕਿ ਜਸਪਾਲ ਸਿੰਘ ਨੂੰ ਮਈ 2023 ਵਿਚ ਇਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ 'ਤੇ ਰਿਹਾਈ ਮਿਲੀ ਸੀ।

ਜੇਲ੍ਹ ਪ੍ਰਸ਼ਾਸਨ ਅਨੁਸਾਰ ਇਹ ਕਾਰਵਾਈ ਨਿਯਮਤ ਤਸਦੀਕ ਪ੍ਰਕਿਰਿਆ ਦਾ ਹਿੱਸਾ ਹੈ। ਸਭ ਤੋਂ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਜੇ ਜਸਪਾਲ ਸਿੰਘ 2023 ਤੋਂ ਜੇਲ੍ਹ ਵਾਪਸ ਨਹੀਂ ਪਰਤਿਆ ਤਾਂ ਉਸ ਦੀ ਭਾਲ ਤਿੰਨ ਸਾਲਾਂ ਬਾਅਦ ਹੀ ਕਿਉਂ ਸ਼ੁਰੂ ਹੋਈ? ਇਸ ਘਟਨਾਕ੍ਰਮ ਨੇ ਜੇਲ੍ਹ ਪ੍ਰਸ਼ਾਸਨ ਅਤੇ ਪੁਲਿਸ ਪ੍ਰਣਾਲੀ ਦੀ ਕਾਰਗੁਜ਼ਾਰੀ 'ਤੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਦੀ ਭਾਲ ਹੁਣ ਸ਼ੁਰੂ ਹੋਈ ਹੈ। ਨਾਭਾ ਓਪਨ ਐਗਰੀਕਲਚਰਲ ਜੇਲ੍ਹ ਪ੍ਰਸ਼ਾਸਨ ਨੇ ਰੁਟੀਨ ਤਸਦੀਕ ਦੌਰਾਨ ਉਸ ਦੇ ਨਾ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਨਾਲ ਸੰਪਰਕ ਕੀਤਾ ਹੈ। ਇਸ ਦੇ ਬਾਵਜੂਦ, ਇੱਕ ਹੋਰ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਅਜਿਹੇ ਗੰਭੀਰ ਅਪਰਾਧ ਵਿਚ ਦੋਸ਼ੀ 'ਕਰਾਰ ਦਿੱਤੇ ਗਏ ਡੀ.ਐੱਸ.ਪੀ. ਜਸਪਾਲ ਸਿੰਘ ਨੂੰ ਨਾਭਾ ਓਪਨ ਐਗਰੀਕਲਚਰਲ ਜੇਲ੍ਹ ਵਿਚ ਕਿਸ ਆਧਾਰ 'ਤੇ ਭੇਜਿਆ ਗਿਆ।

ਜੇਲ੍ਹ ਨਿਯਮਾਂ ਅਨੁਸਾਰ ਓਪਨ ਜੇਲ੍ਹਾਂ ਵਿਚ ਆਮ ਤੌਰ 'ਤੇ ਚੰਗੇ ਵਤੀਰੇ ਵਾਲੇ ਅਤੇ ਘੱਟ ਜੋਖ਼ਮ ਵਾਲੇ ਕੈਦੀਆਂ ਨੂੰ ਰੱਖਿਆ ਜਾਂਦਾ ਹੈ। ਸੂਤਰਾਂ ਮੁਤਾਬਕ 2025 ਦੌਰਾਨ ਜਸਪਾਲ ਸਿੰਘ ਵਲੋਂ ਜੇਲ੍ਹ ਸੁਪਰਡੈਂਟ ਨਾਲ ਸੰਪਰਕ ਵੀ ਕੀਤਾ ਗਿਆ ਸੀ। ਜੇਕਰ ਇਹ ਤੱਥ ਸਹੀ ਹਨ ਤਾਂ ਫਿਰ ਇਹ ਸਵਾਲ ਹੋਰ ਵੀ ਗੰਭੀਰ ਹੋ ਜਾਂਦਾ ਹੈ ਕਿ ਉਸ ਸਮੇਂ ਉਸ ਨੂੰ ਹਿਰਾਸਤ ਵਿਚ ਕਿਉਂ ਨਹੀਂ ਲਿਆ ਗਿਆ।

ਮਾਮਲੇ ਦਾ ਇਕ ਹੋਰ ਹੈਰਾਨ ਕਰਨ ਵਾਲਾ ਪੱਖ ਇਹ ਵੀ ਹੈ ਕਿ ਉਪਲਬਧ ਜਾਣਕਾਰੀ ਅਨੁਸਾਰ ਜੇਲ੍ਹ ਜਾਂ ਪੁਲਿਸ ਵਿਭਾਗ ਦੇ ਰਿਕਾਰਡ ਵਿਚ ਅਜੇ ਤੱਕ ਜਸਪਾਲ ਸਿੰਘ ਨੂੰ ਅਧਿਕਾਰਤ ਤੌਰ 'ਤੇ ਭਗੌੜਾ ਕਰਾਰ ਨਹੀਂ ਦਿੱਤਾ ਗਿਆ। ਇਸ ਕਾਰਨ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਜਦੋਂ ਕੋਈ ਸਜ਼ਾਯਾਫ਼ਤਾ ਕੈਦੀ ਨਿਰਧਾਰਿਤ ਸਮੇਂ 'ਤੇ ਵਾਪਸ ਨਹੀਂ ਪਰਤਦਾ। ਤਾਂ ਕਾਨੂੰਨੀ ਕਾਰਵਾਈ ਵਿਚ ਇੰਨੀ ਦੇਰੀ ਕਿਉਂ ਹੋਈ। ਦੂਜੇ ਪਾਸੇ, ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸਤਲੁਜ' ਨੂੰ ਲੈ ਕੇ ਛਿੜੇ ਵਿਵਾਦ ਨੇ ਵੀ ਇਸ ਪੂਰੇ ਮਾਮਲੇ ਨੂੰ ਮੁੜ ਸੁਰਖੀਆਂ ਵਿਚ ਲਿਆ ਦਿੱਤਾ ਹੈ। ਇਸ ਕਾਰਨ ਪੰਜਾਬ ਦੇ ਉਸ ਦੌਰ ਦੀਆਂ ਘਟਨਾਵਾਂ ਅਤੇ ਅਦਾਲਤੀ ਕਾਰਵਾਈ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਈਆਂ ਹਨ।

# Matrimonials

## ਲੜਕੇ ਦੀ ਲੋੜ ਹੈ

ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਪੜ੍ਹੇ-ਲਿਖੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ 'ਤੇ ਆਏ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ +91 77105-18103 ਜਾਂ 734-444-5774 'ਤੇ ਸੰਪਰਕ ਕਰਨ। 27-30

## ਲੜਕੀ ਦੀ ਲੋੜ ਹੈ

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਉਮਰ 38 ਸਾਲ, 5'-11" ਲੰਬਾ, USA ਤੋਂ Master Degree Holder, ਸਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੌਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ, ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ. ਵਧੇਰੇ ਜਾਣਕਾਰੀ ਲਈ ਅੱਜ ਹੀ+1 (510) 558-5650 'ਤੇ ਕਾਲ ਕਰੋ ਜਾਂ +91 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

24-27

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


# PUNJAB DJ

**Our company is located in Chicago**

**We do all types of Parties**

***Wedding *Private Parties *Birthdays *Engagements *Retirement Parties *Corporate Parties & much more**

**We provide standard equipments, lighting and digital turntables.**

**Contact: 708-996-7315**

**E-Mail: Punjabdj06@gmail.com**



# Infinity Truck Repair

**ਮੋਬਾਈਲ ਟਰੱਕ ਰਿਪੇਅਰ ਸੇਵਾ- ਜਿੱਥੇ ਟਰੱਕ ਓਥੇ ਸੇਵਾ!**

**Serving Chicagoland and surrounding areas!**

## ਸੇਵਾਵਾਂ/Services

* Yard PM's/DOT inspections
* Brakes and wheel seal jobs.
* Check Engine Light issues
* Battery and No start Issue
* Tire swap and replacement
* Air Leaks and brake chambers
* Other General Repairs

* ਇਮਾਨਦਾਰ ਕੰਮ, ਤੇਜ਼ ਸੇਵਾ, ਸਹੀ ਰੇਟ
* ਪੰਜਾਬੀ ਟਰੱਕਰ ਵੀਰਾਂ ਲਈ ਭਰੋਸੇਯੋਗ ਸੇਵਾ

**Contact: Cheema: 224-966-8657**

**Stay onTrack, we have got your back!**



**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

**847-359-0746**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਈਰਾਨ ਦੀ ਰਿਵੈਂਜ ਲਿਸਟ ’ਚ ਟਰੰਪ ਸਣੇ 12 ਲੀਡਰ

ਏ.ਐੱਨ.ਆਈ. ਮੁਤਾਬਕ, ਈਰਾਨ ਦੇ ਸੁਪਰੀਮ ਲੀਡਰ ਮੋਜ਼ਤਬਾ ਖਾਮਨੇਈ ਨੇ ਆਪਣੇ ਪਹਿਲੇ ਜਨਤਕ ਸੰਬੋਧਨ ‘ਚ 12 ਕੌਮਾਂਤਰੀ ਨੇਤਾਵਾਂ ਦੀ ਇਕ ਰਿਵੈਂਜ ਲਿਸਟ ਜਾਰੀ ਕੀਤੀ। ਇਸ ‘ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਇਜ਼ਰਾਈਲ ਦੇ ਪ੍ਰਧਾਨਮੰਤਰੀ ਬੇਂਜਾਮਿਨ ਨੇਤਨਯਾਹੂ, ਬਰਤਾਨੀ ਦੇ ਪ੍ਰਧਾ ਮੰਤਰੀ ਕੀਰ ਸਟਾਰਮਰ, ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ, ਇਟਰੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ, ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਰੱਖਿਆ ਮੰਤਰੀ ਹੋਗਸੇਥ, ਸੇਂਟਕਾਮ ਬੈਡ ਕੂਪਰ, ਇਜ਼ਰਾਈਲ ‘ਚ ਅਮਰੀਕੀ ਰਾਜਦੂਤ ਮਾਈਕ ਹਕਾਬੀ, ਇਜ਼ਰਾਇਲੀ ਫ਼ੌਜ ਮੁਖੀ ਏਆਲ ਜਾਮਿਰ ਤੇ ਵਿਦੇਸ਼ ਮੰਤਰੀ ਗਿਦੀਓਯਨ ਸਾਰ ਦੇ ਨਾਂ ਸ਼ਾਮਲ ਹਨ।




# ਸਿੱਖ ਧਰਮ ਨੂੰ ਅੱਤਵਾਦ ਨਾਲ ਜੋੜਨਾ ਗਲਤ: ਬਿੱਟੂ

**ਨਵੀਂ ਦਿੱਲੀ:** ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਕਿਸੇ ਧਰਮ ਜਾਂ ਭਾਈਚਾਰੇ ਨਾਲ ਨਹੀਂ, ਸਗੋਂ ਅੱਤਵਾਦ ਅਤੇ ਹਿੰਸਾ ਨਾਲ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਸ਼ਾਂਤੀ, ਹਿੰਮਤ, ਕੁਰਬਾਨੀ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦਾ ਹੈ, ਇਸ ਲਈ ਇਸ ਨੂੰ ਅੱਤਵਾਦ ਨਾਲ ਜੋੜਨਾ ਗਲਤ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਹਰ ਖੇਤਰ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ, ਜਦਕਿ ਅੱਤਵਾਦ ਦੇ ਦੌਰ ਵਿੱਚ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ, ਜਿਨ੍ਹਾਂ ਨੂੰ ਵੀ ਬਰਾਬਰ ਸਨਮਾਨ ਮਿਲਣਾ ਚਾਹੀਦਾ ਹੈ। ਬਿੱਟੂ ਨੇ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸੁਤੰਤਰ ਜਾਂਚ ਕਮਿਸ਼ਨ ਦੀ ਮੰਗ ਦਾ ਸਮਰਥਨ ਕਰਦਿਆਂ ਕਿਹਾ ਕਿ ਜਸਵੰਤ ਸਿੰਘ ਖਾਲੜਾ ਮਾਮਲੇ ਸਮੇਤ ਉਸ ਦੌਰ ਦੀਆਂ ਸਾਰੀਆਂ ਘਟਨਾਵਾਂ ਦੀ ਨਿਰਪੱਖ ਅਤੇ ਸਮੇਂਬੱਧ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਫ਼ਿਲਮ ਸਤਲੁਜ ਵਿੱਚ ਦਰਸਾਏ ਕੁਝ ਅੰਕੜਿਆਂ ਅਤੇ ਇਤਿਹਾਸਕ ਤੱਥਾਂ ਦੀ ਵੀ ਨਿਰਪੱਖ ਜਾਂਚ ਹੋਣੀ ਲਾਜ਼ਮੀ ਹੈ। ਬਿੱਟੂ ਨੇ ਕਿਹਾ ਕਿ ਉਨ੍ਹਾਂ ਦੇ ਦਾਦਾ ਬੇਅੰਤ ਸਿੰਘ ਅਤੇ ਜਸਵੰਤ ਸਿੰਘ ਖਾਲੜਾ ਦੋਵੇਂ ਉਸ ਦੌਰ ਦੀ ਹਿੰਸਾ ਦੇ ਪੀੜਤ ਰਹੇ ਹਨ, ਇਸ ਲਈ ਕਿਸੇ ਵੀ ਪੀੜਤ ਦੇ ਦੁੱਖ ਨੂੰ ਰਾਜਨੀਤੀ ਦਾ ਸਾਧਨ ਨਹੀਂ ਬਣਾਇਆ ਜਾਣਾ ਚਾਹੀਦਾ।



# ਫਲਿਪਕਾਰਟ ਦੀ ਵਰਦੀ ’ਚ ਅਸਲੇ ਦੀ ਤਸਕਰੀ ਕਰਦੇ 4 ਕਾਬੂ

**ਪਟਿਆਲਾ:** ਪੰਜਾਬ ਪੁਲਿਸ ਨੇ ਇਕ ਅਜਿਹੇ, ਅੰਤਰਰਾਜੀ ਅਸਲਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਜੋ ਫਲਿੱਪਕਾਰਟ ਤੇ ਆਨਲਾਈਨ ਸ਼ਾਪਿੰਗ ਡਿਲਿਵਰੀ ਬੁਆਏ ਦੀ ਵਰਦੀ ਪਾ ਕੇ ਹਥਿਆਰਾਂ ਦੀ ਤਸਕਰੀ ਕਰਦਾ ਸੀ। ਪੁਲਿਸ ਨੇ ਗਿਰੋਹ ਦੇ ਚਾਰ ਸਰਗਰਮ ਮੈਂਬਰਾਂ ਨੂੰ 15 ਨਾਜਾਇਜ਼ ਪਿਸਤੌਲਾਂ .32 ਬੋਰ ਤੇ 30 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਮੁਲਜ਼ਮ ਮੱਧ ਪ੍ਰਦੇਸ਼ ਦੇ ਅੰਦਰੂਨੀ ਇਲਾਕਿਆਂ ‘ਚੋਂ ਸਸਤੇ ਭਾਅ ‘ਤੇ ਅਸਲਾ ਲਿਆ ਕੇ ਪੰਜਾਬ ਦੇ ਵੱਖ-ਵੱਖ ਗੈਂਗਸਟਰਾਂ ਤੇ ਅਪਰਾਧਿਕ ਅਨਸਰਾਂ ਨੂੰ ਮਹਿੰਗੇ ਮੁੱਲ ‘ਤੇ ਸਪਲਾਈ ਕਰਦੇ ਸਨ। ਇਹ ਗਿਰੋਹ ਨਾਮੀ ਗੈਂਗਸਟਰ ਸੋਨੂੰ ਖੱਤਰੀ ਦੇ ਸਿੱਧੇ ਸੰਪਰਕ ‘ਚ ਸੀ ਤੇ ਪੰਜਾਬ ‘ਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫ਼ਿਰਾਕ ‘ਚ ਸੀ। ਫੜੇ ਗਏ ਸਾਰੇ ਮੁਲਜ਼ਮ 20 ਤੋਂ 21 ਸਾਲ ਦੀ ਉਮਰ ਦੇ ਨੌਜਵਾਨ ਹਨ।

ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਇੰਚਾਰਜ ਸੀਆਈਏ ਪਟਿਆਲਾ ਪ੍ਰਦੀਪ ਸਿੰਘ ਬਾਜਵਾ ਤੇ ਥਾਣਾ ਸਦਰ ਰਾਜਪੁਰਾ ਦੇ ਮੁੱਖ ਅਫ਼ਸਰ ਕਿਰਪਾਲ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ ‘ਤੇ ਰਾਜਪੁਰਾ ਦੇ ਨੈਸ਼ਨਲ ਹਾਈਵੇ ਨੇੜੇ ਬਸੰਤਪੁਰਾ ਤੋਂ ਇਨ੍ਹਾਂ ਮੁਲਜ਼ਮਾਂ ਨੂੰ ਦਬੋਚਿਆ।




## ਹਥਿਆਰਾਂ ’ਤੇ ਚੜ੍ਹਾਉਂਦੇ ਸਨ ਫਲਿਪਕਾਰਟ ਦੇ ਰੈਪਰ

ਐੱਸ.ਐੱਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਚਾਰੇ ਮੁਲਜ਼ਮ ਹਥਿਆਰ ਫਲਿੱਪਕਾਰਟ ਦੀ ਪੈਕਿੰਗ ‘ਚ ਰੱਖਦੇ ਸਨ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਮੁਲਜ਼ਮ ਆਨਲਾਈਨ ਡਿਲਿਵਰੀ ਕਰਨ ਵਾਲੀਆਂ ਵੱਖ-ਵੱਖ ਕੰਪਨੀਆਂ ‘ਚ ਕੰਮ ਕਰ ਚੁੱਕੇ ਸਨ, ਜਿਸ ਕਾਰਨ ਉਨ੍ਹਾਂ ਕੋਲ ਵਰਦੀ, ਟੇਪਿੰਗ ਤੇ ਪੈਕਿੰਗ ਸਮੱਗਰੀ ਸੀ। ਪੁਲਿਸ ਤੇ ਕਾਨੂੰਨ ਦੀਆਂ ਅੱਖਾਂ ‘ਚ ਧੂੜ ਪਾਉਣ ਲਈ ਇਹ ਗਾਉਣ ਲਈ ਇਹ ਮੁਲਜ਼ਮ ਬੱਸਾਂ ਤੇ ਰੇਲ ਗੱਡੀਆਂ ਰਾਹੀਂ ਸਫ਼ਰ ਕਰਦੇ ਸਨ, ਤਾਂ ਜੋ ਕੋਈ ਇਨ੍ਹਾਂ ‘ਤੇ ਸ਼ੱਕ ਨਾ ਕਰ ਸਕੇ।



# ਹੋਰਮੁਜ਼ ’ਤੇ ਲਵਾਂਗੇ...

(ਪਹਿਲੇ ਸਫ਼ੇ ਦਾ ਬਾਕੀ)

ਹੁਣ ਈਰਾਨੀ ਨਾਕਾਬੰਦੀ ਮੁੜ ਲਾਗੂ ਕਰੇਗਾ ਜਿਸ ਤਹਿਤ ਸਿਰਫ਼ ਈਰਾਨ ਦੇ ਜਹਾਜ਼ਾਂ ਤੇ ਉਸ ਦੇ ਗਾਹਕਾਂ ਦੇ ਜਹਾਜ਼ਾਂ ਨੂੰ ਆਉਣ ਜਾਣ ਤੋਂ ਰੋਕਿਆ ਜਾਵੇਗਾ, ਜਦਕਿ ਹੋਰ ਸਾਰੇ ਦੇਸ਼ਾਂ ਲਈ ਇਹ ਸਮੁੰਦਰੀ ਰਸਤਾ ਖੁੱਲ੍ਹਾ ਰਹੇਗਾ। ਓਧਰ ਈਰਾਨ ਦੀ ਸੰਯੁਕਤ ਫ਼ੌਜੀ ਕਮਾਨ ਖ਼ਾਤਮ ਅਲ ਅਨਬੀਆ ਸੈਂਟ੍ਰਲ ਹੈੱਡਕੁਆਰਟਰਸ ਨੇ ਕਿਹਾ ਕਿ ਸਟ੍ਰੇਟ ਹੋਰਮੁਜ਼ ਦੇ ਪ੍ਰਬੰਧਨ ‘ਚ ਅਮਰੀਕੀ ਦਖ਼ਲ ਕਿਸੇ ਵੀ ਕੀਮਤ ‘ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਜੇਕਰ ਅਮਰੀਕਾ ਬਦਲਵੇਂ ਸਮੁੰਦਰੀ ਮਾਰਗ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ। ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕੀ ਹਮਲਿਆਂ ਦੀ ਨਿੰਦਾ ਕਰਦੇ ਹੋਏ ਦੱਸਿਆ ਕਿ ਹੋਰਮੁਜ਼ ਤੇ ਟ੍ਰਾਂਜ਼ਿਟ ਰੂਟ ਦੇ ਪ੍ਰਬਧਨ ਬਾਰੇ ਓਮਾਨ ਨਾਲ ਗੱਲਬਾਤ ਹੋਈ ਹੈ, ਪਰ ਅਮਰੀਕੀ ਦਬਾਅ ਕਾਰਨ ਆਖ਼ਰੀ ਫ਼ੈਸਲਾ ਨਹੀਂ ਹੋ ਸਕਿਆ।

## ਹੋਰਮੁਜ਼ ਜਲਮਾਰਗ ‘ਤੇ ਫੀਸ ਨਾ ਦੇਣ ਦੀ ਨੀਤੀ ‘ਤੇ ਕਾਇਮ ਰਹੇਗਾ ਭਾਰਤ

**ਨਵੀਂ ਦਿੱਲੀ:** ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਵਧਦੇ ਆਲਮੀ ਤਣਾਅ ਵਿਚਾਲੇ ਭਾਰਤ ਆਪਣੀ ਪੁਰਾਣੀ ਤੇ ਸਪੱਸ਼ਟ ਨੀਤੀ ‘ਤੇ ਕਾਇਮ ਹੈ। ਸਰਕਾਰੀ ਸੂਤਰਾਂ ਮੁਤਾਬਕ ਭਾਰਤ ਹੋਰਮੁਜ਼ ਮਾਰਗ ਦੇ ਇਸਤੇਮਾਲ ਲਈ ਕਿਸੇ ਵੀ ਧਿਰ ਨੂੰ ਕੋਈ ਫੀਸ ਨਹੀਂ ਦੇਵੇਗਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦ ਪਹਿਲਾਂ ਈਰਾਨ ਵੱਲੋਂ ਜਹਾਜ਼ਾਂ ‘ਤੇ ਫੀਸ ਵਸੂਲਣ ਦੀ ਗੱਲ ਕਹੀ ਗਈ ਸੀ, ਤਦ ਵੀ ਭਾਰਤ ਦਾ ਇਹੀ ਰੁਖ਼ ਸੀ ਤੇ ਹੁਣ ਵੀ ਇਸ ‘ਚ ਕੋਈ ਤਬਦੀਲੀ ਨਹੀਂ ਹੋਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਦੋਆਬਾ ਸਪੋਰਟਸ ਕਲੱਬ ਵੱਲੋਂ ਕਬੱਡੀ ਪ੍ਰਮੋਟਰ ਜਸਕਰਨ ਸਿੰਘ ਧਾਲੀਵਾਲ ਦਾ ਨਿੱਘਾ ਸਵਾਗਤ

**ਸਰੀ:** ਖੇਡ ਜਗਤ ਵਿਚ ਵਿਸ਼ੇਸ ਸਥਾਨ ਰੱਖਣ ਵਾਲੇ ਖੇਡ ਕਲੱਬ 'ਦੋਆਬਾ ਸਪੋਰਟਸ ਕਲੱਬ' ਵਲੋਂ ਖੇਡਾਂ ਦੇ ਖੇਤਰ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਸ. ਜਸਕਰਨ ਸਿੰਘ ਧਾਲੀਵਾਲ ਯੂ.ਐਸ.ਏ. ਦਾ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਸਬੰਧੀ ਵੈਨਕੂਵਰ ਦੇ ਹਵੇਲੀ ਇੰਡੀਅਨ ਬਿਸਟਰੋ ਰੈਸਟੋਰੈਂਟ ਵਿਖੇ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਖੇਡ ਜਗਤ ਦੇ ਨਾਮਵਰ ਪ੍ਰਬੰਧਕ, ਸਟਾਰ ਖਿਡਾਰੀ ਅਤੇ ਪ੍ਰਮੁੱਖ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਸ਼ਾਮਲ ਹੋਈਆਂ। ਇਸ ਵਿਸ਼ੇਸ਼ ਇਕੱਠ ਦੌਰਾਨ ਖੇਡ ਪ੍ਰਮੋਟਰ ਬਲਜੀਤ ਔਜਲਾ, ਸੋਨੂੰ ਜੰਪ, ਦੁੱਲਾ ਸੁਰਖਪੁਰ, ਜੱਸ ਖੈੜਾ, ਚੰਨਾ ਹੁੰਦਲ ਅਤੇ ਪੰਜਾ ਧੰਜੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਨ੍ਹਾਂ ਸਾਰੀਆਂ ਸ਼ਖਸੀਅਤਾਂ ਨੇ ਅਮਰੀਕਾ ਤੋਂ ਆਏ ਸ. ਜਸਕਰਨ ਸਿੰਘ ਧਾਲੀਵਾਲ ਦਾ ਨਿੱਘਾ ਸਵਾਗਤ ਕੀਤਾ ਅਤੇ ਖੇਡਾਂ ਦੇ ਵਿਕਾਸ ਲਈ ਉਨ੍ਹਾਂ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਅਜਿਹੇ ਪਰਵਾਸੀ ਖੇਡ ਪ੍ਰਮੋਟਰਾਂ ਸਦਕਾ ਹੀ ਪੰਜਾਬੀ ਮਾਂ ਖੇਡ ਕਬੱਡੀ ਅਤੇ ਹੋਰ ਰਵਾਇਤੀ ਖੇਡਾਂ ਅੱਜ ਅੰਤਰਰਾਸ਼ਟਰੀ ਪੱਧਰ 'ਤੇ ਬੁਲੰਦੀਆਂ ਨੂੰ ਛੂਹ ਰਹੀਆਂ ਹਨ। ਬਲਜੀਤ ਔਜਲਾ, ਸੋਨੂੰ ਜੰਪ ਅਤੇ ਦੁੱਲਾ ਸੁਰਖਪੁਰ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢ ਕੇ ਖੇਡ ਮੈਦਾਨਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ। ਅਮਰੀਕਾ ਦੇ ਨਾਲ-ਨਾਲ ਹੁਣ ਸ. ਧਾਲੀਵਾਲ ਕੈਨੇਡਾ ਦੇ ਖੇਡ ਸਰਕਲਾਂ ਵਿਚ ਵੀ ਖੇਡ ਗਤੀਵਿਧੀਆਂ ਨੂੰ ਹੋਰ ਹੁਲਾਰਾ ਦੇਣ ਲਈ ਅਹਿਮ ਯੋਗਦਾਨ ਪਾ ਰਹੇ ਹਨ।

ਕਲੱਬ ਵਲੋਂ ਸ. ਜਸਕਰਨ ਸਿੰਘ ਧਾਲੀਵਾਲ ਨੂੰ ਉਨ੍ਹਾਂ ਦੀਆਂ ਬੇਮਿਸਾਲ ਖੇਡ ਸੇਵਾਵਾਂ ਬਦਲੇ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸ. ਧਾਲੀਵਾਲ ਨੇ ਕਲੱਬ ਦਾ ਧੰਨਵਾਦ ਕਰਦਿਆਂ ਆਖਿਆ ਕਿ ਕੈਨੇਡਾ ਵਿਚ ਮਿਲੇ ਮਾਣ-ਸਤਿਕਾਰ ਸਦਕਾ ਉਹ ਭਵਿੱਖ ਵਿਚ ਖੇਡਾਂ ਅਤੇ ਸਮਾਜਿਕ ਕਾਰਜਾਂ ਲਈ ਹੋਰ ਵੀ ਤਨਦੇਹੀ ਨਾਲ ਕੰਮ ਕਰਦੇ ਰਹਿਣਗੇ। ਇਹ ਸਮਾਗਮ ਅਮਰੀਕਾ ਅਤੇ ਕੈਨੇਡਾ ਦੇ ਪੰਜਾਬੀ ਖੇਡ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ਵਿਚ ਮੀਲ ਪੱਥਰ ਸਾਬਤ ਹੋਇਆ।



*ਜਸਕਰਨ ਸਿੰਘ ਧਾਲੀਵਾਲ ਦਾ ਵੈਨਕੂਵਰ ਪਹੁੰਚਣ 'ਤੇ ਸਵਾਗਤ ਕਰਦੇ ਹੋਏ 'ਦੋਆਬਾ ਸਪੋਰਟਸ ਕਲੱਬ' ਦੇ ਮੈਂਬਰ।*

# ਐਸ ਅਸ਼ੋਕ ਭੌਰਾ ਨਾਲ ਰੂ-ਬ-ਰੂ ਸਮਾਗਮ

**ਲਾਸ ਏਂਜਲਸ:** ਇਥੋਂ ਨਜ਼ਦੀਕ ਬੇਕਰਸਫੀਲਡ ਸ਼ਹਿਰ ਵਿਚ ਜਤਿੰਦਰ ਤੂਰ, ਗੁਰਪ੍ਰੀਤ ਤੂਰ ਤੇ ਉਨ੍ਹਾਂ ਦੀ ਕਾਰੋਬਾਰੀ ਸੰਸਥਾ ਵੱਲੋਂ ਪੰਜਾਬੀ ਦੇ ਨਾਮਵਰ ਲੇਖਕ ਤੇ ਪੱਤਰਕਾਰ ਐਸ ਅਸ਼ੋਕ ਭੌਰਾ ਨਾਲ ਹਾਰਟ ਆਫ ਇੰਡੀਆ ਵਿਖੇ ਰੂ-ਬ-ਰੂ ਸਮਾਗਮ ਦਾ ਆਯੋਜਨ ਕੀਤਾ ਗਿਆ।



ਇਸ ਮੌਕੇ ਸ੍ਰੀ ਭੌਰਾ ਨੇ ਆਪਣੀ ਲੇਖਣੀ ਦੇ ਕਰੀਬ 49 ਸਾਲਾਂ ਦੇ ਸਾਹਿਤਕ ਤੇ ਪੱਤਰਕਾਰੀ ਸਫਰ ਤੇ ਰੋਜ਼ਾਨਾ 'ਅਜੀਤ' ਨਾਲ ਏਨਾ ਹੀ ਸਮਾਂ ਗੁਜ਼ਾਰਨ ਬਾਰੇ ਮਾਣ ਨਾਲ ਦੱਸਿਆ ਤੇ ਹਾਲ ਹੀ ਵਿਚ ਰਿਲੀਜ਼ ਹੋਈ ਆਪਣੀ ਪੁਸਤਕ 'ਪੰਜਾਬੀ ਰੂਟਸ ਅਮਰੀਕਨ ਡਰੀਮਸ' ਬਾਰੇ ਵੀ ਵਿਸਥਾਰ 'ਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਸਫਲ ਕਾਰੋਬਾਰੀਆਂ ਬਾਰੇ ਇਹ ਸਚਿੱਤਰ ਪੁਸਤਕ ਇੱਕ ਇਤਿਹਾਸਕ ਦਸਤਾਵੇਜ਼ ਹੈ।

ਸ੍ਰੀ ਭੌਰਾ ਨੇ ਆਪਣੇ ਗੀਤਾਂ, ਕਵਿਤਾਵਾਂ ਤੇ ਚੋਣਵੇਂ ਵਾਰਤਕ ਰੰਗ ਪੇਸ਼ ਕਰਕੇ ਹਾਜ਼ਰ ਪੰਜਾਬੀਆਂ ਦਾ ਦਿਲ ਜਿੱਤ ਲਿਆ। ਇਸ ਮੌਕੇ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਨੇ 'ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਗਾ ਕੇ ਮਾਹੌਲ ਨੂੰ ਗੰਭੀਰ ਬਣਾਇਆ। ਗੀਤਕਾਰ ਜਰਨੈਲ ਘੋਲੀਆ ਦੇ ਗੀਤਾਂ ਦੀ ਵੀ ਖੂਬ ਚਰਚਾ ਰਹੀ। ਪ੍ਰੋਗਰਾਮ ਦੇ ਮੇਜ਼ਬਾਨ ਜਤਿੰਦਰ ਤੂਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਸ੍ਰੀ ਭੌਰਾ ਦੇ ਜੀਵਨ ਤੇ ਆਪਣੀ ਸਾਂਝੀ ਪਾਕਿਸਤਾਨ ਯਾਤਰਾ ਬਾਰੇ ਵਿਸਤਾਰ 'ਚ ਦੱਸਿਆ।

ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਗੁਰਤੇਜ ਖੋਸਾ, ਜਰਨੈਲ ਘੋਲੀਆ, ਇੰਦਰਜੀਤ ਦਿਓਲ, ਕੁਲਵੰਤ ਸਿੰਘ ਸੁੰਨੜ, ਅਮਰਜੀਤ ਸਿੰਘ ਗਿੱਲ, ਬਲਜੀਤ ਗਿੱਲ, ਸੁਖਦੇਵ ਬਦੇਸ਼ਾ, ਕਿਰਨਦੀਪ ਚਾਹਲ ਸਰਪੰਚ, ਲਖਵਿੰਦਰ ਬਰਾੜ, ਰਾਜਾ ਸੰਘਾ, ਇਕਬਾਲ ਗਿੱਲ, ਅਵਤਾਰ ਬਰਾੜ, ਅੰਗਰੇਜ਼ ਬਰਾੜ, ਕਨਵਰਪਾਲ ਬਰਾੜ, ਜਸਵੰਤ ਤੂਰ, ਲਖਵਿੰਦਰ ਕੋਟਕਪੂਰਾ, ਹਰਪ੍ਰੀਤ ਕੰਗ, ਸਵਰਨਜੀਤ ਸਿੰਘ, ਗਗਨਦੀਪ ਗਿੱਲ, ਜਗਸੀਰ ਸਰਾਂ ਤੋਂ ਇਲਾਵਾ ਬਲਵਿੰਦਰ ਕੌਰ ਤੂਰ, ਕੁਲਵਿੰਦਰ ਕੌਰ ਤੂਰ, ਸਵਰਨਜੀਤ ਕੌਰ, ਮਨਦੀਪ ਕੌਰ ਖੋਸਾ, ਮਨਜੀਤ ਕੌਰ ਤੂਰ, ਅਮਰਜੀਤ ਕੌਰ ਸਿਵੀਆ ਅਤੇ ਪਰਮਜੀਤ ਕੌਰ ਕਾਹਲੋਂ ਹਾਜ਼ਰ ਸਨ। ਮੰਚ ਸੰਚਾਲਨ ਜਤਿੰਦਰ ਤੂਰ ਨੇ ਕੀਤਾ।

*ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥*

## ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ ਜੀ



ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਸਬੰਧੀ
ਵਿਸ਼ੇਸ਼ ਸਮਾਗਮ
ਗੁਰਦੁਆਰਾ ਸਾਹਿਬ ਪੈਲਾਟਾਈਨ
ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।

ਪ੍ਰੋਗਰਾਮ ਦਾ ਵੇਰਵਾ
24 ਜੁਲਾਈ, 2026 (ਸ਼ੁਕਰਵਾਰ), ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ
26 ਜੁਲਾਈ, 2026 (ਐਤਵਾਰ), ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ
ਕੀਰਤਨ: 9 ਤੋਂ ਦੁਪਹਿਰ 12 ਵਜੇ ਤਕ

ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ
ਰਵਿੰਦਰ ਸਿੰਘ ਕਪੂਰ,ਪਰਮਜੀਤ ਕੌਰ ਕਪੂਰ ਅਤੇ ਪਰਿਵਾਰ ਵਲੋਂ

**Ravi Kapoor: Prag International** (1125 Howard Street.Elk Grove Village. IL 60007)
**Ph:- 847-979-5970. 847-979-5990. 847-228-0150. 847-979-8949**

# ਪੈਲਾਟਾਈਨ: ਸਿੱਖ ਸੰਗਤ ਨੇ 4 ਜੁਲਾਈ ਦੀ ਪਰੇਡ ਵਿਚ ਕੀਤੀ ਸ਼ਮੂਲੀਅਤ

**ਸ਼ਿਕਾਗੋ:** ਮਿਡਵੈਸਟ ਦੇ ਸਭ ਤੋਂ ਵੱਡੇ ਗੁਰੂ ਘਰ ਗੁਰਦੁਆਰਾ ਪੈਲਾਟਾਈਨ (ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ) ਦੀਆਂ ਸੰਗਤਾਂ ਨੇ ਇਥੋਂ ਦੀ ਸਬਰਬ ਪੈਲਾਟਾਈਨ ਵਿਚ ਲੰਘੀ 4 ਜੁਲਾਈ ਦੀ ਪਰੇਡ ਵਿਚ ਹੁਮਹੁਮਾ ਕੇ ਸ਼ਮੂਲੀਅਤ ਕੀਤੀ। ਇਹ ਸਾਲਾਨਾ ਪਰੇਡ ਪੈਲਾਟਾਈਨ ਜੇਸੀਜ਼ ਵਲੋਂ ਅਮਰੀਕੀ ਆਜ਼ਾਦੀ 4 ਜੁਲਾਈ ਦੇ ਜਸ਼ਨ ਵਜੋਂ ਕੀਤੀ ਜਾਂਦੀ ਹੈ।

ਵਰਣਨਯੋਗ ਹੈ ਕਿ ਇਸ ਸਾਲ 4 ਜੁਲਾਈ ਨੂੰ ਅਮਰੀਕਾ ਦਾ 250ਵਾਂ ਆਜ਼ਾਦੀ ਦਿਵਸ ਸੀ। ਸਖਤ ਗਰਮੀ ਦੇ ਬਾਵਜੂਦ ਉਤਸ਼ਾਹੀ ਲੋਕਾਂ ਦੀ ਭੀੜ ਪਰੇਡ ਦੇ ਸਾਰੇ ਰਸਤੇ ਸੜਕ ਦੇ ਦੋਹੀਂ ਪਾਸੇ ਖੜ੍ਹੀ ਨਜ਼ਰ ਆ ਰਹੀ ਸੀ। ਪਰੇਡ ਵਿਚ ਸਕੂਲਾਂ ਦੇ ਬੱਚਿਆਂ ਤੋਂ ਇਲਾਵਾ ਸਮਾਜਕ ਸੰਸਥਾਵਾਂ, ਮਾਰਚਿੰਗ ਬੈਂਡ, ਪੇਸ਼ੇਵਰ ਮਨੋਰੰਜਕ, ਸਥਾਨਕ ਬਿਜ਼ਨਸਮੈਨ, ਸਥਾਨਕ ਸਰਕਾਰੀ ਸੰਸਥਾਵਾਂ ਹੁਮਹੁਮਾ ਕੇ ਸ਼ਾਮਲ ਹੋਈਆਂ। ਇਨ੍ਹਾਂ ਵਿਚ ਪੈਲਾਟਾਈਨ ਕੇਲਟਿਕ ਸਾਕਰ, ਪੈਲਾਟਾਈਨ ਟਾਊਨਸ਼ਿਪ ਫੂਡ ਪੈਂਟਰੀ, ਡੁਨਟਾਨ ਐਂਡ ਬੋਨੀ ਫਾਰਮ ਪ੍ਰੋਡਕਟਸ, ਪੈਲਾਟਾਈਨ ਵੀਲਜ਼ ਕੌਂਸਲ ਆਦਿ ਪ੍ਰਮੁਖ ਸਨ। ਅਧਿਕਾਰੀ, ਫਾਇਰ ਵਿਭਾਗ, ਪੁਲਿਸ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਪ੍ਰਾਚੀਨ ਮਾਡਲ ਦੀਆਂ ਕਾਰਾਂ ਦਾ ਕਾਫਲਾ ਪਰੇਡ ਵਿਚ ਖਾਸ ਆਕਰਸ਼ਣ ਸੀ। ਕਈ ਲੋਕ ਆਪਣੇ ਪਾਲਤੂ ਕੁੱਤਿਆਂ ਨੂੰ ਵੀ ਵਿਸ਼ੇਸ਼ ਢੰਗ ਨਾਲ ਸ਼ਿੰਗਾਰ ਕੇ ਪਰੇਡ ਵਿਚ ਸ਼ਾਮਿਲ ਹੋਏ।

ਪਰੇਡ ਵਿਚ ਆ ਰਹੀਆਂ ਸਟੇਟ, ਲੋਕਲ ਅਤੇ ਕੌਮੀ ਪੱਧਰ ਦੀਆਂ ਚੋਣਾਂ ਲੜ ਰਹੇ ਕਈ ਉਮੀਦਵਾਰ ਵੀ ਸ਼ਾਮਲ ਹੋਏ। ਇਲੀਨੋਇ ਸਟੇਟ ਰਿਪ੍ਰੈਜੈਂਟੇਟਿਵਸ ਜੈਨੀ ਲੇਵਿਨ, ਡਾਰਬੀ ਹਿਲ, ਲੋਰੀ ਸਮਿਥ ਲੋਕਾਂ ਨਾਲ ਰਾਬਤਾ ਕਾਇਮ ਕਰਨ ਵਿਚ ਰੁੱਝੇ ਹੋਏ ਸਨ। ਪਰੇਡ ਵਿਚ ਸ਼ਾਮਿਲ ਸ਼ਥਾਨਕ 51 ਜ਼ਿਲ੍ਹੇ ਦੀ ਇਲੀਨੋਇ ਸਟੇਟ ਰਿਪ੍ਰੈਜ਼ੈਂਟੇਟਿਵਸ ਨਬੀਲਾ ਸਈਦ ਆਪਣੀ ਟੀਮ ਦੇ ਮੈਂਬਰਾਂ ਨਾਲ ਮਿਲ ਕੇ ਖੁਦ ਆਪਣਾ ਫਲੋਟ ਸਜਾ ਰਹੀ ਸੀ। ਇਲੀਨੋਇ ਸਟੇਟ ਰਿਪ੍ਰੈਜ਼ੈਂਟੇਟਿਵਸ ਮਲੀਸਾ ਬੀਨ ਵਿਸ਼ੇਸ਼ ਤੌਰ 'ਤੇ ਸਿੱਖ ਭਾਈਚਾਰੇ ਨੂੰ ਮਿਲਣ ਲਈ ਆਈ।

ਗੁਰਦੁਆਰਾ ਪੈਲਾਟਾਈਨ ਦੀਆਂ ਸੰਗਤਾਂ ਵਿਚ ਆਦਮੀ, ਔਰਤਾਂ ਅਤੇ ਬੱਚੇ ਪਰੇਡ ਦੇ ਨਾਲ ਕੌਮੀ ਝੰਡੇ ਚੁੱਕੀ ਜਾ ਰਹੇ ਸਨ। ਉਹ 'ਹੈਪੀ ਫੋਰਥ ਜੁਲਾਈ, 'ਗਾਡ ਬਲੈਸ ਅਮਰੀਕਾ' ਦੇ ਨਾਹਰਿਆਂ ਨਾਲ ਅਮਰੀਕੀ ਭਾਈਚਾਰੇ ਨੂੰ ਮੁਬਾਰਕਾਂ ਦੇ ਰਹੇ ਸਨ, ਨਾਲ ਸਿੱਖ ਸੰਗਤਾਂ ਨੇ ਇਸ ਮੌਕੇ ਪਰੇਡ ਦੇ ਰੂਟ ਦੌਰਾਨ ਪਾਣੀ ਦੀਆਂ ਬੋਤਲਾਂ, ਫਲ ਫਰੂਟ ਅਤੇ ਕੈਂਡੀਆਂ ਲੋਕਾਂ ਨੂੰ ਵੰਡੀਆਂ। ਸਿੱਖ ਭਾਈਚਾਰੇ ਦੇ ਲੋਕਾਂ ਨੂੰ ਸੜਕ ਦੇ ਦੋਹੀਂ ਪਾਸੀਂ ਖੜ੍ਹੇ ਲੋਕ ਹੱਥ ਹਿਲਾ ਕੇ ਮੁਬਾਰਕਾਂ ਦੇ ਰਹੇ ਸਨ ਤੇ ਤਾੜੀਆਂ ਵਜਾ ਕੇ ਸਵਾਗਤ ਕਰ ਰਹੇ ਸਨ।

ਗੁਰਦੁਆਰਾ ਪੈਲਾਟਾਈਨ ਦੀਆਂ ਸੰਗਤਾਂ ਦੇ ਇਸ ਪਰੇਡ ਵਿਚ ਸ਼ਾਮਿਲ ਹੋਣ 'ਤੇ ਪ੍ਰਧਾਨ ਤਰਲੋਚਨ ਸਿੰਘ ਮੁਲਤਾਨੀ ਨੇ ਕਿਹਾ ਕਿ ਪਰੇਡ ਵਿਚ ਸ਼ਾਮਲ ਹੋਣਾ ਸਿੱਖਾਂ ਪ੍ਰਤੀ ਅਮਰੀਕੀ ਭਾਈਚਾਰੇ ਵਿਚ ਜਾਗਰੂਕਤਾ ਪੈਦਾ ਕਰਨ ਦਾ ਇਕ ਸੁਨਹਿਰੀ ਮੌਕਾ ਹੁੰਦਾ ਹੈ। ਉਨ੍ਹਾਂ ਪਰੇਡ ਵਿਚ ਸ਼ਾਮਿਲ ਸਿਖ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਪਰੇਡ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਦੇ ਛੇ ਮੈਂਬਰ ਤਰਲੋਚਨ ਸਿੰਘ ਮੁਲਤਾਨੀ ਪ੍ਰਧਾਨ, ਰਿਲੀਜੀਅਸ ਸਕੱਤਰ ਸਤਿੰਦਰ ਸਿੰਘ ਸੁਸਾਣਾ, ਗੁਰਮਤਿ ਸਕੂਲ ਦੇ ਇੰਚਾਰਜ ਗੁਰਕੀਰਤ ਸਿੰਘ ਗਿੱਲ, ਫਾਇਨੈਂਸ ਸੈਕਟਰੀ ਅਮਨ ਸਿੰਘ, ਲੰਗਰ ਇੰਚਾਰਜ ਸਤਨਾਮ ਸਿੰਘ ਗਿੱਲ, ਯਾਦਵਿੰਦਰ ਸਿੰਘ ਗਰੇਵਾਲ ਤੇ ਸੀ.ਆਈ.ਸੀ. ਦੇ ਸੁਰਿੰਦਰ ਕੌਰ ਸੰਘਾ ਤੇ ਕਰਮਜੀਤ ਸਿੰਘ ਭਟਨੂਰਾ ਸ਼ਾਮਿਲ ਸਨ।








ਤਸਵੀਰ (1 ਅਤੇ 2). ਚਾਰ ਜੁਲਾਈ ਦੀ ਪਰੇਡ ਵਿਚ ਸ਼ਾਮਲ ਸਿੱਖ ਸੰਗਤਾਂ। (ਤਸਵੀਰ 3). ਇਲੀਨੋਇ ਸਟੇਟ ਰਿਪ੍ਰੈਜ਼ੈਂਟੇਟਿਵਸ ਨਬੀਲਾ ਸਈਦ ਤੇ ਸੁਰਿੰਦਰ ਸਿੰਘ ਭਾਟੀਆ।



ਪਰੇਡ ਦੌਰਾਨ ਖਿੱਚ ਦਾ ਕੇਂਦਰ ਬਣਿਆ ਇਕ ਪਾਲਤੂ ਕੁੱਤਾ।

# ਨਹੀਂ ਰਹੇ ਪ੍ਰਮੁੱਖ ਭਾਸ਼ਾ ਵਿਗਿਆਨੀ ਡਾ. ਇਕਬਾਲ ਕੌਰ ਸੌਂਧ

**ਅੰਮ੍ਰਿਤਸਰ:** ਸਾਹਿਤਕ ਹਲਕਿਆਂ ਵਿਚ ਇਹ ਖ਼ਬਰ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਉੱਘੇ ਪੰਜਾਬੀ ਵਿਦਵਾਨ, ਆਲੋਚਕ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਡਾ. ਇਕਬਾਲ ਕੌਰ ਸੌਂਧ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਸਿਹਤ ਪਿਛਲੇ ਕੁਝ ਦਿਨਾਂ ਤੋਂ ਢਿਲੀ ਮੱਠੀ ਸੀ ਅਤੇ ਉਹ ਜੇਰੇ ਇਲਾਜ਼ ਸਨ।



ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਦੁੱਖ ਦਾ ਇਜ਼ਹਾਰ ਕਰਦਿਆਂ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਮੱਖਣ ਕੁਹਾੜ ਅਤੇ ਦੀਪ ਦੇਵਿੰਦਰ ਸਿੰਘ ਨੇ ਦਸਿਆ ਕਿ 1939 ਨੂੰ ਦੇਸ਼ ਭਗਤ ਪਰਿਵਾਰ ਵਿਚ ਜਨਮੇ ਡਾ. ਸੌਂਧ ਨੇ ਕਹਾਣੀ ਸੰਗ੍ਰਿਹ 'ਬਟਵਾਰਾ', 'ਬੁੱਢੇ ਬੋਹ ਦੀ ਹੂਕ','ਦਿਲ ਦੀਆਂ ਬਾਤੀਂ", ਭਗਤ ਨਾਮਦੇਵ ਰਚਨਾ ਸੰਸਾਰ ਸਮੇਤ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 'ਭਗਤ ਨਾਮਦੇਵ ਚੇਅਰ' ਦੇ ਪਹਿਲੇ ਮੁਖੀ ਵਜੋਂ ਸੇਵਾ ਨਿਭਾਉਂਦੇ ਹੋਏ ਉਨ੍ਹਾਂ ਨੇ ਭਗਤੀ ਲਹਿਰ, ਭਗਤਾਂ ਦੀ ਬਾਣੀ ਅਤੇ ਮੱਧਕਾਲੀਨ ਪੰਜਾਬੀ ਸਾਹਿਤ 'ਤੇ ਵਿਸ਼ੇਸ਼ ਕੰਮ ਕਰਵਾਇਆ ਅਤੇ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਭਵਿੱਖ ਬਾਰੇ ਆਪਣੇ ਖੋਜ-ਪੱਤਰ ਪੜ੍ਹਦੇ ਰਹਿੰਦੇ ਸਨ। ਸਾਹਿਤ ਪ੍ਰੇਮੀਆਂ ਵਲੋਂ ਉਨ੍ਹਾਂ ਦੇ ਬੇਟੇ ਡਾ. ਸਰਤਾਜ ਸਿੰਘ ਨਾਲ ਦੁਖ ਸਾਂਝਾ ਕੀਤਾ ਗਿਆ।

# ਭਾਰਤੀ ਔਰਤ ਦੀ ਪਤੀ ਵਲੋਂ ਹੱਤਿਆ

**ਵਾਸ਼ਿੰਗਟਨ:** ਅਮਰੀਕਾ ਦੇ ਜਾਰਜੀਆ 'ਚ ਭਾਰਤੀ-ਅਮਰੀਕੀ ਸ਼ੀਤਲ ਵਜੀਏਨ ਦੀ ਉਨ੍ਹਾਂ ਦੇ ਪਤੀ 'ਨੇ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ। ਉਹ ਗੂਗਲ ਦੀ ਸਾਬਕਾ ਐਗਜ਼ੀਕਿਊਟਿਵ ਸੀ। ਘਰ 'ਚ ਅੰਜਾਮ ਦਿੱਤੀ ਗਈ ਵਾਰਦਾਤ 'ਚ ਵਰਜੀਏਨ ਦਾ ਪੁੱਤਰ ਜੇਸਨ ਜ਼ਖ਼ਮੀ ਹੋ ਗਿਆ। ਮੁਲਜ਼ਮ 56 ਸਾਲਾ ਕਿਰਕ ਬੀ ਵਰਜੀਏਨ ਨੂੰ ਮੰਗਲਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।



ਕਾਬ ਕਾਊਂਟੀ ਪੁਲਿਸ ਵਿਭਾਗ ਮੁਤਾਬਕ ਅਧਿਕਾਰੀਆਂ ਨੂੰ ਸ਼ਾਮ ਅੱਠ ਵਜੇ ਤੋਂ ਕੁਝ ਸਮਾਂ ਪਹਿਲਾਂ ਘਰ 'ਚ ਗੋਲ਼ੀਬਾਰੀ ਦੀ ਸੂਚਨਾ ਮਿਲੀ। ਮੌਕੇ 'ਤੇ ਪੁੱਜਣ 'ਤੇ ਪੁਲਿਸ ਨੂੰ 58 ਸਾਲਾ ਸ਼ੀਤਲ ਵਰਜੀਏਨ ਘਰ ਦੇ ਅੰਦਰ ਮਿਲੀ, ਜਿਨ੍ਹਾਂ ਨੂੰ ਗੋਲ਼ੀਆਂ ਲੱਗੀਆਂ ਹੋਈਆਂ ਸਨ। ਬਾਅਦ 'ਚ ਉਨ੍ਹਾਂ ਨੂੰ ਮ੍ਰਿਤ ਐਲਾਨ ਦਿੱਤਾ ਗਿਆ। ਕਿਰਕ 'ਤੇ ਹੱਤਿਆ ਤੇ ਹਥਿਆਰ ਰੱਖਣ ਦਾ ਦੋਸ਼ ਹੈ। ਉਨ੍ਹਾਂ ਨੂੰ ਅਜੇ ਕਾਬ ਕਾਊਂਟੀ ਐਡਲਟ ਡਿਟੈਂਸ਼ਨ ਸੈਂਟਰ 'ਚ ਬਗ਼ੈਰ ਜ਼ਮਾਨਤ ਦੇ ਰੱਖਿਆ ਗਿਆ ਹੈ।







SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
Domestic fares available
United Airlines
British Airways
For Emergency
Call anytime at
847-436-9010
Etihad, Air India,
KLM, Lufthansa,
Delta, Qatar Airlines.


UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਗਰਮੀਆਂ ਦੀ ਨਿਸ਼ਕਾਮ ਕਾਰਸੇਵਾ ਦੌਰਾਨ ਉਲੀਕੇ ਕਾਰਜ ਕੀਤੇ ਮੁਕੰਮਲ

**ਪੈਲਾਟਾਈਨ:** ਲੰਘੇ ਐਤਵਾਰ ਗੁਰਦੁਆਰਾ ਸਾਹਿਬ, ਪੈਲਾਟਾਈਨ ਵਿਖੇ ਗਰਮੀਆਂ ਦੀ ਨਿਸ਼ਕਾਮ ਕਾਰਸੇਵਾ ਗੁਰਦੁਆਰਾ ਸਾਹਿਬ ਦੇ ਕਾਰਸੇਵਕਾਂ ਅਤੇ ਸੰਗਤ ਦੇ ਸਹਿਯੋਗ ਨਾਲ ਹੋਈ। ਇਸ ਦੌਰਾਨ ਪਹਿਲਾਂ ਉਲੀਕੇ ਗਏ ਕਾਰਜਾਂ ਵਿਚੋਂ 99% ਕਾਰਜ ਨੇਪਰੇ ਚਾੜ੍ਹੇ ਗਏ।

ਸਵੇਰੇ 7:30 ਵਜੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਲਖਵਿੰਦਰ ਸਿੰਘ ਜੀ ਵਲੋਂ ਕੀਤੀ ਅਰਦਾਸਿ, ਅਤੇ ਸੇਵਕਾਂ ਵਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਕਾਰਸੇਵਾ ਦੀ ਸ਼ੁਰੂਆਤ ਹੋਈ। ਸੇਵਕਾਂ ਨੇ ਸੇਵਾ ਭਾਵਨਾ ਤੇ ਜੋਸ਼ ਨਾਲ ਦਰਬਾਰ ਹਾਲ, ਸੁੱਖਆਸਨ ਕਮਰੇ, ਅਖੰਡਪਾਠ ਦੇ ਕਮਰੇ ਅਤੇ ਦੂਸਰੀ ਮੰਜ਼ਲ ਦੇ ਅੰਦਰੋਂ-ਬਾਹਰੋਂ ਦਰਵਾਜਿਆਂ, ਬਾਰੀਆਂ, ਅਤੇ





























ਸ਼ੀਸ਼ਿਆਂ ਦੀ ਪ੍ਰੋਫੈਸ਼ਨਲ ਤਰੀਕੇ ਨਾਲ ਸਾਫ-ਸਫ਼ਾਈ ਮੁੱਖ ਸੇਵਾਦਾਰ ਤਰਲੋਚਨ ਸਿੰਘ ਮੁਲਤਾਨੀ ਦੀ ਨਿਗਰਾਨੀ ਹੇਠ ਕੀਤੀ। ਗੁਰਦੁਆਰਾ ਸਾਹਿਬ ਵਿਖੇ ਕਈ ਸਾਲਾਂ ਤੋਂ ਨਿਸ਼ਕਾਮ ਸੇਵਾਵਾਂ ਕਰਦੇ ਅਨੁਪ੍ਰੀਤ ਕੌਰ ਜੀ ਦੇ ਪਰਿਵਾਰ ਨੇ ਹਮੇਸ਼ਾਂ ਵਾਂਗ ਬਹੁਤ ਰੀਝ, ਪਿਆਰ, ਅਤੇ ਸਤਿਕਾਰ ਨਾਲ ਸ਼ੀਸ਼ਿਆਂ, ਦਰਵਾਜਿਆਂ ਅਤੇ ਖਿੜਕੀਆਂ ਦੀ ਡੀਪ ਕਲੀਨਿਗ ਕੀਤੀ।

ਕਰੀਬ ਇੱਕ ਹਫ਼ਤਾ ਪਹਿਲਾਂ ਹੀ ਬਲਦੇਵ ਸਿੰਘ ਗਿੱਲ ਅਤੇ ਕੁਲਬੀਰ ਸਿੰਘ ਦਿਓਲ ਨੇ ਸਾਫ-ਸਫ਼ਾਈ ਦੇ ਸਮਾਨ ਦਾ ਹਿਸਾਬ-ਕਿਤਾਬ ਕਰ ਸਫ਼ਾਈ ਦਾ ਸਮਾਨ ਖਰੀਦਿਆ ਅਤੇ ਇਕਬਾਲ ਸਿੰਘ ਜੱਜ ਨੇ ਕਟਾਈ ਦੀਆਂ ਮਸ਼ੀਨਾਂ ਅਤੇ ਲੋੜੀਂਦੇ ਔਜ਼ਾਰ ਤਿੱਖੇ ਕਰ ਲਏ ਸਨ। ਅਮਰਜੀਤ ਸਿੰਘ ਨਿਸ਼ਕਾਮ ਕਾਰਸੇਵਾ ਕੋਆਰਡੀਨੇਟਰ ਅਤੇ ਟੀਮ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਸ਼ੀਸ਼ੇ ਸਾਫ ਕਰਨ ਦੀ ਵਿਧੀ ਦੱਸ ਓਹਨਾਂ ਪਾਸੋਂ ਅੰਦਰੋਂ-ਬਾਹਰੋਂ ਸਫ਼ਾਈ ਕਰਵਾਈ। ਬੱਚਿਆਂ ਨੂੰ ਸੇਵਾ ਨਾਲ ਜੋੜਨ ਦਾ ਇਹ ਸ਼ਲਾਘਾਯੋਗ ਉਪਰਾਲਾ ਸੀ।

ਸਵੇਰੇ 6 ਵਜੇ ਤੋਂ ਚਾਹ ਅਤੇ ਲੰਗਰਾਂ ਦੀ ਸੇਵਾ ਕੁਲਦੀਪ ਸਿੰਘ ਢਿੱਲੋਂ ਪਰਿਵਾਰ, ਗੁਰਮੀਤ ਸਿੰਘ ਜੀ ਜਲੰਧਰ ਵਾਲੇ ਅਤੇ ਭਾਈ ਹਰਜੀਤ ਸਿੰਘ ਜੀ ਲੰਗਰ ਸੇਵਾਦਾਰ ਹੋਰਾਂ ਦੀ ਦੇਖ-ਰੇਖ ਵਿਚ ਹੋਈ। ਦੁਪਹਿਰ ਨੂੰ ਪੀਜ਼ਾ ਦਾ ਲੰਗਰ ਲਾਇਆ ਗਿਆ ਸੀ।



ਬੀਬੀਆਂ ਅਤੇ ਬਚਿਆਂ ਨੇ ਰਲ-ਮਿਲ ਕੇ ਰਸੋਈ, ਲੰਗਰ ਵਰਤਾਉਣ ਵਾਲੀ ਜਗ੍ਹਾ, ਅਤੇ ਲੰਗਰ ਹਾਲ ਦੀ ਡੂੰਘੀ ਸਫਾਈ ਕੀਤੀ। ਇਸ ਦੇ ਨਾਲ-ਨਾਲ ਲੰਗਰ ਦੀ ਰਸਦ ਦੀ ਵੀ ਛਾਂਟੀ ਲੰਗਰ ਸੇਵਾਦਾਰ ਸ. ਸਤਨਾਮ ਸਿੰਘ ਗਿੱਲ ਹੋਰਾਂ ਦੀ ਦੇਖ-ਰੇਖ ਵਿਚ ਹੋਈ। ਭਾਈ ਕੇਹਰ ਸਿੰਘ ਜੀ ਨੇ ਵੀ ਆਪਣੀ ਕੰਪਨੀ ਦੇ ਸੇਵਕਾਂ ਨਾਲ ਸਫ਼ਾਈ ਕਰਨ ਵਾਲੀਆਂ ਮਸ਼ੀਨਾਂ ਲੈ ਗਾਰਬੇਜ ਦੇ ਡੱਬਿਆਂ ਦੀ ਸਫ਼ਾਈ ਕੀਤੀ ਅਤੇ ਬਲੀਚ ਨਾਲ ਸੈਨੇਟਾਈਜ਼ ਕੀਤਾ। ਸ. ਕੇਹਰ ਸਿੰਘ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਇਹ ਕਾਰਜ ਕਰਦੇ ਆ ਰਹੇ ਹਨ।

ਰਵੀ ਕਾਰਪਿਟ ਹਮੇਸ਼ਾਂ ਦੀ ਤਰ੍ਹਾਂ ਸ਼ਿਕਾਗੋ ਤੋਂ ਸ਼ੈਂਪੂ ਕਰਨ ਵਾਲੀਆਂ ਮਸ਼ੀਨਾਂ ਅਤੇ ਸਾਬਣ ਲੈ ਸਫਾਈ ਵਿਚ ਜੁਟ ਗਏ। ਇਹ ਸੇਵਾ ਜਥੇਦਾਰ ਭਜਨ ਸਿੰਘ ਮਾਂਗਟ ਦੀ ਨਿਗਰਾਨੀ ਵਿਚ ਹੋਈ। ਇਸ ਦੌਰਾਨ ਮੈਟਾਂ ਦੀ ਵੈਕਿਊਮ, ਕੈਮੀਕਲ ਨਾਲ ਸਪਰੇਅ ਕਰ ਗੂੜ੍ਹੇ ਦਾਗ ਉਤਾਰਨੇ, ਰਗ, ਰਨਰ, ਗਲੀਚੇ, ਰਸਤਿਆਂ ਵਾਲੇ ਮੈਟਸ, ਅਤੇ ਸ਼ਿੰਕਾਂ ਵਾਲੇ ਸਮੂਹ ਮੈਟਾਂ ਦੀ ਰੀਝ ਨਾਲ ਸਾਫ-ਸਫ਼ਾਈ ਕੀਤੀ ਗਈ।ਆਪੋ-ਆਪਣੀਆਂ ਲੱਗੀਆਂ ਜ਼ਿੰਮੇਵਾਰੀਆਂ ਅਨੁਸਾਰ ਨਿਸ਼ਕਾਮ ਕਾਰਸੇਵਾ ਦੇ ਜਥੇਦਾਰ ਓਂਕਾਰ ਸਿੰਘ ਢਿੱਲੋਂ, ਭਰਪੂਰ ਸਿੰਘ, ਅਤੇ ਕਰਮਬੀਰ ਸਿੰਘ ਨੇ ਆਪੋ-ਆਪਣੇ ਜਥਿਆਂ ਨਾਲ ਫਲ ਤੇ ਫੁਲਦਾਰ ਰੁੱਖਾਂ ਅਤੇ ਫੁੱਲਾਂ ਦੀਆਂ ਕਿਆਰੀਆਂ ਦੀ ਸਾਫ-ਸਫ਼ਾਈ ਅਤੇ ਕਟਾਈ ਕੀਤੀ। ਸੇਵਕ ਪਿਛਲੇ 18 ਸਾਲਾਂ ਵਿਚ ਲਾਏ 800 ਦੇ ਕਰੀਬ ਰੁੱਖਾਂ ਪੌਦਿਆਂ ਦੀ ਸੇਵਾ-ਸੰਭਾਲ ਕਰਦੇ ਆ ਰਹੇ ਹਨ।

1050 ਡੀਅਰ ਐਵੀਨਿਊ ਦੀ ਅੰਦਰੋਂ-ਬਾਹਰੋਂ ਸਾਬਕਾ ਮੁੱਖ ਸੇਵਾਦਾਰ ਜੈਰਾਮ ਸਿੰਘ ਕਾਹਲੋਂ, ਓਂਕਾਰ ਸਿੰਘ ਲਾਲਜੀ, ਅਤੇ ਇਕਬਾਲ ਸਿੰਘ ਜੱਜ ਹੋਰਾਂ ਸਾਫ-ਸਫਾਈ ਕੀਤੀ। ਰੁਮਾਲਾ ਰੂਮ ਦੀ ਸਫਾਈ ਅਤੇ ਇਨਵੈਂਟਰੀ ਦੀ ਸੇਵਾ ਸੰਭਾਲ ਬੀਬੀ ਜਸਮੀਤ ਕੌਰ ਜੀ ਨੇ ਕੀਤੀ। ਉਨ੍ਹਾਂ ਰੁਮਾਲਿਆਂ ਦੇ ਸੈਟ ਅਨੁਸਾਰ ਦਸਤਾਵੇਜ਼



ਬਣਾਉਣ ਵਿਚ ਕਾਰਜਕਾਰੀ ਸਕੱਤਰ ਸੀਰਤ ਕੌਰ ਕਲੇਰ ਨਾਲ ਮਿਲ ਕੇ ਵਿਉਂਤਬੰਦੀ ਕੀਤੀ। ਸੇਵਕਾਂ ਵਲੋਂ ਗੁਰਮਤਿ ਸਕੂਲ ਦੇ ਲੰਬੇ ਰਨਰ ਅਤੇ ਕਮਰਿਆਂ, ਗੁਰਦੁਆਰਾ ਦਫਤਰ, ਮੀਟਿੰਗ ਵਾਲੇ ਕਮਰਿਆਂ ਦੀ ਸਾਫ-ਸਫ਼ਾਈ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਚੁਫੇਰੇ ਉੱਗੇ ਘਾਹ-ਬੂਟੀਆਂ ਨੂੰ ਪੁੱਟਣ ਦੀ ਸੇਵਾ ਰੀਝ ਨਾਲ ਕੀਤੀ ਗਈ। HVAC ਟੈਕ ਤਰਲੋਚਨ ਸਿੰਘ ਢਿੱਲੋਂ ਅਤੇ ਉਨ੍ਹਾਂ ਦੀ ਟੀਮ ਨੇ ਥਲੇ ਵਾਲੇ ਦੋਵਾਂ ਸ਼ੈਂਡੀਲੀਅਰ ਦੇ ਬੱਲਬਾਂ ਦੀ ਬਦਲੀ ਕਰ ਚਾਨਣ ਕੀਤਾ।

ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਦੀ ਇੰਚਾਰਜ ਬੀਬੀ ਪ੍ਰੀਤੀ ਕੌਰ ਅਤੇ ਉਨ੍ਹਾਂ ਦੇ ਪਰਿਵਾਰ ਨੇ ਡੂੰਘੀ ਸਫ਼ਾਈ ਕੀਤੀ। ਮੈਡੀਕਲ ਕਲੀਨਿਕ ਦੀ ਸਫ਼ਾਈ ਇੰਚਾਰਜ ਟਰੱਸਟੀ ਗੁਰਿੰਦਰ ਸਿੰਘ ਸੰਧੂ ਹੋਰਾਂ ਖੁਦ ਕੀਤੀ। ਨਵਜੋਧ ਸਿੰਘ ਬਾਜਵਾ ਨੇ ਆਏ ਸੇਵਕਾਂ ਦੀ ਗਰੁੱਪ ਫੋਟੋ ਬਹੁਤ ਰੀਝ ਨਾਲ ਉਤਾਰੀ, ਜੋ ਗੁਰਦੁਆਰਾ ਸਾਹਿਬ ਦੇ ਇਤਿਹਾਸਕ ਦਸਤਾਵੇਜ਼ ਹਨ।

ਬਾਅਦ ਦੁਪਹਿਰ ਬਲਦੇਵ ਸਿੰਘ ਗਿੱਲ ਹੋਰਾਂ ਨੇ ਰਹਿ ਗਏ ਕਾਰਜਾਂ ਦੀ ਸੂਚੀ ਤਿਆਰ ਕੀਤੀ, ਜਿਸ ਵਿਚ ਜ਼ਰੂਰੀ ਕਾਰਜ ਪੈਰ ਧੋਣ ਵਾਲੇ ਸਟੇਸ਼ਨ ਦੀ ਡੂੰਘੀ ਸਫ਼ਾਈ ਸਤਨਾਮ ਸਿੰਘ ਗਿੱਲ, ਕੁਲਦੀਪ ਸਿੰਘ ਢਿੱਲੋਂ ਅਤੇ ਸੇਵਕਾਂ ਨੇ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰੀਤਵਾਨ ਸੇਵਕ ਭੁਪਿੰਦਰ ਸਿੰਘ ਝੱਜ, ਮੱਖਣ ਸਿੰਘ ਜੌਹਲ, ਜਗਜੀਤ ਸਿੰਘ ਢੀਂਡਸਾ, ਸੁਖਦੇਵ ਸਿੰਘ ਧਾਲੀਵਾਲ, ਸੰਤੋਖ ਸਿੰਘ ਭਟਨੂਰਾ, ਦਾਨੀ ਸੱਜਣਾਂ ਨੇ ਗੁਰੂ ਦੇ ਖਜ਼ਾਨੇ ਵਿਚ 1450 ਡਾਲਰ ਪਾਏ। ਦਾਸ ਅਤੇ ਸਮੂਹ ਸੇਵਾ ਵਿਚ ਆਈ ਸੰਗਤ ਵਲੋਂ ਸ. ਬਲਵੰਤ ਸਿੰਘ ਹੰਸਰਾ (ਗੁਰਦੁਆਰਾ ਫਾਊਂਡਰ ਮੈਂਬਰ) ਹੋਰਾਂ ਦਾ ਤਹਿ ਦਿਲੋਂ ਧੰਨਵਾਦ, ਜਿਨ੍ਹਾਂ ਗਰਮੀਆਂ ਦੀ ਸੇਵਾ ਵਿਚ ਪਹੁੰਚ ਸੇਵਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਨਿਸ਼ਕਾਮ ਕਾਰਸੇਵਾ ਦੇ ਕਾਰਜਾਂ ਵਾਸਤੇ ਚੈਕ ਵੀ ਦਿਤਾ। ਦਾਸ, ਸੇਵਕ ਗੁਰਦੀਪ ਸਿੰਘ ਵਿਰਕ ਅਤੇ ਸਮੂਹ ਪਰਿਵਾਰ ਦਾ ਧੰਨਵਾਦੀ ਹੈ, ਜਿਨ੍ਹਾਂ ਜੋੜਾ ਘਰ, ਕੋਟ ਹੈਂਗਰ ਰੂਮ, ਅਤੇ ਸਿੱਖ ਇਨਫਾਰਮੇਸ਼ਨ ਗੈਲਰੀ ਦੀ ਡੂੰਘੀ ਸਫ਼ਾਈ ਕੀਤੀ। ਜਥੇਦਾਰ ਓਂਕਾਰ ਸਿੰਘ ਢਿੱਲੋ ਹੋਰਾਂ ਦਾ ਵੀ ਧੰਨਵਾਦ ਜੋ ਤਨ, ਮਨ, ਤੇ ਧਨ ਨਾਲ ਗੁਰਦੁਆਰਾ ਸਾਹਿਬ ਵਿਖੇ ਨਿਸ਼ਕਾਮਤਾ ਦੀਆਂ ਸੇਵਾਵਾਂ ਕਰਦੇ ਆ ਰਹੇ ਹਨ।

**ਗੁਰਦੁਆਰਾ ਨਿਸ਼ਕਾਮ ਸੇਵਕ ਸ. ਸਤਨਾਮ ਸਿੰਘ ਔਲਖ ਅਤੇ ਨਿਸ਼ਕਾਮ ਸੇਵਕਾਂ ਵਲੋਂ ਜ਼ਰੂਰੀ ਬੇਨਤੀਆਂ:**

*1. ਗੁਰਦੁਆਰਾ ਸਾਹਿਬ ਵਿਖੇ ਨਿਸ਼ਕਾਮਤਾ ਦੀਆਂ ਸੇਵਾਵਾਂ ਵਾਸਤੇ ਫਾਰਮ ਕਾਰਸੇਵਾ ਦੇ ਕਮਰੇ ਦੇ ਅੰਦਰ ਬਾਹਰ ਉਪਲਬਧ ਹੈ ਅਤੇ ਹਰ ਨਾਨਕ ਨਾਮ ਲੇਵਾ ਪਰਿਵਾਰ ਦੇ ਇੱਕ ਜੀਅ ਨੂੰ ਨਿਸ਼ਕਾਮ ਸੇਵਾ ਵਿਚ ਦਾਖਲਾ ਲੈਣ ਦੀ ਬੇਨਤੀ ਹੈ, ਤਾਂ ਜੋ ਤੁਹਾਨੂੰ ਪਤਾ ਲਗਦਾ ਰਹੇ ਕਿ ਗਏ ਕੱਲ੍ਹ ਕੀ ਸੇਵਾ ਹੋਈ, ਅੱਜ ਕੀ ਹੋ ਰਹੀ ਹੈ, ਅਤੇ ਆਉਣ ਵਾਲੇ ਸਮੇਂ ਕੀ ਹੋਵੇਗੀ।*

*2. ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚਿਆਂ ਨਾਲ ਗੁਰਦੁਆਰਾ ਸਾਹਿਬ ਵਿਖੇ ਵਾਤਾਵਰਨ ਦੀ ਸਾਫ-ਸਫ਼ਾਈ ਵਾਸਤੇ ਜ਼ਰੂਰ ਪਹੁੰਚੋ ਜੀ।*

*ਦਾਸ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਚਾਰਕ ਅਕਸਰ ਬੇਨਤੀਆਂ ਕਰਦੇ ਹਨ ਕਿ ਸਿੱਖ ਧਰਮ ਸੱਚ ਦੀ ਕਮਾਈ ਦਾ ਧਰਮ ਹੈ। ਜਗਤ ਗੁਰੂ ਨਾਨਕ ਦੇਵ ਜੀ ਆਪਣੇ ਸਮੁਚੇ ਜੀਵਨ ਕਾਲ ਵਿਚ ਸੱਚ ਦੀ ਕਮਾਈ ਕੀਤੀ ਜੋ ਸਿੱਖ ਧਰਮ ਦੀ ਦੂਸਰੇ ਧਰਮਾਂ ਨਾਲੋਂ ਵਿਲੱਖਣਤਾ ਹੈ। ਨਾਨਕ ਜੋਤਿ ਨੇ ਖੁਦ ਨਿਸ਼ਕਾਮਤਾ ਦੀਆਂ ਸੇਵਾਵਾਂ ਕੀਤੀਆਂ, ਕਰਵਾਈਆਂ ਅਤੇ ਸਮੂਹ ਜਗਤ ਨੂੰ ਕਰਨ ਦਾ ਉਪਦੇਸ਼ ਦਿਤਾ। ਨਿਸ਼ਕਾਮ ਸੇਵਾਵਾਂ ਕਰਨ ਨਾਲ ਜੋ ਤਾਕਤ ਵਾਲੀ ਦਵਾਈ ਮਿਲਦੀ ਹੈ, ਉਹ ਕਿਸੇ ਡਾਕਟਰ ਪਾਸੋਂ ਨਹੀਂ ਮਿਲ ਸਕਦੀ।*



# ਸਿੱਖ ਸੋਸਾਇਟੀ ਆਫ਼ ਡੇਅਟਨ ਦੀ ਸੰਗਤ ਨੇ ਅਮਰੀਕੀ ਆਜ਼ਾਦੀ ਦਿਹਾੜਾ ਮਨਾਇਆ

**ਡੇਅਟਨ:** ਸਿੱਖ ਸੋਸਾਇਟੀ ਆਫ਼ ਡੇਅਟਨ ਦੀ ਸੰਗਤ ਨੇ ਅਮਰੀਕਾ ਦਾ 250ਵਾਂ ਆਜ਼ਾਦੀ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਭਾਈ ਹੇਮ ਸਿੰਘ ਦੁਆਰਾ ਅਰਦਾਸ ਤੋਂ ਬਾਅਦ, ਸੰਗਤ ਮੈਂਬਰਾਂ ਅਤੇ ਸੱਦੇ ਗਏ ਮਹਿਮਾਨਾਂ ਬੀਵਰਕ੍ਰੀਕ ਦੇ ਮੇਅਰ ਡੌਨ ਐਡਮਜ਼, ਰਿਵਰਸਾਈਡ ਦੇ ਸਾਬਕਾ ਮੇਅਰ ਬਿਲ ਫਲੌਂਟੀ, ਚੈਪਲੇਨ ਜੋਸ਼ੂਆ (ਕੈਪਟਨ, ਯੂਐਸ ਏਅਰ ਫੋਰਸ), ਕਰਨਲ ਫੜਕੇ, ਅਤੇ ਡਾ. ਪ੍ਰਮੋਦ ਦੁਆਰਾ ਅਮਰੀਕੀ ਝੰਡਾ ਲਹਿਰਾਇਆ ਗਿਆ।

ਆਈਐਫਜੀਡੀ ਦੀ ਚਾਰਲੀਨ ਬੇਲੇਸ ਨੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਸਿਮਰਨ ਕੌਰ ਸਹਿੰਬੀ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਇਸ ਇਤਿਹਾਸਕ ਮੌਕੇ ਸਾਰਿਆਂ ਨੂੰ ਵਧਾਈ ਦਿੱਤੀ। ਕੈਡੇਟ ਸੁਖਮਨ ਕੌਰ ਨੇ ਇਸ ਮੌਕੇ 'ਤੇ ਪਹੁੰਚਣ ਲਈ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਆਪਣੇ ਭਾਸ਼ਣ ਦੌਰਾਨ ਮੇਅਰ ਐਡਮਜ਼ ਨੇ ਕਿਹਾ, 'ਇਸ ਯਾਦਗਾਰੀ ਜਸ਼ਨ ਵਿਚ ਮੈਨੂੰ ਸ਼ਾਮਲ ਕਰਨ ਲਈ ਸਿੱਖ ਸੋਸਾਇਟੀ ਆਫ਼ ਡੇਅਟਨ ਦੇ ਪ੍ਰਬੰਧਕਾਂ ਅਤੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ। ਇਹ ਸਮਾਰੋਹ ਇਸ ਗੱਲ ਦਾ ਪ੍ਰਤੀਕ ਹੈ ਕਿ ਅਮਰੀਕਾ ਦੀ ਤਾਕਤ ਇਸਦੀ ਵਿਭਿੰਨਤਾ ਅਤੇ ਬਹੁਤ ਸਾਰੇ ਭਾਈਚਾਰਿਆਂ ਵਿਚ ਹੈ ਜੋ ਆਪਣੀਆਂ ਸੱਭਿਆਚਾਰਕ ਅਤੇ ਧਾਰਮਿਕ ਪਰੰਪਰਾਵਾਂ ਦਾ ਸਨਮਾਨ ਕਰਦੇ ਹੋਏ ਸਾਡੇ ਦੇਸ਼ ਦੀ ਸਫਲਤਾ ਵਿਚ ਮਾਣ ਨਾਲ ਯੋਗਦਾਨ ਪਾਉਂਦੇ ਹਨ।' ਮੇਅਰ ਫਲੌਂਟੀ, ਕਰਨਲ ਫੜਕੇ ਅਤੇ ਚੈਪਲੇਨ ਜੋਸ਼ੂਆ ਨੇ ਵੀ ਇਸੇ ਤਰ੍ਹਾਂ ਦੀਆਂ ਭਾਵਨਾਵਾਂ ਪ੍ਰਗਟ ਕੀਤੀਆਂ।

ਅਖੀਰ ਵਿਚ ਡਾ. ਦਰਸ਼ਨ ਸਿੰਘ ਸਹਿੰਬੀ ਨੇ ਆਏ ਮਹਿਮਾਨਾਂ ਅਤੇ ਸੰਗਤ ਮੈਂਬਰਾਂ ਦਾ ਇਸ ਸਮਾਰੋਹ ਨੂੰ ਯਾਦਗਾਰੀ ਬਣਾਉਣ ਵਿਚ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ।



























# ਹੋਰਮੁਜ਼ 'ਤੇ ਮੁੜ ਟਕਰਾਏ ਅਮਰੀਕਾ ਅਤੇ ਈਰਾਨ

## ਈਰਾਨ ਵਲੋਂ ਇਕ ਜਹਾਜ਼ 'ਤੇ ਹਮਲਾ; ਅਮਰੀਕਾ ਨੇ 140 ਟਿਕਾਣਿਆਂ 'ਤੇ ਵਰ੍ਹਾਏ ਬੰਬ



**ਨਵੀਂ ਦਿੱਲੀ:**ਸਟ੍ਰੇਟ ਆਫ ਹੋਰਮੁਜ਼ ਤੋਂ ਜਹਾਜ਼ਾਂ ਦੀ ਆਵਾਜਾਈ ਨੂੰ ਲੈ ਕੇ ਅਮਰੀਕਾ ਤੇ ਈਰਾਨ ਵਿਚਾਲੇ ਵਿਵਾਦ ਇਕ ਵਾਰ ਮੁੜ ਫ਼ੌਜੀ ਟਕਰਾਅ 'ਚ ਬਦਲ ਗਿਆ। ਈਰਾਨ ਨੇ ਸ਼ਨਿਚਰਵਾਰ ਨੂੰ ਹੋਰਮੁਜ਼ ਸਟ੍ਰੇਟ 'ਚ ਬਣਾਏ ਗਏ ਨਿਯਮਾਂ ਦੀ ਉਲੰਘਣਾ ਦਾ ਦੋਸ਼ ਲਗਾਉਂਦੇ ਹੋਏ ਸਾਈਪ੍ਰਸ ਦੇ ਝੰਡੇ ਵਾਲੇ ਇਕ ਜਹਾਜ਼ 'ਤੇ ਡ੍ਰੋਨ ਹਮਲਾ ਕੀਤਾ। ਉਥੇ, ਇਕ ਹੋਰ ਜਹਾਜ਼ 'ਤੇ ਚਿਤਾਵਨੀ ਫਾਇਰਿੰਗ ਕੀਤੀ ਗਈ।

ਇਸ ਦੇ ਜਵਾਬ 'ਚ ਅਮਰੀਕਾ ਨੇ ਐਤਵਾਰ ਤੜਕੇ ਪੌਣੇ ਪੰਜ ਵਜੇ ਈਰਾਨ 'ਤੇ ਭਿਆਨਕ ਬੰਬਾਰੀ ਸ਼ੁਰੂ ਕਰ ਦਿੱਤੀ। ਅਮਰੀਕੀ ਸੈਂਟਰਲ ਕਮਾਂਡ (ਸੇਂਟਕਾਮ) ਦੇ ਮੁਤਾਬਕ, ਇਸ ਹਫ਼ਤੇ ਤੀਜੇ ਦੌਰ ਦੇ ਹਮਲਿਆਂ 'ਚ ਈਰਾਨ ਦੇ 140 ਟਿਕਾਣਿਆਂ ਨੂੰ ਨਿਸ਼ਾਨ ਬਣਾਇਆ ਗਿਆ। ਇਸ ਤੋਂ ਪਹਿਲਾਂ ਬੀਤੇ ਮੰਗਲਵਾਰ ਨੂੰ ਦੋਵਾਂ ਧਿਰਾਂ ਵਿਚਾਲੇ ਅਜਿਹਾ ਹੀ ਘਮਸਾਨ ਛਿੜਿਆ ਸੀ।

ਅਮਰੀਕੀ ਕਾਰਵਾਈ ਦੇ ਜਵਾਬ 'ਚ ਈਰਾਨ ਨੇ ਪੱਛਮੀ ਏਸ਼ੀਆ ਦੇ ਕੋਈ ਦੇਸ਼ਾਂ 'ਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਮਿਜ਼ਾਈਲ ਤੇ ਡ੍ਰੋਨ ਹਮਲੇ ਕੀਤੇ। ਓਮਾਨ,ਬਹਿਰੀਨ, ਯੂਏਈ, ਕਤਰ, ਕੁਵੈਤ ਤੇ ਜਾਰਡਨ 'ਚ ਅਮਰੀਕੀ ਟਿਕਾਣਿਆਂ ਨੂੰ ਹੈ ਨਿਸ਼ਾਨਾ ਬਣਾਏ ਜਾਣ ਦਾ ਦਾਅਵਾ ਕੀਤਾ ਗਿਆ। ਈਰਾਨ ਨੇ ਇਹ ਵੀ ਐਲਾਨ ਕੀਤਾ ? ਕਿ ਜਦ ਤੱਕ ਅਮਰੀਕਾ ਖੇਤਰ 'ਚ ਦਖ਼ਲ ਦੇਣਾ ਬੰਦ ਨਹੀਂ ਕਰਦਾ, ਤਦ ਤੱਕ ਹੋਰਮੁਜ਼ ਤੋਂ ਜਹਾਜ਼ਾਂ ਦੀ ਆਵਾਜਾਈ ਰੁਕੀ ਰਹੇਗੀ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਜਲਮਾਰਗ ਪੂਰੀ ਤਰ੍ਹਾਂ ਖੁੱਲ੍ਹਾ ਹੈ ਤੇ ਈਰਾਨ ਦਾ ਜਲਡਮਰੂਮੱਧ 'ਤੇ ਕੋਈ ਕੰਟਰੋਲ ਨਹੀਂ ਹੈ। ਦੋਵਾਂ ਦੇਸ਼ਾਂ ਵਿਚਾਲੇ ਜਾਰੀ ਵਾਰ-ਪਲਟਵਾਰ ਨਾਲ ਅੰਤ੍ਰਿਮ ਸਮਝੌਤੇ ਦੇ ਭਵਿੱਖ 'ਤੇ ਵੀ ਸਲ ਉੱਠਣ ਲੱਗੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਈਰਾਨ ਦੇ ਨਾਲ ਜੰਗਬੰਦੀ ਖ਼ਤਮ ਹੋ ਚੁੱਕੀ ਹੈ, ਹਾਲਾਂਕਿ ਗੱਲਬਾਤ ਲਈ ਦਰਵਾਜ਼ੇ ਖੁੱਲ੍ਹੇ ਹਨ। ਓਧਰ, ਓਮਾਨ ਨੇ ਡ੍ਰੋਨ ਹਮਲਿਆਂ ਦੇ ਵਿਰੋਧ 'ਚ ਈਰਾਨ ਦੇ ਰਾਜਦੂਤ ਨੂੰ ਤਲਬ ਕੀਤਾ, ਜਦਕਿ ਅਮਰੀਕੀ ਦੂਤਘਰ 'ਡਕਮ ਤੇ ਮੁਸੰਦਮ 'ਚ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਦੀ ਸਲਾਹ ਦਿੱਤੀ। ਐਤਵਾਰ ਨੂੰ ਖਾੜੀ ਖੇਤਰ ਦੇ ਕਈ ਦੇਸ਼ਾਂ 'ਚ ਪੂਰਾ ਦਿਨ ਹਮਲਿਆਂ ਦੇ ਸਾਇਰਨ ਵੱਜਦੇ ਰਹੇ।

ਨਿਊਯਾਰਕ ਟਾਈਮਜ਼ ਮੁਤਾਬਕ, ਈਰਾਨ ਨੇ ਦਾਅਵਾ ਕੀਤਾ ਹੈ ਕਿ ਸ਼ਨਿਚਰਵਾਰ ਨੂੰ ਬਿਨਾਂ ਮਨਜ਼ੂਰੀ ਦੇ ਹੋਰਮੁਜ਼ ਸਟ੍ਰੇਟ ਤੋਂ ਗੁਜ਼ਰ ਰਹੇ ਇਕ ਜਹਾਜ਼ ਨੂੰ ਚਿਤਾਵਨੀ ਦੇਣ ਲਈ ਪਹਿਲਾ ਵਾਰਨਿੰਗ ਸ਼ਾਟ ਮਾਰਿਆ ਗਿਆ ਸੀ। ਐਤਵਾਰ ਨੂੰ ਉਸ. ਨੇ ਇਕ ਹੋਰ ਜਹਾਜ਼ 'ਤੇ ਹਮਲਾ ਕਰ ਕੇ ਉਸਨੂੰ ਨਾਕਾਰਾ ਕਰਨ ਦਾ ਦਾਅਵਾ ਕੀਤਾ। ਹਮਲੇ ਵਿਚ ਜਹਾਜ਼ ਦੇ ਇੰਜਣ ਵਾਲੇ ਕਮਰੇ ਵਿਚ ਅੱਗ ਲੱਗ ਗਈ ਅਤੇ ਇਕ ਕਰੂ ਦਾ ਮੈਂਬਰ ਗ਼ਾਇਬ ਹੋ ਗਿਆ। ਸਾਈਪ੍ਰਸ ਦੇ ਝੰਡੇ ਵਾਲਾ ਇਹ ਜਹਾਜ਼ ਓਮਾਨ ਤੋਂ ਰਵਾਨਾ ਹੋਇਆ ਸੀ। ਓਮਾਨ ਦੇ ਅਨੁਸਾਰ, ਜਹਾਜ਼ 'ਤੇ ਸਵਾਰ 23 ਕਰੂ ਦੇ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਕਤਰ ਨੇ ਸਾਵਧਾਨੀ ਦੇ ਤੌਰ 'ਤੇ ਸਾਰੀਆਂ ਸਮੁੰਦਰੀ ਗਤੀਵਿਧੀਆਂ 'ਤੇ ਰੋਕ ਲਗਾ ਦਿੱਤੀ ਹੈ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਓਮਾਨ ਦੇ ਵਿਦੇਸ਼ ਮੰਤਰੀ ਬਦਰ ਅਲਬੁਸੈਦੀ ਨਾਲ ਹੋਰਮੁਜ਼ ਵਿਚ ਸਹਿਯੋਗ ਬਾਰੇ ਗੱਲਬਾਤ ਕੀਤੀ। ਇਸ ਦੌਰਾਨ ਕਤਰ ਦੇ ਅਧਿਕਾਰੀ ਵੀ ਮੌਜੂਦ ਰਹੇ। ਦੂਜੇ ਪਾਸੇ, ਪ੍ਰਮੁੱਖ ਵਾਰਤਾਕਾਰ ਮੁਹੰਮਦ ਬਾਕਰ ਗਲੀਬਾਫ ਨੇ ਅਮਰੀਕਾ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ''ਇਕਤਰਫ਼ਾ ਸਮਝੌਤਿਆਂ ਦਾ ਦੌਰ ਖ਼ਤਮ ਹੋ ਚੁੱਕਾ ਹੈ।

ਅਸੀਂ ਤੁਹਾਨੂੰ (ਅਮਰੀਕਾ) ਦੱਸ ਰਹੇ ਹਾਂ ਕਿ "ਆਪਣੀ ਗੱਲ ਦਾ ਮਾਣ ਰੱਖੋ ਜਾਂ ਨਤੀਜੇ ਭੁਗਤਣ ਲਈ ਤਿਆਰ ਰਹੋ। ਹਕੀਕਤ ਦਰਵਾਜ਼ੇ 'ਤੇ ਦਸਤਕ ਦੇ ਰਹੀ ਹੈ।" ਆਈਆਰਜੀਸੀ ਨੇ ਦਾਅਵਾ ਕੀਤਾ ਕਿ ਅਮਰੀਕੀ ਹਮਲੇ 'ਚ ਉਸ ਦਾ ਇਕ ਨੇਵੀ ਅਧਿਕਾਰੀ ਮਾਰਿਆ ਗਿਆ। ਇਸ ਦੇ ਨਾਲ ਹੀ ਓਮਾਨ ਦੀ ਡੁਕਮ ਬੰਦਰਗਾਹ 'ਤੇ ਅਮਰੀਕੀ ਫ਼ੌਜੀ ਸਹਾਇਤਾ ਅਤੇ ਰੀਫਿਊਲਿੰਗ ਪਲੇਟਫਾਰਮ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਦਾਅਵਾ ਕੀਤਾ ਗਿਆ। । ਜਾਰਡਨ ਵਿਚ ਇਕ ਮਿਜ਼ਾਈਲ ਡਿੱਗਣ ਨਾਲ ਹਲਕਾ ਨੁਕਸਾਨ ਹੋਇਆ, ਜਦਕਿ ਹੋਰ ਦੇਸ਼ਾਂ ਨੇ ਬਹੁਤ ਸਾਰੀਆਂ ਮਿਜ਼ਾਈਲਾਂ ਤੇ . ਡ੍ਰੋਨਾਂ ਨੂੰ ਹਵਾ 'ਚ ਹੀ ਮਾਰ ਸੁੱਟਣ ਦਾ ਦਾਅਵਾ ਕੀਤਾ। ਏਪੀ ਮੁਤਾਬਕ, ਸੇਂਟਕਾਮ ਨੇ ਕਿਹਾ ਕਿ ਨਵੇਂ ਹਮਲੇ ਈਰਾਨ ਵੱਲੋਂ ਅੰਤ੍ਰਿਮ ਸਮਝੌਤੇ (ਐੱਮਓਯੂ) ਦੀ ਪਾਲਣਾ ਨਾ ਕਰਨ ਕਾਰਨ ਕੀਤੇ ਗਏ। ਇਸ ਦੇ ਅਨੁਸਾਰ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਰਦੇਸ਼ 'ਤੇ ਕੀਤੀ ਗਈ ਇਸ ਕਾਰਵਾਈ ਦਾ ਟੀਚਾ ਈਰਾਨ ਦੀ ਫ਼ੌਜੀ ਸਮਰੱਥਾ ਨੂੰ ਕਮਜ਼ੋਰ ਕਰਨਾ ਅਤੇ ਹੋਰਮੁਜ਼ ਤੋਂ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣਾ ਸੀ।

### ਅਮਰੀਕਾ-ਈਰਾਨ ਦੇ ਵਿਚਕਾਰ ਕੀ ਹੈ ਹੋਰਮੁਜ਼ ਵਿਵਾਦ?

ਹੋਰਮੁਜ਼ ਸਟ੍ਰੇਟ ਦੁਨੀਆ ਭਰ ਦੀਆਂ ਊਰਜਾ ਦੀਆਂ ਜ਼ਰੂਰਤਾਂ ਦਾ ਲਗਪਗ 20 ਫ਼ੀਸਦੀ ਸਪਲਾਈ ਕਰਦਾ ਹੈ। ਇਸ ਲਈ ਇਸ ਨੂੰ ਸਭ ਤੋਂ ਮਹੱਤਵਪੂਰਨ ਰਣਨੀਤਕ ਸਮੁੰਦਰੀ ਮਾਰਗਾਂ 'ਚ ਗਿਣਿਆ ਜਾਂਦਾ ਹੈ। ਰਾਇਟਰ ਦੇ ਅਨੁਸਾਰ, ਅਮਰੀਕਾ ਚਾਹੁੰਦਾ ਹੈ ਕਿ ਫਾਰਸ ਦੀ ਖਾੜੀ ਤੋਂ ਆਉਣ-ਜਾਣ ਵਾਲੇ ਜਹਾਜ਼ ਓਮਾਨ ਦੇ ਹਿੱਸੇ ਵਾਲੇ ਹੋਰਮੁਜ਼ ਸਟ੍ਰੇਟ ਦੇ ਦੱਖਣੀ ਮਾਰਗ ਦਾ ਇਸਤੇਮਾਲ ਕਰਨ। ਦਾਅਵਾ ਹੈ ਕਿ ਇੱਥੇ ਜਹਾਜ਼ਾਂ ਦੀ ਦੋਤਰਫ਼ਾ ਆਵਾਜਾਈ ਦੀ ਸਹੂਲਤ ਹੈ। ਦੂਜੇ ਪਾਸੇ, ਈਰਾਨ ਕਹਿੰਦਾ ਹੈ ਕਿ ਜਹਾਜ਼ ਉਸ ਦੇ ਦੱਸੇ ਉੱਤਰੀ ਜਲਮਾਰਗ ਤੋਂ ਗੁਜ਼ਰਣ।

# ਜੇ ਟਰੰਪ ਦੀ ਹੱਤਿਆ ਹੋਈ ਤਾਂ ਕੀ ਕਰੇਗਾ ਅਮਰੀਕਾ !

**ਵਾਸ਼ਿੰਗਟਨ:**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਦੇ ਬਾਅਦ ਕਿ ਉਨ੍ਹਾਂ ਦੀ ਹੱਤਿਆ ਦੀ ਹਾਲਤ 'ਚ ਈਰਾਨ 'ਤੇ ਵੱਡੇ ਪੱਧਰ 'ਤੇ ਮਿਜ਼ਾਈਲ ਹਮਲੇ ਕਰਨ ਦੇ ਹੁਕਮ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ, 'ਤੇ ਸੰਵਿਧਾਨਕ ਮਾਹਰਾਂ ਨੇ ਸਪਸ਼ਟ ਕੀਤਾ ਹੈ ਕਿ ਅਮਰੀਕੀ ਕਾਨੂੰਨ 'ਚ ਅਜਿਹੀ ਕੋਈ ਵਿਵਸਥਾ ਨਹੀਂ ਹੈ, ਜਿਸ ਦੇ ਤਹਿਤ ਰਾਸ਼ਟਰਪਤੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਫ਼ੌਜੀ ਹੁਕਮ ਆਪਣੇ-ਆਪ ਲਾਗੂ ਹੋ ਜਾਣ। ਸੰਵਿਧਾਨ ਦੀ 25ਵੀਂ ਸੋਧ ਤੇ 1947 ਦੇ ਪ੍ਰੈਜ਼ੀਡੈਂਸ਼ੀਅਲ ਸਕਸੈਸ਼ਨ ਐਕਟ ਦੇ ਅਨੁਸਾਰ ਰਾਸ਼ਟਰਪਤੀ ਦੀ ਮੌਤ ਹੋਣ 'ਤੇ ਉਪ ਰਾਸ਼ਟਰਪਤੀ ਜੇਡੀ ਵੇਂਸ ਤਤਕਾਲ ਰਾਸ਼ਟਰਪਤੀ ਤੇ ਹਥਿਆਰਬੰਦ ਦਸਤਿਆਂ ਦੇ ਸਰਬਉੱਚ ਕਮਾਂਡਰ ਬਣ ਜਾਣਗੇ।



ਇਸ ਤੋਂ ਬਾਅਦ ਈਰਾਨ ਵਿਰੁੱਧ ਫ਼ੌਜੀ ਕਾਰਵਾਈਕਰਨੀ ਹੈ ਜਾਂ ਨਹੀਂ, ਇਸ ਦਾ ਆਖਰੀ ਫੈਸਲਾ ਉਨ੍ਹਾਂ ਦੇ ਅਧਿਕਾਰੀ ਖੇਤਰ 'ਚ ਹੋਵੇਗਾ। ਉਹ ਟਰੰਪ ਦੀ ਇੱਛਾ ਅਨੁਸਾਰ ਕਦਮ ਚੁੱਕ ਸਕਦੇ ਹਨ ਜਾਂ ਹਾਲਾਤ ਅਨੁਸਾਰ ਵੱਖਰਾ ਫੈਸਲਾ ਵੀ ਲੈ ਸਕਦੇ ਹਨ। ਟਰੰਪ ਨੇ ਹਾਲ ਹੀ 'ਚ ਆਪਣੀ ਇੰਟਰਨੈੱਟ ਮੀਡੀਆ ਪੋਸਟ 'ਚ ਦਾਅਵਾ ਕੀਤਾ ਸੀ ਕਿ ਜੇ ਈਰਾਨ ਉਨ੍ਹਾਂ ਦੀ ਹੱਤਿਆ ਕਰਦਾ ਹੈ ਤਾਂ ਉਨ੍ਹਾਂ ਵੱਲੋਂ 1,000 ਮਿਜ਼ਾਈਲਾਂ ਪਹਿਲਾਂ ਤੋਂ ਨਿਸ਼ਾਨਾ ਸਾਧੇ ਤਿਆਰ ਹਨ ਤੇ ਲੋੜ ਪੈਣ 'ਤੇ ਹਜ਼ਾਰਾਂ ਹੋਰ ਮਿਜ਼ਾਈਲਾਂ ਵੀ ਦਾਗੀਆਂ ਜਾਣਗੀਆਂ। ਹਾਲਾਂਕ ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕਾ ਨੇ ਕਦੇ ਵੀ ਤਕਨੀਕੀ ਡੈੱਡ ਮੈਨ ਸਵਿਚ ਵਰਗੀ ਵਿਵਸਥਾ ਨਹੀਂ ਅਪਨਾਈ ਹੈ, ਜੋ ਰਾਸ਼ਟਰਪਤੀ ਦੀ ਮੌਤ ਤੋਂ ਬਾਅਦ ਖ਼ੁੱਦ ਫ਼ੌਜੀ ਹਮਲਾ ਸ਼ੁਰੂ ਕਰ ਦੇਵੇ। ਲੇਖਕ ਤੇ ਸੁਰੱਖਿਆ ਮਾਮਲਿਆਂ ਦੇ ਮਾਹਰ ਗੈਰੇਟ ਐੱਮ ਗ੍ਰਾਫ ਅਨੁਸਾਰ ਰਾਸ਼ਟਰਪਤੀ ਦੀ ਮੌਤ ਦੇ ਨਾਲ ਹੀ ਫ਼ੌਜੀ ਕਾਰਵਾਈ ਦਾ ਅਧਿਕਾਰ ਉਨ੍ਹਾਂ ਦੇ ਵਾਰਿਸ ਕੋਲ ਚਲਾ ਜਾਂਦਾ ਹੈ, ਇਸ ਲਈ ਕਿਸੇ ਵੀ ਅਗਾਊਂ ਹੁਕਮ ਦੀ ਜਾਇਜ਼ਤਾ 'ਤੇ ਆਖਰੀ ਫੈਸਲਾ ਨਵੇਂ ਰਾਸ਼ਟਰਪਤੀ ਦਾ ਹੀ ਹੋਵੇਗਾ। ਇਸ ਦੌਰਾਨ ਈਰਾਨ ਦੇ ਸਰਬਉੱਚ ਨੇਤਾ ਮੋਜਤਬਾ ਖਾਮਨੇਈ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਗੱਲ ਦੁਹਰਾਈ ਹੈ। ਆਖਰੀ ਸੰਸਕਾਰ ਦੌਰਾਨ ਵੀ ਟਰੰਪ ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਵਿਰੁੱਧ ਨਾਅਰੇ ਤੇ ਪੋਸਟਰ ਦਿਖਾਈ ਦਿੱਤੇ। ਉੱਧਰ ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ ਇਜ਼ਰਾਈਲ ਨੇ ਟਰੰਪ ਦੇ ਵਿਰੁੱਧ ਸੰਭਾਵੀ ਈਰਾਨੀ ਸਾਜ਼ਿਸ਼ਾਂ ਨੂੰ ਲੈ ਕੇ ਅਮਰੀਕਾ ਨੂੰ ਸਾਵਧਾਨ ਕੀਤਾ ਹੈ। ਵਾਈਟ ਹਾਊਸ ਨੇ ਇਸ 'ਤੇ ਅਧਿਕਾਰਕ ਟਿੱਪਣੀ ਨਹੀਂ ਕੀਤੀ ਹੈ, ਜਦਕਿ ਟਰੰਪ ਨੇ ਕਿਹਾ ਹੈ ਕਿ ਈਰਾਨ ਉਨ੍ਹਾਂ ਨੂੰ ਨਿਸ਼ਾਨਾ ਬਨਾਉਣਾ ਚਾਹੁੰਦਾ ਹੈ। ਅਮਰੀਕਾ ਪਹਿਲਾਂ ਵੀ ਈਰਾਨ ਨੂੰ ਚੇਤਾਵਨੀ ਦੇ ਚੁੱਕਾ ਹੈ ਕਿ ਕਿਸੇ ਅਮਰੀਕੀ ਨੇਤਾ ਜਾਂ ਨਾਗਰਿਕ 'ਤੇ ਹਮਲਾ ਗੰਭੀਰ ਨਤੀਜਿਆਂ ਦਾ ਕਾਰਨ ਬਣੇਗਾ।

# ਫੀਜ਼ਿਕਸ ਓਲੰਪਿਆਡ 'ਚ ਭਾਰਤ ਨੇ ਜਿੱਤੇ 5 ਗੋਲਡ

**ਨਵੀਂ ਦਿੱਲੀ:**ਕੋਲੰਬੀਆ 'ਚ ਕਰਵਾਏ 56ਵੇਂ ਅੰਤਰਰਾਸ਼ਟਰੀ ਫੀਜ਼ਿਕਸ ਓਲੰਪਿਆਡ 2026 'ਚ ਭਾਰਤ ਦੀ ਪੰਜ ਮੈਂਬਰੀ ਟੀਮ ਨੇ ਯੋਗਤਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਾਰੇ ਪੰਜ ਗੋਲਡ ਮੈਡਲ ਜਿੱਤੇ। ਇਸ ਇਤਿਹਾਸਕ ਪ੍ਰਦਰਸ਼ਨ ਦੇ ਨਾਲ ਭਾਰਤ ਨੇ ਚੀਨ, ਕਜ਼ਾਕਿਸਤਾਨ, ਰੂਸ, ਦੱਖਣੀ ਕੋਰੀਆ ਤੇ ਤਾਇਨਵਾਨ ਦੇ ਨਾਲ ਸਾਂਝੇ ਤੌਰ 'ਤੇ ਸਿਖਰਲਾ ਸਥਾਨ ਹਾਸਲ ਕੀਤਾ। ਇਹ ਚੈਂਪੀਅਨਸ਼ਿਪ ਛੇ ਜੁਲਾਈ ਤੋਂ 14 ਜੁਲਾਈ 2026 ਤੱਕ ਕਰਵਾਈ ਜਾ ਰਹੀ ਹੈ। ਇਸ 'ਚ 87 ਦੇਸ਼ਾਂ ਦੇ 381 ਵਿਦਿਆਰਥੀਆਂ ਨੇ ਹਿੱਸਾ ਲਿਆ। ਗੋਲਡ ਮੈਡਲ ਜੇਤੂ ਭਾਰਤੀ ਵਿਦਿਆਰਥੀਆਂ 'ਚ ਪੁਣੇ ਤੋਂ ਕਨਿਸ਼ਕ ਜੈਨ, ਇੰਦੌਰ ਤੋਂ ਰਿੱਦਧੇਸ਼ ਅਨੰਤ ਬੇਂਡਾਲੇ, ਦਵਾਰਕਾ ਨਵੀਂ ਦਿੱਲੀ ਤੋਂ ਰਿਸ਼ਿਤ ਗਰਗ, ਮੁੰਬਈ ਤੋਂ ਸ਼੍ਰੇਸ਼ਠ ਸੁਰੈਯਾ ਤੇ ਅਹਿਮਦਾਬਾਦ ਤੋਂ ਸਵਰਿਤ ਜੋਸ਼ੀ ਸ਼ਾਮਲ ਹਨ।




# ਪਾਕਿਸਤਾਨ 'ਚ ਵੀ 'ਸਤਲੁਜ' ਉਤੇ ਛਿੜੀ ਬਹਿਸ

**ਚੰਡੀਗੜ੍ਹ:**ਫਿਲਮ 'ਸਤਲੁਜ ਨੂੰ ਲੈ ਕੇ ਹੁਣ ਪਾਕਿਸਤਾਨ 'ਚ ਵੀ ਬਹਿਸ ਤੇਜ਼ ਹੋ ਗਈ ਹੈ। ਬਹਿਸ ਦੀ ਸ਼ੁਰੂਆਤ ਉਥੇ ਦੇ ਸਾਬਕਾ ਸੂਚਨਾ ਮੰਤਰੀ ਤੇ ਪੀਟੀਆਈ ਆਗੂ ਫਵਾਦ ਚੌਧਰੀ ਦੇ ਸਵਾਲ ਤੋਂ ਹੋਈ ਜਿਸ 'ਚ ਉਨ੍ਹਾਂ ਨੇ ਪੁੱਛਿਆ ਕਿ ਪਾਕਿ 'ਚ ਇਹ ਫਿਲਮ ਕਿੱਥੇ ਦੇਖੀ ਜਾ ਸਕਦੀ ਹੈ। ਇਸ ਤੋਂ ਬਾਅਦ ਕਈ ਪਾਕਿ ਦੇ ਕਈ ਪੱਤਰਕਾਰਾਂ, ਆਗੂਆਂ ਤੇ ਸੋਸ਼ਲ ਮੀਡੀਆ ਯੂਜ਼ਰਸ ਨੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਤੇ ਪਾਕਿ ਸਰਕਾਰ ਤੋਂ ਫਿਲਮ ਦੀ ਸਕ੍ਰੀਨਿੰਗ ਕਰਵਾਉਣ ਦੀ ਮੰਗ ਕੀਤੀ ਹੈ। ਫਿਲਮ ਸਬੰਧੀ ਪਾਕਿ 'ਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਸੈਂਸਰਸ਼ਿਪ 'ਤੇ ਵੀ ਬਹਿਸ ਛਿੜ ਗਈ ਹੈ।ਲੋਕਾਂ ਨੇ ਸਵਾਲ ਕੀਤਾ ਕਿ ਪਾਕਿ ਨੂੰ ਫਿਲਮਾਂ ਪ੍ਰਤੀ ਇਹੋ ਹੀ ਵਤੀਰਾ ਅਪਣਾਉਣਾ ਚਾਹੀਦਾ ਹੈ।



# ਓਮਾਨ ਤੱਟ 'ਤੇ ਵਪਾਰਕ ਜਹਾਜ਼ 'ਤੇ ਹਮਲੇ ਦੀ ਭਾਰਤ ਨੇ ਕੀਤੀ ਨਿੰਦਾ

**ਨਵੀਂ ਦਿੱਲੀ:**ਭਾਰਤ ਨੇ ਓਮਾਨ ਤੱਟ ਦੇ ਨੇੜੇ ਵਪਾਰਕ ਜਹਾਜ਼ ਜੀਐੱਫਐੱਸ ਗਲੈਕਸੀ 'ਤੇ ਹੋਏ ਹਮਲੇ ਦੀ ਐਤਵਾਰ ਨੂੰ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ ਖੇਤਰ ਵਿਚ ਵਪਾਰਕ ਜਹਾਜ਼ਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਤੁਰੰਤ ਬੰਦ ਹੋਣੀਆਂ ਚਾਹੀਦੀਆਂ ਹਨ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਜਹਾਜ਼ 'ਤੇ ਸਵਾਰ 11 ਭਾਰਤੀਆਂ ਵਿੱਚੋਂ 10 ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ, ਜਦਕਿ ਇਕ ਭਾਰਤੀ ਅਜੇ ਵੀ ਲਾਪਤਾ ਹੈ। ਦੂਜੇ ਪਾਸੇ, ਓਮਾਨ ਨੇ ਦੱਸਿਆ ਕਿ ਜਹਾਜ਼ ਤੋਂ ਕੁੱਲ 23 ਲੋਕਾਂ ਨੂੰ ਬਚਾਇਆ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਬਿਆਨ ਵਿਚ ਕਿਹਾ ਕਿ ਓਮਾਨ ਸਥਿਤ ਭਾਰਤੀ ਦੂਤਘਰ ਪੂਰੇ ਘਟਨਾਕ੍ਰਮ 'ਤੇ ਨਿਗਰਾਨੀ ਰੱਖ ਰਿਹਾ ਹੈ ਅਤੇ ਭਾਲ ਅਤੇ ਬਚਾਅ ਮੁਹਿੰਮ ਵਿਚ ਓਮਾਨੀ ਅਧਿਕਾਰੀਆਂ ਨਾਲ ਲਗਾਤਾਰ ਸਹਿਯੋਗ ਕਰ ਰਿਹਾ ਹੈ। ਮੰਤਰਾਲੇ ਨੇ ਇਸ ਮੁਹਿੰਮ ਵਿਚ ਸਹਿਯੋਗ ਲਈ ਓਮਾਨ ਸਰਕਾਰ ਦਾ ਧੰਨਵਾਦ ਵੀ ਕੀਤਾ। ਐੱਮਈਏ ਨੇ ਕਿਹਾ ਕਿ ਖੇਤਰ ਵਿਚ ਵਪਾਰਕ ਜਹਾਜ਼ਾਂ 'ਤੇ ਲਗਾਤਾਰ ਹੋ ਰਹੇ ਹਮਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ। ਭਾਰਤ ਨੇ ,ਤਣਾਅ ਨੂੰ ਤੁਰੰਤ ਘਟਾਉਣ ਅਤੇ ਚੱਲ ਰਹੀਆਂ ਗੱਲਬਾਤਾਂ ਨੂੰ ਜਲਦੀ ਕੂਟਨੀਤਕ ਹੱਲ ਤੱਕ ਪਹੁੰਚਾਉਣ ਦੀ ਅਪੀਲ ਕੀਤੀ, ਤਾਂ ਜੋ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਵਾਪਸ ਆ ਸਕੇ।ਭਾਰਤ ਨੇ ਇਹ ਵੀ ਕਿਹਾ ਕਿ ਅੰਤਰਰਾਸ਼ਟਰੀ ਜਲਮਾਰਗਾਂ ਵਿਚ ਵਪਾਰਕ ਜਹਾਜ਼ਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਬੰਦ ਹੋਣੀਆਂ ਚਾਹੀਦੀਆਂ ਹਨ। ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਖੇਤਰ ਵਿਚ ਬੇਰੋਕ ਸਮੁੰਦਰੀ ਆਵਾਜਾਈ ਅਤੇ ਵਪਾਰ ਜਲਦ ਤੋਂ ਜਲਦ ਵਾਪਸ ਲਿਆਉਣਾ ਚਾਹੀਦਾ ਹੈ।



# ਅਦਾਲਤ ਵੱਲੋਂ ਸਿਹਤ ਮੰਤਰੀ ਸਣੇ ਪੰਜ ਨੂੰ ਸੰਮਨ

**ਪਟਿਆਲਾ:**ਸਾਬਕਾ 'ਆਪ' ਮਹਿਲਾ ਆਗੂ ਸ਼ਵੇਤਾ ਜਿੰਦਲ ਦੀ ਪਟੀਸ਼ਨ 'ਤੇ ਪਟਿਆਲਾ ਦੀ ਅਦਾਲਤ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਉਨ੍ਹਾਂ ਦੇ ਪੁੱਤਰ ਰਾਹੁਲ ਸੈਣੀ, ਸਿਹਤ ਮੰਤਰੀ ਦੇ ਦਫ਼ਤਰ ਇੰਚਾਰਜ ਜਸਬੀਰ ਗਾਂਧੀ, ਵਾਰਡ ਨੰਬਰ 14 ਦੇ ਕੌਂਸਲਰ ਗੁਰਕਿਰਪਾਲ ਸਿੰਘ ਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਨੂੰ 20 ਜੁਲਾਈ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਓਧਰ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇੱਕ ਪ੍ਰੋਗਰਾਮ ਦੌਰਾਨ ਸੰਮਨ ਬਾਰੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਅਦਾਲਤ 'ਚ ਦਾਖ਼ਲ ਕੀਤੀ ਗਈ ਪਟੀਸ਼ਨ ਸਿਆਸਤ ਤੋਂ ਪ੍ਰੇਰਿਤ ਹੈ। ਅਦਾਲਤ 'ਚ ਉਨ੍ਹਾਂ ਵੱਲੋਂ ਵੀ ਵਕੀਲ ਪੇਸ਼ ਹੋਣਗੇ ਤੇ ਉਨ੍ਹਾਂ ਨੂੰ ਅਦਾਲਤ 'ਤੇ ਪੂਰਾ ਭਰੋਸਾ ਹੈ ਕਿ ਉਨ੍ਹਾਂ ਨੂੰ ਇਨਸਾਫ਼ ਮਿਲੇਗਾ।



ਪੰਜਾਬ ਟਾਈਮਜ਼

18 ਜੁਲਾਈ, ਸ਼ਨਿਚਰਵਾਰ

# 'ਸਤਲੁਜ' ਦਾ ਸੱਚ

ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਉਸ ਵੱਲੋਂ ਕੌਮ ਲਈ ਕੀਤੇ ਗਏ ਕਾਰਜਾਂ ਬਾਰੇ ਬਣੀ ਫ਼ਿਲਮ 'ਸਤਲੁਜ' ਦੇ ਵਰਤਮਾਨ ਮਹੱਤਵ ਦੀ ਚਰਚਾ ਹਰ ਕਿਸੇ ਦੀ ਜ਼ੁਬਾਨ ਉੱਤੇ ਹੈ। ਘਟਨਾਵਾਂ ਦੇ ਪਿਛੋਕੜ ਵਲ ਜਾਈਏ ਤਾਂ ਜਸਵੰਤ ਸਿੰਘ ਖਾਲੜਾ ਨੂੰ ਆਖਰੀ ਵਾਰ ਸਤੰਬਰ 1995 'ਚ ਅੰਮ੍ਰਿਤਸਰ ਆਪਣੇ ਘਰ ਦੇ ਬਾਹਰ ਆਪਣੀ ਕਾਰ ਧੋਂਦੇ ਦੇਖਿਆ ਗਿਆ ਸੀ। ਇਸ ਤੋਂ ਬਾਅਦ ਇਕ ਅਦਾਲਤ ਨੇ ਪੰਜਾਬ ਪੁਲਿਸ ਦੇ 6 ਅਧਿਕਾਰੀਆਂ ਨੂੰ ਖਾਲੜਾ ਨੂੰ ਅਗਵਾ ਕਰਨ ਅਤੇ ਕਤਲ ਕਰਨ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾਈ। ਖਾਲੜਾ ਨਾਲ ਅਜਿਹਾ ਕਿਉਂ ਕੀਤਾ ਗਿਆ?

ਆਪ੍ਰੇਸ਼ਨ ਬਲੂ ਸਟਾਰ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਪੁਲਿਸ ਨੂੰ ਸ਼ੱਕ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ ਸੀ। ਪੁਲਿਸ 'ਤੇ ਨਿਹੱਥੇ ਸ਼ੱਕੀਆਂ ਨੂੰ ਝੂਠੇ ਮੁਕਾਬਲਿਆਂ 'ਚ ਮਾਰ ਕੇ ਇਨ੍ਹਾਂ ਕਤਲਾਂ ਨੂੰ ਛੁਪਾਉਣ ਲਈ ਹਜ਼ਾਰਾਂ ਲਾਸ਼ਾਂ ਦਾ ਸਸਕਾਰ ਕਰਨ ਦੇ ਦੋਸ਼ ਲੱਗੇ। ਖਾਲੜਾ ਪੰਜਾਬ 'ਚ 25,000 ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਕਰਨ ਦੇ ਨਾਲ ਹੀ ਇਸ ਗੱਲ ਦੀ ਵੀ ਜਾਂਚ ਕਰ ਰਿਹਾ ਸੀ ਕਿ ਅੱਤਵਾਦ ਵਿਰੋਧੀ ਕਾਰਵਾਈਆਂ ਦੌਰਾਨ ਸਹਿਯੋਗ ਕਰਨ ਤੋਂ ਇਨਕਾਰ ਕਰਨ ਵਾਲੇ ਲਗਭਗ 2,000 ਪੁਲਿਸ ਵਾਲੇ ਵੀ ਮਾਰੇ ਗਏ ਸਨ। ਸੀ.ਬੀ.ਆਈ. ਨੇ ਜਾਂਚ ਦੌਰਾਨ ਪਤਾ ਲਗਾਇਆ ਸੀ ਕਿ ਇਕੱਲੇ ਅੰਮ੍ਰਿਤਸਰ ਅਤੇ ਤਰਨ ਤਾਰਨ ਪੁਲਿਸ ਜ਼ਿਲ੍ਹੇ ਵਿਚ ਹੀ ਪੁਲਿਸ ਨੇ 2,097 ਲੋਕਾਂ ਦਾ ਗੈਰ-ਕਾਨੂੰਨੀ ਤੌਰ 'ਤੇ ਸਸਕਾਰ ਕੀਤਾ ਸੀ। ਖਾਲੜਾ ਨੂੰ 'ਲਾਪਤਾ' ਲੋਕਾਂ ਦੀ ਭਾਲ ਕਰਦਿਆਂ ਅੰਮ੍ਰਿਤਸਰ ਨਗਰ ਨਿਗਮ ਤੋਂ ਉਹ ਫਾਈਲ ਮਿਲ ਗਈ, ਜਿਸ 'ਚ ਪੁਲਿਸ ਦੁਆਰਾ ਮਾਰ ਕੇ ਸਸਕਾਰ ਕੀਤੇ ਗਏ ਲੋਕਾਂ ਦੇ ਨਾਂਅ, ਉਮਰ ਤੇ ਪਤੇ ਦਰਜ ਸਨ। ਖਾਲੜਾ ਵਲੋਂ ਡੂੰਘੀ ਖੋਜ ਕਰਨ 'ਤੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰ ਕੀਤੇ ਲੋਕਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ। ਸ਼ਾਇਦ ਇਸੇ ਕਰਕੇ ਖਾਲੜਾ ਨੂੰ ਸਦਾ ਲਈ 'ਚੁੱਪ' ਕਰਵਾ ਦਿੱਤਾ ਗਿਆ ਸੀ।

ਜਸਵੰਤ ਸਿੰਘ ਖਾਲੜਾ ਦੀ ਇਸੇ ਸਰਗਰਮੀ 'ਤੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਫ਼ਿਲਮ 'ਪੰਜਾਬ- 95' ਬਣਾਈ। ਪਰ ਜਦੋਂ 2022 'ਚ ਇਸ ਫ਼ਿਲਮ ਨੂੰ ਸੈਂਸਰ ਬੋਰਡ ਕੋਲ ਕਲੀਅਰੈਂਸ ਲਈ ਭੇਜਿਆ ਗਿਆ ਤਾਂ ਵਿਵਾਦਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸੈਂਸਰ ਬੋਰਡ ਨੇ ਪਹਿਲਾਂ 21 ਕੱਟਾਂ ਦਾ ਸੁਝਾਅ ਦਿੱਤਾ। ਜੋ ਨਿਰਦੇਸ਼ਕ ਨੇ ਮੰਨ ਲਿਆ। ਇਸ ਤੋਂ ਬਾਅਦ ਫ਼ਿਲਮ ਦੀ ਕਈ ਵਾਰ ਸਮੀਖਿਆ ਕੀਤੀ ਗਈ ਅਤੇ 2025 ਤੱਕ 127 ਕੱਟਾਂ ਦਾ ਸੁਝਾਅ ਦੇ ਦਿੱਤਾ ਗਿਆ, ਜਿਸ ਵਿਚ ਮੁੱਖ ਕਿਰਦਾਰ ਖਾਲੜਾ ਦਾ ਨਾਂਅ ਬਦਲਣਾ ਵੀ ਸ਼ਾਮਿਲ ਸੀ। ਨਿਰਦੇਸ਼ਕ ਨੇ ਇਸ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਵਿਵਾਦਾਂ ਕਰਕੇ ਹੀ ਫ਼ਿਲਮ ਨੂੰ ਸਤੰਬਰ 2023 ਵਿਚ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ (ਟੀ.ਆਈ.ਐਫ.ਐਫ.) ਵਿਚ ਰਿਲੀਜ਼ ਨਹੀਂ ਕੀਤਾ ਜਾ ਸਕਿਆ ਸੀ। ਓ.ਟੀ.ਟੀ. ਪਲੇਟਫਾਰਮ 'ਤੇ ਸਮੱਗਰੀ ਨਿਯਮ ਵੱਡੇ ਪਰਦੇ ਤੇ ਟੀ.ਵੀ. ਨਾਲੋਂ ਵਧੇਰੇ ਲਚਕਦਾਰ ਹੋਣ ਕਰਕੇ ਨਿਰਮਾਤਾ ਨੇ 'ਪੰਜਾਬ 95' ਦਾ ਨਾਂਅ 'ਸਤਲੁਜ' ਰੱਖ ਕੇ ਇਸ ਨੂੰ ਜ਼ੀ-5 ਓ.ਟੀ.ਟੀ.'ਤੇ ਰਿਲੀਜ਼ ਕਰ ਦਿੱਤਾ, ਪਰ 48 ਘੰਟਿਆਂ ਬਾਅਦ ਹੀ ਸਰਕਾਰ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦੇ ਕੇ ਜ਼ੀ-5 ਨੂੰ ਫ਼ਿਲਮ 'ਸਤਲੁਜ' ਨੂੰ ਆਪਣੇ ਪਲੇਟਫਾਰਮ ਤੋਂ ਹਟਾਉਣ ਦਾ ਹੁਕਮ ਦੇ ਦਿੱਤਾ। ਕਿਹਾ ਗਿਆ ਹੈ ਕਿ ਫ਼ਿਲਮ ਨੂੰ ਇਸ ਲਈ ਹਟਾਇਆ ਗਿਆ ਹੈ ਕਿਉਂਕਿ ਦੇਸ਼ ਵਿਰੋਧੀ ਤੱਤ ਇਸ ਦੀ ਦੁਰਵਰਤੋਂ ਕਰ ਸਕਦੇ ਹਨ। ਸੈਂਸਰ ਬੋਰਡ 'ਕਸ਼ਮੀਰ ਫਾਈਲਜ਼', 'ਕੇਰਲ ਸਟੋਰੀ' ਵਰਗੀਆਂ ਪ੍ਰਚਾਰ ਫਿਲਮਾਂ ਨੂੰ ਤਾਂ ਮਨਜ਼ੂਰੀ ਦੇ ਦਿੰਦਾ ਹੈ, ਪਰ ਇਤਿਹਾਸਕ ਤੱਥਾਂ 'ਤੇ ਆਧਾਰਿਤ ਫ਼ਿਲਮਾਂ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਦਾ ਹੈ।

ਓ.ਟੀ.ਟੀ. ਪਲੇਟਫਾਰਮ 'ਤੇ ਰਿਲੀਜ਼ ਹੁੰਦਿਆਂ ਹੀ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਡਾਊਨਲੋਡ ਕਰ ਲਿਆ ਹੈ। ਅੱਜ ਹਰ ਘਰ ਵਿਚ ਜਸਵੰਤ ਸਿੰਘ ਖਾਲੜਾ ਬਾਰੇ ਗੱਲ ਹੋ ਰਹੀ ਹੈ। ਥਾਂ-ਥਾਂ ਫਿਲਮ ਵੇਖੀ ਅਤੇ ਵਿਖਾਈ ਜਾ ਰਹੀ ਹੈ। ਪਰ ਓ.ਟੀ.ਟੀ. ਪਲੇਟਫਾਰਮ ਤੋਂ ਫ਼ਿਲਮ ਨੂੰ ਹਟਾਉਣਾ ਇਕ ਅਲੋਕਾਰ ਕਹਾਣੀ ਹੈ। 'ਸਤਲੁਜ' ਨੂੰ ਬੈਕਡੋਰ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪਿਆ ਹੈ। ਜਦੋਂ ਕਿ ਰੈਗੂਲੇਟਰ ਅਤੇ ਪਲੇਟਫਾਰਮ ਸਪੱਸ਼ਟ ਆਦੇਸ਼ਾਂ ਤੋਂ ਬਿਨਾਂ ਕੰਮ ਕਰਦੇ ਹਨ ਤਾਂ ਜ਼ਿੰਮੇਵਾਰੀ ਗਾਇਬ ਹੋ ਜਾਂਦੀ ਹੈ। ਆਮ ਕਰਕੇ ਅਜਿਹੀਆਂ ਫ਼ਿਲਮਾਂ ਦਿਖਾਉਣ ਲਈ ਕਿਹਾ ਜਾਂਦਾ ਹੈ, ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਨਾ ਭੜਕਾਉਣ। ਇਹ ਫ਼ਿਲਮ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਤੱਥਾਂ ਉਤੇ ਅਧਾਰਤ ਹੈ। ਇਹ ਸਪੱਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ ਕਿ ਸਚਾਈ ਦਾ ਸਾਹਮਣਾ ਕਰਕੇ ਹੀ ਜਾਗਰੂਕਤਾ ਪੈਦਾ ਕੀਤੀ ਜਾ ਸਕਦੀ ਹੈ ਅਤੇ ਸਮਾਜ ਨੂੰ ਬਦਲਿਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨੇਕੀ ਬਨਾਮ ਬਦੀ

ਸੱਚ-ਕੁਫਰ ਜਾਂ ਨੇਕੀ ਤੇ ਬਦੀ ਵਾਂਗਰ, ਸਦਾ ਰਹਿਣੇ ਨੇ ਕ੍ਰਿਸ਼ਨ ਤੇ ਕੰਸ ਭਾਈ।
ਹੁੰਦਾ ਟਾਕਰਾ ਆਇਆ ਏ ਜਾਲਮਾਂ ਦਾ, ਖਤਮ ਹੋਈ ਨਾ ਜ਼ੁਲਮ ਦੀ ਅੰਸ ਭਾਈ।
ਵਿਚ ਦੁਨੀਆਂ ਦੇ ਬਗਲੇ ਜੇ ਬਹੁਤ ਹੁੰਦੇ, ਵਿਰਲੇ ਕੀਮਤੀ ਹੁੰਦੇ ਜੀਅ ਹੰਸ ਭਾਈ।
ਹੱਕ ਸੱਚ ਇਨਸਾਫ ਲਈ ਆਏ ਲੜਦੇ, ਗਿਣਤੀ ਸੂਰਿਆਂ ਵਾ.ਲੀ ਸਹੰਸ ਭਾਈ।
ਜਾਨਾਂ ਲੈਂਦੇ ਇੱਕ ਆ ਜਾਂਦੇ 'ਦੂਸਰੇ' ਵੀ, ਰੱਖ ਕੇ ਸਿਰ ਤਲੀ ਜੂਝਣੇ 'ਵਾਲੜੇ' ਵੀ।
ਜ਼ੁਲਮ-ਓ-ਜ਼ਬਰ ਜੇ ਕਦੇ ਵੀ ਮੁੱਕਣੇ ਨੀ, ਆਉਂਦੇ ਰਹਿਣਗੇ ਸੂਰਮੇਂ 'ਖਾਲੜੇ' ਵੀ!

# ਭਰਮ-ਭੁਲੇਖਿਆਂ ਦਾ ਸ਼ਿਕਾਰ ਪੰਜਾਬ ਦੀਆਂ ਸਿਆਸੀ ਪਾਰਟੀਆਂ






ਗੁਰਮੀਤ ਸਿੰਘ ਪਲਾਹੀ
ਫੋਨ: 9815802070

ਪੰਜਾਬ ਭਰ ਵਿਚ ਘਰ-ਘਰ ਜਾ ਕੇ ਗਣਨਾ ਕਰਨ ਦੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਨਿਰੰਤਰ ਤੇਜ਼ੀ ਨਾਲ ਚੱਲ ਰਹੀ ਹੈ। ਚੋਣ ਕਮਿਸ਼ਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 25 ਜੂਨ 2026 ਤੋਂ 18 ਦਿਨਾਂ ਦੇ ਅੰਦਰ ਸੂਬੇ ਨੇ ਇੱਕ ਕਰੋੜ ਤੋਂ ਵੱਧ ਗਣਨਾ ਫਾਰਮਾਂ ਨੂੰ ਸਫਲਤਾਪੂਰਵਕ ਡਿਜੀਟਲਾਈਜ਼ ਕਰ ਲਿਆ ਹੈ। ਇਸ ਦੇ ਨਾਲ ਹੀ, 25 ਜੂਨ ਤੋਂ 24 ਜੁਲਾਈ 2026 ਦੇ ਦਰਮਿਆਨ ਪੰਜਾਬ ਭਰ ਦੇ 2 ਕਰੋੜ 14 ਲੱਖ 61 ਹਜ਼ਾਰ 43 ਵੋਟਰਾਂ ਤੱਕ ਪਹੁੰਚ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ। ਇਸ ਕਾਰਜ ਲਈ 24,453 ਬੀ.ਐਲ.ਓਜ਼ ਲਗਾਏ ਗਏ ਹਨ।

ਇਸ ਸਭ ਦੇ ਬਾਵਜੂਦ, ਆਮ ਲੋਕ ਇਸ ਐਸ.ਆਈ.ਆਰ. ਪ੍ਰਕਿਰਿਆ ਤੋਂ ਪਰੇਸ਼ਾਨ ਹਨ। ਇਹ ਕੰਮ 2003 ਦੀ ਵੋਟਰ ਸੂਚੀ ਨੂੰ ਅਧਾਰ ਮੰਨ ਕੇ ਮੁਕੰਮਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿਚ ਅਜੀਬ ਬੇਚੈਨੀ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਵਿਚ ਚਿੰਤਾ ਜ਼ਿਆਦਾ ਹੈ ਜਿਨ੍ਹਾਂ ਤੱਕ ਹਾਲੇ ਬੀ.ਐਲ.ਓ. ਨਹੀਂ ਪਹੁੰਚੇ ਅਤੇ ਜਿਨ੍ਹਾਂ ਦੇ ਨਾਮ 2003 ਦੀ ਵੋਟਰ ਸੂਚੀ ਵਿਚ ਸ਼ਾਮਲ ਨਹੀਂ ਹਨ।

ਲੋਕਾਂ ਦੀ ਇਹ ਪਰੇਸ਼ਾਨੀ ਸਿਰਫ਼ ਵੋਟ ਕੱਟੇ ਜਾਣ ਜਾਂ ਨਵੀਂ ਵੋਟਰ ਸੂਚੀ ਵਿਚ ਨਾਮ ਸ਼ਾਮਲ ਨਾ ਹੋਣ ਤੱਕ ਸੀਮਤ ਨਹੀਂ ਹੈ; ਬਲਕਿ ਵੱਡੀ ਚਿੰਤਾ ਇਹ ਹੈ ਕਿ ਇਸ ਕਾਰਨ ਬੁਢਾਪਾ ਪੈਂਸ਼ਨ, ਮੁਫ਼ਤ ਅਨਾਜ ਅਤੇ ਔਰਤ ਸਨਮਾਨ ਰਾਸ਼ੀ ਸਮੇਤ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਹੋ ਸਕਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਜ਼ਮੀਨੀ ਵਰਕਰ ਜਾਂ ਨੇਤਾ ਇਨ੍ਹਾਂ ਲੋਕਾਂ ਦੀ ਕਿਸੇ ਕਿਸਮ ਦੀ ਸਹਾਇਤਾ ਨਹੀਂ ਕਰ ਰਹੇ। ਲੋਕਾਂ ਕੋਲ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਤਾਂ ਹਨ, ਪਰ 2003 ਦੀ ਵੋਟਰ ਸੂਚੀ ਵਿਚ ਨਾਮ ਨਾ ਹੋਣ ਕਾਰਨ ਉਹ ਆਪਣੇ ਪਿਓ-ਦਾਦਿਆਂ ਦੇ ਨਾਮ, ਜਨਮ ਮਿਤੀ ਅਤੇ ਹੋਰ ਰਿਕਾਰਡ ਲੱਭਣ ਲਈ ਦਫ਼ਤਰਾਂ ਤੇ ਸਕੂਲਾਂ ਦੇ ਚੱਕਰ ਕੱਟ ਰਹੇ ਹਨ, ਜੋ ਕਿ ਸਭ ਵਿਅਰਥ ਸਾਬਤ ਹੋ ਰਿਹਾ ਹੈ।

ਇਹ ਪਰੇਸ਼ਾਨੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਉਨ੍ਹਾਂ ਔਰਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨਾਲੋਂ ਵੀ ਵੱਧ ਹੈ, ਜਿਨ੍ਹਾਂ ਦੇ ਬੈਂਕ ਖਾਤੇ ਆਧਾਰ ਕਾਰਡ ਜਾਂ ਫੋਨ ਨੰਬਰਾਂ ਨਾਲ ਲਿੰਕ ਨਹੀਂ ਹਨ। ਬੈਂਕਾਂ ਵਿਚ ਨਵੇਂ ਖਾਤੇ ਖੁੱਲ੍ਹ ਨਹੀਂ ਰਹੇ, ਭਰੇ ਹੋਏ ਫਾਰਮ ਹੱਥਾਂ ਵਿਚ ਹਨ ਪਰ ਅਪਲੋਡ ਨਹੀਂ ਹੋ ਰਹੇ। ਸਿਆਸੀ ਪਾਰਟੀਆਂ ਔਰਤਾਂ ਦੀ ਇਸ ਮੁਸ਼ਕਿਲ ਵਿਚ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀਆਂ ਹਨ।

ਕੀ ਸਿਆਸੀ ਪਾਰਟੀਆਂ ਦਾ ਕੰਮ ਸਿਰਫ਼ ਵੋਟਾਂ ਹਥਿਆਉਣਾ ਅਤੇ ਵੱਡੇ-ਵੱਡੇ ਭਾਸ਼ਣ ਦੇਣਾ ਹੀ ਰਹਿ ਗਿਆ ਹੈ? ਕੀ ਲੋਕ-ਹਿੱਤ ਅਤੇ ਲੋਕ-ਤਕਲੀਫ਼ਾਂ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ?

ਇੱਕ ਵਾਰ ਫਿਰ 'ਉਹੀ ਸਰਕਾਰ', 'ਡਬਲ ਇੰਜਣ ਸਰਕਾਰ' ਅਤੇ 'ਖੇਤਰੀ ਪਾਰਟੀ ਸਰਕਾਰ' ਦੇ ਨਾਅਰੇ ਹਵਾ ਵਿਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ 'ਤੇ ਬੰਦਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ।

ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ।

ਮੌਜੂਦਾ ਸਰਕਾਰ ਇਸ ਭਰਮ-ਭੁਲੇਖੇ ਵਿਚ ਹੈ ਕਿ ਉਹ ਐਸ.ਆਈ.ਆਰ. ਤੋਂ ਬਚੀਆਂ-ਖੁਚੀਆਂ ਵੋਟਾਂ ਵਿਚੋਂ ਵੋਟਰਾਂ ਨੂੰ ਆਪਣੇ ਹੱਕ ਵਿਚ ਭੁਗਤਾ ਲਵੇਗੀ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿਚ ਸੜਕਾਂ ਦੀ ਮੁਰੰਮਤ ਸ਼ੁਰੂ ਹੈ, ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਨਵੀਆਂ ਮੁਫ਼ਤ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਅਸਲੀ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ, ਸਰਕਾਰੀ ਨੌਕਰੀਆਂ ਦੇ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨੌਜਵਾਨ ਹਾਲੇ ਵੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਕਾਬੂ ਵਿਚ ਨਹੀਂ ਹੈ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨਾਂ ਵਿਚ ਮੌਜੂਦਾ ਸਰਕਾਰ ਖ਼ਿਲਾਫ਼ ਭਾਰੀ ਰੋਸ ਅਤੇ ਅਸੰਤੋਸ਼ ਪਾਇਆ ਜਾ ਰਿਹਾ ਹੈ। ਕਿਸਾਨਾਂ ਵਿਚ ਸਭ ਤੋਂ ਵੱਡਾ ਗੁੱਸਾ ਇਸ ਗੱਲੋਂ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਨੇ ਜੋ ਸਕੀਮ ਪਹਿਲਾਂ ਲਾਗੂ ਕੀਤੀ ਸੀ ਅਤੇ ਫਿਰ ਵਿਰੋਧ ਕਾਰਨ ਰੱਦ ਕਰ ਦਿੱਤੀ ਸੀ, ਉਸੇ ਸਕੀਮ ਨੂੰ ਹੁਣ ਮੁੜ ਕੁਝ ਸੋਧਾਂ ਸਹਿਤ ਚੋਰ-ਦਰਵਾਜ਼ਿਓਂ ਲਿਆਂਦਾ ਗਿਆ ਹੈ।

ਕਿਸਾਨੀ ਅੱਜ ਸਿਰਫ਼ ਕਰਜ਼ੇ ਦੇ ਬੋਝ ਹੇਠ ਹੀ ਨਹੀਂ ਦੱਬੀ ਹੋਈ, ਬਲਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਿੰਡ ਅਤੇ ਖੇਤੀ-ਬਾੜੀ ਦੋਵੇਂ ਉਜੜਨ ਦੇ ਕੰਢੇ 'ਤੇ ਹਨ। ਇਸੇ ਤਰ੍ਹਾਂ ਸੂਬੇ ਦੇ ਬੇਰੁਜ਼ਗਾਰ ਵੀ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਸਰਕਾਰੀ ਕਰਮਚਾਰੀ ਆਪਣਾ ਹੱਕ ਯਾਨੀ 18% ਮਹਿੰਗਾਈ ਭੱਤਾ (ਡੀਏ) ਲੈਣ ਲਈ ਲਗਾਤਾਰ ਸੰਘਰਸ਼ ਅਤੇ ਅਦਾਲਤੀ ਲੜਾਈਆਂ ਲੜਨ ਦੇ ਰਾਹ ਪੈ ਚੁੱਕੇ ਹਨ।

ਜਿੱਥੋਂ ਤੱਕ ਵੱਖ-ਵੱਖ ਸਿਆਸੀ ਪਾਰਟੀਆਂ ਦੀ ਅੰਦਰੂਨੀ ਸਥਿਤੀ ਦਾ ਸਵਾਲ ਹੈ, ਉਹ ਸਭ ਲੋਕਾਂ ਦੇ ਅਸਲ ਮੁੱਦਿਆਂ 'ਤੇ ਲੜਨ ਦੀ ਬਜਾਏ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ 'ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਇਸ ਦੇ ਬਾਵਜੂਦ ਉਹ ਇਸ ਵਹਿਮ ਵਿਚ ਹਨ ਕਿ ਸੱਤਾਧਾਰੀ ਪਾਰਟੀ ਦੀਆਂ ਨਾਕਾਮੀਆਂ ਕਾਰਨ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਜਦਕਿ ਕਾਂਗਰਸ ਖੁਦ ਅੰਦਰੂਨੀ ਕਾਟੋ-ਕਲੇਸ਼ ਵਿਚ ਫਸੀ ਹੋਈ ਹੈ ਅਤੇ ਇਸ ਦਾ ਹਰ ਨੇਤਾ ਆਪਣੇ ਆਪ ਨੂੰ ਅਗਲਾ ਮੁੱਖ ਮੰਤਰੀ ਸਮਝ ਕੇ ਧੜੇਬੰਦੀ ਨੂੰ ਹਵਾ ਦੇ ਰਿਹਾ ਹੈ।

ਦੂਜੇ ਪਾਸੇ, ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਪੱਛਮੀ ਬੰਗਾਲ ਦੀ ਤਰਜ਼ 'ਤੇ ਪੰਜਾਬ ਵਿਚ ਵੀ ਜੋੜ-ਤੋੜ ਕਰਕੇ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੀ ਹੈ। ਪਰ ਉਨ੍ਹਾਂ ਕੋਲ ਪੰਜਾਬੀਆਂ ਦੇ ਇਸ ਸਵਾਲ ਦਾ ਕੋਈ ਜਵਾਬ ਹੈ ਕਿ ਉਨ੍ਹਾਂ ਨੇ ਸੂਬੇ ਦੇ ਹਿੱਤਾਂ ਲਈ ਕੀ ਕੀਤਾ? ਉਲਟਾ, ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨੂੰ ਬਾਹਰ ਰੱਖ ਕੇ ਹਰਿਆਣਾ ਤੇ ਰਾਜਸਥਾਨ ਨਾਲ ਸਮਝੌਤੇ ਕੀਤੇ ਗਏ ਅਤੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਦਾ ਸੀ, ਖ਼ੁਦਮੁਖਤਿਆਰੀ ਦਾ ਅਲੰਬਰਦਾਰ ਸੀ, ਅੱਜ ਖੁਦ ਟੁੱਟ-ਭੱਜ ਅਤੇ ਖੱਖੜੀਆਂ-ਖੱਖੜੀਆਂ ਹੋਣ ਦੇ ਦੌਰ ਵਿਚੋਂ ਲੰਘ ਰਿਹਾ ਹੈ। ਅਕਾਲੀ ਦਲ ਦੀ ਆਪਸੀ ਫੁੱਟ ਅਤੇ ਧਾਰਮਿਕ ਮਾਮਲਿਆਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਲੋਕਾਂ ਵਿਚ ਉਸ ਦਾ ਅਧਾਰ ਖ਼ਤਮ ਹੋ ਰਿਹਾ ਹੈ। ਉਹ ਵੀ ਭਰਮ-ਭੁਲੇਖੇ 'ਚ ਹੈ ਕਿ ਅਗਲਾ ਪੰਜਾਬ ਦਾ ਹੁਕਮਰਾਨ ਉਹ ਹੀ ਹੋਵੇਗਾ।

ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਧਿਰਾਂ ਸਿਰਫ਼ ਸਿੱਖ ਵੋਟਾਂ ਅਤੇ ਭਾਵੁਕ ਮੁੱਦਿਆਂ ਦੇ ਸਿਰ 'ਤੇ ਪੰਜਾਬ ਵਿਚ ਸੱਤਾ ਹਾਸਲ ਕਰਨ ਦੇ ਭਰਮ ਪਾਲੀ ਬੈਠੀਆਂ ਹਨ। ਦੁਆਬਾ ਖੇਤਰ ਵਿਚ ਸਰਗਰਮ ਬਸਪਾ ਲਈ ਤਾਕਤ ਵਿਚ ਆਉਣਾ ਇੱਕ ਨਾਮੁਮਕਿਨ ਸੁਪਨੇ ਵਰਗਾ ਹੈ, ਜਦਕਿ ਉਹ ਵੀ ਪੰਜਾਬ ਸ਼ਾਸ਼ਕ ਬਣਨਾ ਲੋਚਦਾ ਹੈ। ਖੱਬੀਆਂ ਧਿਰਾਂ ਵੀ ਸਿਆਸੀ ਮੈਦਾਨ ਵਿਚ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੋਈ ਵੱਡਾ ਲੋਕ-ਉਭਾਰ ਪੈਦਾ ਕਰਨ ਵਿਚ ਅਸਮਰੱਥ ਰਹੀਆਂ ਹਨ, ਜਿਸਦੀ ਤਵੱਕੋ ਆਮ ਲੋਕਾਂ ਨੂੰ ਸੀ।

ਇੱਥੇ ਹੀ ਬੱਸ ਨਹੀਂ ਸਿਆਸੀ ਨੇਤਾ ਪਾਰਟੀਆਂ ਬਦਲ ਰਹੇ ਹਨ ਅਤੇ ਇਸ ਤਾਕ ਵਿਚ ਹਨ ਕਿ ਉਨ੍ਹਾਂ ਨੂੰ ਕਿਸ ਸਿਆਸੀ ਪਾਰਟੀ 'ਚ ਜਾ ਕੇ ਫ਼ਾਇਦਾ ਮਿਲੇਗਾ ਅਤੇ ਉਹ ਅਗਲੇ ਸ਼ਾਸ਼ਕ ਬਣ ਸਕਣਗੇ। ਇਹ ਸਵਾਰਥੀ ਨੇਤਾ ਲੋਕ ਹਿੱਤ ਤਿਆਗ ਕੇ, ਆਪਣੇ ਹਿੱਤਾਂ ਦੀ ਪੂਰਤੀ ਲਈ ਯਤਨਸ਼ੀਲ ਹਨ। 'ਆਇਆ ਰਾਮ-ਗਿਆ ਰਾਮ' ਦੀ ਸਿਆਸਤ ਨੇ ਪੰਜਾਬ ਦੇ ਨੇਤਾਵਾਂ ਦੀ ਨੈਤਿਕਤਾ 'ਤੇ ਵੱਡੇ ਸੁਆਲ ਉਠਾਏ ਹਨ।

ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਕੋਈ ਵੀ ਪਾਰਟੀ ਅਗਲੇ 5 ਸਾਲਾਂ ਦਾ ਮੈਨੀਫੈਸਟੋ ਅਤੇ ਉਸ ਨੂੰ ਲਾਗੂ ਕਰਨ ਦਾ ਰੋਡ-ਮੈਪ ਪੇਸ਼ ਕਰਨ ਲਈ ਤਿਆਰ ਹੈ? ਕੀ ਉਨ੍ਹਾਂ ਕੋਲ ਉੱਜੜ ਰਹੇ ਪੰਜਾਬ ਨੂੰ ਬਚਾਉਣ ਦਾ ਕੋਈ ਪਲਾਨ ਹੈ?

ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।

ਪੰਜਾਬ ਦਾ ਇਤਿਹਾਸ ਜ਼ੁਲਮ ਵਿਰੁੱਧ ਲੜਨ ਅਤੇ ਸਵਾਲਾਂ ਦੇ ਜਵਾਬ ਮੰਗਣ ਦਾ ਇਤਿਹਾਸ ਹੈ। ਸਿਆਸੀ ਧਿਰਾਂ ਨੂੰ ਆਪਣੇ ਭਰਮ-ਭੁਲੇਖੇ ਛੱਡ ਕੇ ਪੰਜਾਬ ਦੇ ਅਸਲ ਹਿਤੈਸ਼ੀ ਹੋਣ ਦਾ ਸਬੂਤ ਦੇਣਾ ਪਵੇਗਾ, ਤਾਂ ਜੋ ਪੰਜਾਬ ਦੇ ਜ਼ਖ਼ਮ ਭਰ ਸਕਣ ਅਤੇ ਪੰਜਾਬੀ ਮੁੜ ਅਣਖ ਨਾਲ ਜਿਊਣ ਦੇ ਕਾਬਲ ਹੋ ਸਕਣ।

ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।

# 'ਸਤਲੁਜ' ਉੱਪਰ ਪਾਬੰਦੀ ਅਤੇ ਇਸਦੇ ਵਿਰੋਧ ਦਾ ਸਵਾਲ

**ਚਾਹੇ ਫਿਲਮਾਂ ਹਨ ਜਾਂ ਹੋਰ ਕਲਾ ਵੰਨਗੀਆਂ, ਹਕੂਮਤੀ ਰੋਕਾਂ ਨੂੰ ਨਾਕਾਮ ਬਣਾਉਣ ਲਈ ਬਦਲਵੇਂ ਸਾਧਨ ਅਤੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਹੋਣਗੇ। ਫਿਲਮ ਉੱਪਰ ਲਗਾਈ ਪਾਬੰਦੀ ਹਟਾਏ ਜਾਣ ਦੀ ਮੰਗ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਦੇ ਜਮਹੂਰੀ ਤਕਾਜ਼ੇ 'ਚੋਂ ਵਿਆਪਕ ਪੱਧਰ 'ਤੇ ਉਠਾਈ ਜਾਣੀ ਚਾਹੀਦੀ ਹੈ। ਇਸ ਨੂੰ ਸੱਤਾ ਵੱਲੋਂ ਪ੍ਰਗਟਾਵੇ ਦੇ ਹਰ ਰੂਪ ਉੱਪਰ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਨੂੰ ਠੱਲ੍ਹ ਪਾਉਣ ਅਤੇ ਜਮਹੂਰੀ ਸਪੇਸ ਦੀ ਰਾਖੀ ਲਈ ਸੰਘਰਸ਼ ਦੀ ਚੇਤਨਾ ਤੱਕ ਉੱਚਾ ਚੁੱਕਣਾ ਚਾਹੀਦਾ ਹੈ।**

ਜਸਵੰਤ ਸਿੰਘ ਖਾਲੜਾ ਦੀ ਜੀਵਨ-ਕਹਾਣੀ 'ਤੇ ਆਧਾਰਤ ਅਤੇ ਹਨੀ ਤ੍ਰੇਹਨ ਦੁਆਰਾ ਨਿਰਦੇਸ਼ਿਤ ਫ਼ਿਲਮ 'ਸਤਲੁਜ' ਨੂੰ ਓਟੀਟੀ ਪਲੇਟਫਾਰਮ ਤੋਂ ਹਟਾਏ ਜਾਣ ਨੇ ਕਾਲੇ ਦੌਰ ਵਿਚ ਖੁਰਦ-ਬੁਰਦ ਕੀਤੀਆਂ ਲਾਵਾਰਿਸ ਲਾਸ਼ਾਂ ਦੀ ਚਰਚਾ ਦੁਨੀਆ ਭਰ ਛੇੜ ਦਿੱਤੀ ਹੈ। ਇਹ ਲਾਵਾਰਿਸ ਲਾਸ਼ਾਂ ਭਾਰਤੀ ਹੁਕਮਰਾਨਾਂ ਵੱਲੋਂ ਗ਼ੈਰ-ਅਦਾਲਤੀ ਕਤਲਾਂ ਦੇ ਉਸ ਵਿਆਪਕ ਸਿਲਸਿਲੇ ਦਾ ਚਿੰਨ੍ਹ ਹਨ ਜਿਸਨੂੰ ਮੁਲਕ ਦੀ 'ਏਕਤਾ ਤੇ ਅਖੰਡਤਾ' ਦੀ ਰਾਖੀ ਦੇ ਨਾਂ ਹੇਠ ਅੰਜਾਮ ਦਿੱਤਾ ਗਿਆ। ਸਾਲਾਂ-ਬੱਧੀ ਮਨਜ਼ੂਰੀ ਲਈ ਲਟਕਾਈ ਰੱਖਣ ਅਤੇ ਸੈਂਸਰ ਬੋਰਡ ਦੇ ਅਧਿਕਾਰੀਆਂ ਦੇ ਆਦੇਸ਼ ਅਨੁਸਾਰ ਨਿਰਦੇਸ਼ਕ ਵੱਲੋਂ 127 ਦੇ ਕਰੀਬ ਕੱਟ ਲਗਾਏ ਜਾਣ ਤੋਂ ਬਾਅਦ ਵੀ ਜਦੋਂ ਸਿਨਮਾ ਘਰਾਂ ਵਿਚ

**ਬੂਟਾ ਸਿੰਘ ਮਹਿਮੂਦਪੁਰ**

ਦਿਖਾਉਣ ਲਈ ਮਨਜ਼ੂਰੀ ਨਾ ਦਿੱਤੀ ਗਈ ਤਾਂ ਆਖ਼ਿਰਕਾਰ ਪ੍ਰੋਡਿਊਸਰਾਂ ਵੱਲੋਂ ਫਿਲਮ ਓਟੀਟੀ ਪਲੇਟਫਾਰਮ ਜ਼ੀ5 ਉੱਪਰ ਚਲਾਈ ਗਈ ਸੀ। ਤਾਨਾਸ਼ਾਹ ਸੱਤਾ ਨੇ 48 ਘੰਟਿਆਂ ਦੇ ਅੰਦਰ ਹੀ ਫਿਲਮ ਇਸ ਬਹਾਨੇ ਉੱਥੋਂ ਹਟਵਾ ਦਿੱਤੀ ਕਿ ਇਸਨੂੰ 'ਭਾਰਤ ਵਿਰੋਧੀ ਤਾਕਤਾਂ' ਵਰਤਣਗੀਆਂ। ਸਿਰਫ਼ ਜ਼ੀ5 ਦੇ ਗਾਹਕਾਂ ਦੇ ਦੇਖਣ ਲਈ ਉਪਲਬਧ ਕਰਵਾਈ ਗਈ ਫਿਲਮ ਉੱਥੋਂ ਹਟਾ ਦਿੱਤੇ ਜਾਣ ਨਾਲ ਦੁਨੀਆ ਭਰ 'ਚ ਚਰਚਿਤ ਹੋ ਗਈ ਅਤੇ ਬੇਸ਼ੁਮਾਰ ਲੋਕ ਇਸਨੂੰ ਦੇਖ ਰਹੇ ਹਨ। ਪੰਜਾਬ ਵਿਚ ਬਹੁਤ ਸਾਰੇ ਥਾਈਂ ਲੋਕਾਂ ਨੇ ਪਾਬੰਦੀ ਦਾ ਜਵਾਬ ਸਾਂਝੀਆਂ ਥਾਵਾਂ ਨੂੰ ਓਪਨ-ਏਅਰ ਸਿਨੇਮਾ ਘਰ ਬਣਾ ਕੇ ਅਤੇ ਪ੍ਰੋਜੈਕਟਰਾਂ ਤੇ ਐੱਲ.ਈ.ਡੀ. ਉੱਪਰ ਫਿਲਮ ਜਨਤਕ ਤੌਰ 'ਤੇ ਦਿਖਾ ਕੇ ਦਿੱਤਾ ਹੈ ਅਤੇ ਹੋਰ ਰਾਜਾਂ 'ਚ ਵੀ ਇਸਦੀ ਜਨਤਕ ਸਕਰੀਨਿੰਗ ਕੀਤੀ ਜਾ ਰਹੀ ਹੈ। ਇਸ ਸਾਰਥਕ ਉਪਰਾਲੇ ਨੂੰ ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਫਾਸ਼ੀਵਾਦੀ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਜਮਹੂਰੀ ਚੇਤਨਾ 'ਚ ਬਦਲਣ ਦੀ ਲੋੜ ਹੈ।

ਫਿਲਮ ਨੂੰ ਦਬਾਏ ਜਾਣ ਦੀ ਕਹਾਣੀ ਦੇ ਰੂਪ 'ਚ ਦੁਨੀਆ ਨੇ ਤਾਨਾਸ਼ਾਹ ਸਟੇਟ ਦਾ ਅਸਲ ਚਿਹਰਾ ਇਕ ਵਾਰ ਫਿਰ ਦੇਖ ਲਿਆ, ਜਿਸਦੇ ਹੁਕਮਰਾਨ ਦਾਅਵਾ ਕਰਦੇ ਹਨ ਕਿ ਲੋਕਤੰਤਰ ਤਾਂ ਸਾਡੇ ਡੀ.ਐਨ.ਏ. ਵਿਚ ਹੈ। ਦਰਅਸਲ, ਇੱਥੇ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਨੂੰ ਛਾਂਗਣ ਅਤੇ ਬੇਅਸਰ ਬਣਾਉਣ ਲਈ ਸੈਂਸਰ ਬੋਰਡ ਸਮੇਤ ਧੜਵੈਲ ਤਾਨਾਸ਼ਾਹ ਤੰਤਰ ਬਣਾਇਆ ਗਿਆ ਹੈ, ਜੋ ਪੂਰੀ ਤਰ੍ਹਾਂ ਹਕੂਮਤ ਦੇ ਹਿਤਾਂ ਅਨੁਸਾਰ ਤੈਅ ਕਰਦਾ ਹੈ ਕਿ ਕਿਸ ਫਿਲਮ ਨੂੰ ਮਨਜ਼ੂਰੀ ਦੇਣੀ ਹੈ ਅਤੇ ਕਿਸ ਨੂੰ ਦਬਾਉਣਾ ਹੈ। ਫਿਲਮ ਦਾ ਮੂਲ ਨਾਂ 'ਘੱਲੂਘਾਰਾ' ਸੀ ਜਿਸਨੂੰ ਬਦਲ ਕੇ ਪਹਿਲਾਂ 'ਪੰਜਾਬ '95' ਤੇ ਫਿਰ 'ਸਤਲੁਜ' ਕਰਨਾ ਪਿਆ ਅਤੇ ਸੈਂਸਰ ਬੋਰਡ ਦੇ ਅਧਿਕਾਰੀ ਆਪਣੇ ਵੱਲੋਂ ਹੀ ਮੰਗ ਕੀਤੀ ਕਾਂਟ-ਛਾਂਟ ਕਰ ਦਿੱਤੇ ਜਾਣ ਤੋਂ ਬਾਅਦ ਵੀ ਮਨਜ਼ੂਰੀ ਦੇਣ ਲਈ ਨਹੀਂ ਮੰਨੇ। ਕਿਉਂਕਿ ਉਨ੍ਹਾਂ ਦੀ ਬਦਨੀਅਤ ਤਾਂ ਇਹ ਸੀ ਕਿ ਕਥਿਤ ਇਤਰਾਜ਼ਯੋਗ ਨੁਕਤੇ ਉਠਾਉਣ ਦੀ ਲਗਾਤਾਰ ਕਵਾਇਦ ਰਾਹੀਂ ਫਿਲਮ ਨੂੰ ਦਬਾਉਣਾ ਕਿਵੇਂ ਹੈ।

ਫਿਲਮ ਖ਼ਾਲਸਤਾਨੀ ਲਹਿਰ ਦੇ ਦੌਰ ਵਿਚ ਜਸਵੰਤ ਸਿੰਘ ਖਾਲੜਾ ਦੇ ਲਾਵਾਰਿਸ ਲਾਸ਼ਾਂ ਦੀ ਖੋਜ ਕਰਨ ਦੇ ਸੰਘਰਸ਼ 'ਤੇ ਅਧਾਰਤ ਹੈ ਜਿਸਦਾ ਮੁੱਲ ਉਸਨੂੰ ਖ਼ੁਦ ਵੀ ਲਾਸ਼ ਬਣ ਕੇ ਚੁਕਾਉਣਾ ਪਿਆ। ਹਜ਼ਾਰਾਂ ਲਾਪਤਾ ਵਿਅਕਤੀਆਂ ਦੀ ਫਿਹਰਿਸਤ ਵਿਚ ਇਕ ਨਾਂ ਹੋਰ ਜੁੜ ਗਿਆ, ਜਿਨ੍ਹਾਂ ਨੂੰ ਪੁਲਿਸ ਨੇ ਦਿਨ-ਦਿਹਾੜੇ ਆਮ ਲੋਕਾਂ ਦੇ ਸਾਹਮਣੇ ਅਗਵਾ ਕੀਤਾ ਅਤੇ ਮਾਰ ਕੇ ਖਪਾ ਦਿੱਤਾ। ਝੂਠੇ (ਕੁਝ ਸੱਚੇ) ਮੁਕਾਬਲਿਆਂ, ਹਿਰਾਸਤੀ ਕਤਲਾਂ ਅਤੇ ਅਗਵਾ ਕਰਕੇ ਲਾਪਤਾ ਕਰ ਦਿੱਤੇ ਜਾਣ ਵਰਗੇ ਅਣਗਿਣਤ ਰੂਪਾਂ 'ਚ ਸਟੇਟ ਵੱਲੋਂ ਆਪਣੇ ਹੀ ਨਾਗਰਿਕਾਂ ਨੂੰ ਲਾਸ਼ਾਂ ਬਣਾ ਦੇਣ ਦਾ ਇਹ ਵਰਤਾਰਾ ਉੱਤਰ ਵਿਚ ਜੰਮੂ-ਕਸ਼ਮੀਰ ਤੇ ਪੰਜਾਬ ਤੋਂ ਲੈ ਕੇ ਕੇਂਦਰੀ ਭਾਰਤ, ਉੱਤਰ-ਪੂਰਬੀ ਰਾਜਾਂ ਅਤੇ ਧੁਰ ਦੱਖਣ ਤੱਕ ਦੇਖਿਆ ਜਾ ਸਕਦਾ ਹੈ। ਹਕੂਮਤੀ ਦਹਿਸ਼ਤਗਰਦੀ ਦਾ ਬੋਲਬਾਲਾ ਸਮਾਜ ਵਿਚ ਜ਼ੁਬਾਨਬੰਦੀ ਦਾ ਕੰਮ ਕਰਦਾ ਹੈ ਅਤੇ 'ਸ਼ਾਂਤੀ' ਬਹਾਲ ਕਰਨ ਤੇ ਪੁਲਿਸ/ਸੁਰੱਖਿਆ ਬਲਾਂ/ਫ਼ੌਜ ਦਾ ਮਨੋਬਲ ਬਣਾਈ ਰੱਖਣ ਦੇ ਬਹਾਨੇ ਨਿਆਂ ਲਈ ਕਾਨੂੰਨੀ ਚਾਰਾਜੋਈ ਦਾ ਮਾਮੂਲੀ ਹੱਕ ਖੋਹ ਲੈਣਾ ਆਮ ਗੱਲ ਹੈ। ਜੇਕਰ ਕੁਝ ਕੇਸਾਂ ਵਿਚ ਸਰਕਾਰਾਂ ਨੂੰ ਨਿਆਂਕਾਰੀ ਰਾਜ ਦਾ ਭਰਮ ਬਣਾਈ ਰੱਖਣ ਲਈ ਜਾਂਚ ਕਰਾਉਣ ਅਤੇ ਕਾਨੂੰਨੀ ਕਾਰਵਾਈ ਦਾ ਅੱਕ ਚੱਬਣਾ ਵੀ ਪੈ ਜਾਵੇ, ਜਿਵੇਂ ਖਾਲੜਾ ਦੀ ਖੋਜ ਦੇ ਆਧਾਰ 'ਤੇ ਸੀ.ਬੀ.ਆਈ. ਕੋਲੋਂ ਜਾਂਚ ਕਰਵਾਈ ਗਈ, ਉਸਨੂੰ ਵੀ ਮੁਕੱਦਮੇਬਾਜ਼ੀ ਦੇ ਲੰਮੇ ਚੱਕਰਾਂ ਦੌਰਾਨ ਸਟੇਟ ਦੀ ਤਾਕਤ ਵਰਤ ਕੇ ਸਿਲਸਿਲੇਵਾਰ ਤਰੀਕੇ ਨਾਲ ਬੇਅਸਰ ਬਣਾ ਦਿੱਤਾ ਜਾਂਦਾ ਹੈ। ਸਜ਼ਾਵਾਂ ਨਾਮਨਿਹਾਦ ਹੁੰਦੀਆਂ ਹਨ। ਖਾਲੜਾ ਕੇਸ ਨਾਲ ਸੰਬੰਧਤ ਜਸਪਾਲ ਸਿੰਘ ਵਰਗੇ ਸਜ਼ਾਯਾਫ਼ਤਾ ਅਧਿਕਾਰੀਆਂ ਦਾ ਸਰਕਾਰਾਂ ਦੀ ਮਿਲੀਭੁਗਤ ਨਾਲ ਅੰਤ੍ਰਿਮ ਜ਼ਮਾਨਤ ਲੈ ਕੇ ਲਾਪਤਾ ਹੋਣਾ ਇਸਦੀ ਮਿਸਾਲ ਹੈ। ਘਿਣਾਉਣੇ ਜੁਰਮਾਂ ਬਦਲੇ ਇਹ ਮਾਮੂਲੀ ਸਜ਼ਾਵਾਂ ਵੀ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਹੀ ਹੁੰਦੀਆਂ ਹਨ, ਜਦਕਿ ਜਿਨ੍ਹਾਂ ਹਾਕਮਾਂ/ਸੱਤਾਧਾਰੀ ਪਾਰਟੀ ਅਤੇ ਸਿਖਰਲੇ ਅਧਿਕਾਰੀਆਂ ਦੇ ਹੁਕਮਾਂ 'ਤੇ ਇਹ ਸਭ ਕੁਝ ਕੀਤਾ ਜਾਂਦਾ ਹੈ, ਉਨ੍ਹਾਂ ਦੀ ਜਵਾਬਦੇਹੀ ਕਦੇ ਵੀ ਨਹੀਂ ਹੁੰਦੀ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣ ਜਾਵੇ।

ਇਹ ਗ਼ੌਰ ਕਰਨਾ ਜ਼ਰੂਰੀ ਹੈ ਕਿ ਫਿਲਮ 1980-90ਵਿਆਂ ਦੇ ਕਾਲੇ ਦੌਰ ਦੇ ਹਕੂਮਤੀ ਦਹਿਸ਼ਤਗਰਦੀ ਦੇ ਵਰਤਾਰੇ ਨੂੰ ਇਕ ਖ਼ਾਸ ਕੋਣ ਤੋਂ ਪੇਸ਼ ਕਰਦੀ ਹੈ। ਇਹ ਸਰਕਾਰਾਂ ਅਤੇ ਸਟੇਟ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰਦੀ, ਜਿਨ੍ਹਾਂ ਦੀ ਬੁਨਿਆਦੀ ਨੀਤੀ ਹੀ ਅਜੋਕੇ ਰਾਜ ਪ੍ਰਬੰਧ ਦੀਆਂ ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਵੱਲੋਂ ਪੈਦਾ ਕੀਤੇ ਮਸਲਿਆਂ ਨੂੰ ਅਮਨ-ਕਾਨੂੰਨ ਦੇ ਮਸਲੇ ਕਰਾਰ ਦੇ ਕੇ ਦਬਾਉਣ ਅਤੇ ਜਾਬਰ ਤਾਕਤ ਨਾਲ ਕੁਚਲਣ ਦੀ ਹੈ। ਕੁਲ-ਮਿਲਾ ਕੇ ਫਿਲਮ ਇਹ ਪ੍ਰਭਾਵ ਦਿੰਦੀ ਹੈ ਕਿ ਉਸ ਦੌਰ ਵਿਚ ਹੋਏ ਖ਼ੌਫ਼ਨਾਕ ਕਤਲੇਆਮ ਲਈ ਦੋਸ਼ੀ ਕੁਝ ਪੁਲਿਸ ਅਧਿਕਾਰੀ ਸਨ ਜਿਨ੍ਹਾਂ ਨੇ ਕਾਨੂੰਨ ਨੂੰ ਦਰਕਿਨਾਰ ਕਰਕੇ ਨੌਜਵਾਨਾਂ ਦਾ ਘਾਣ ਕੀਤਾ। ਫਿਲਮ ਬਣਾਉਣ ਵਾਲਿਆਂ ਦਾ ਸਪਸ਼ਟ ਨਜ਼ਰੀਆ ਹੈ ਕਿ ਰਾਜ ਢਾਂਚਾ ਤਾਂ ਨਿਆਂਪਸੰਦ ਹੈ, ਜਿਸਨੇ ਸਾਹਮਣੇ ਆਈਆਂ ਗ਼ੈਰਕਾਨੂੰਨੀ ਹੱਤਿਆਵਾਂ ਅਤੇ ਲਾਪਤਾ ਕੇਸਾਂ ਦੀ ਸੀ.ਬੀ.ਆਈ. ਕੋਲੋਂ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ। ਫਿਲਮ ਵਿਚ ਸੀ.ਬੀ.ਆਈ. ਨਿਆਂ ਦਿਵਾਉਣ ਵਾਲੀ ਸੰਸਥਾ ਵਜੋਂ ਪੇਸ਼ ਹੈ। ਪਿਛਲੇ ਸਾਲ ਕੁਨਾਲ ਕਾਮਰਾ ਨਾਲ ਇੰਟਰਵਿਊ ਵਿਚ ਹਨੀ ਤ੍ਰੇਹਨ ਸਪਸ਼ਟ ਕਹਿੰਦੇ ਹਨ ਕਿ ਉਹ 'ਇਹ ਨਹੀਂ ਕਹਿ ਰਿਹਾ ਕਿ ਸਿਸਟਮ ਖ਼ਰਾਬ ਹੈ, ਹਰ ਸਿਸਟਮ ਵਿਚ ਦੋ-ਤਿੰਨ ਖ਼ਰਾਬ ਲੋਕ ਤਾਂ ਮਿਲ ਹੀ ਜਾਂਦੇ ਹਨ। ਇਹ ਉਨ੍ਹਾਂ ਪੰਜ-ਛੇ ਪੁਲਿਸ ਅਧਿਕਾਰੀਆਂ ਬਾਰੇ ਕਹਾਣੀ ਹੈ ਜਿਨ੍ਹਾਂ ਨੇ ਅਗਵਾ ਕੀਤਾ, ...ਕਾਨੂੰਨ ਦੀ ਅਦਾਲਤ ਨੇ ਮਿਸਟਰ ਖਾਲੜਾ ਨਾਲ ਨਿਆਂ ਕੀਤਾ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ।...' ਹਨੀ ਤ੍ਰੇਹਨ ਨੂੰ ਇਸ ਗੱਲ ਦਾ ਦੁੱਖ ਹੈ ਕਿ ਫਿਲਮ ਸਿਸਟਮ ਦੇ ਪੱਖ ਵਿਚ ਹੋਣ ਦੇ ਬਾਵਜੂਦ ਇਸਨੂੰ ਮਨਜ਼ੂਰੀ ਨਹੀਂ ਦਿੱਤੀ ਗਈ।

ਇਸ ਨਜ਼ਰੀਏ ਦੇ ਬਾਵਜੂਦ ਜੇਕਰ ਫਿਰ ਵੀ 'ਅਮਨ-ਕਾਨੂੰਨ ਦਾ ਮਾਹੌਲ ਵਿਗੜਨ' ਅਤੇ 'ਭਾਰਤ ਵਿਰੁੱਧ ਭਾਵਨਾਵਾਂ ਭੜਕਣ' ਦਾ ਹਊਆ ਦਿਖਾ ਕੇ ਇਹ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਗਈ ਤਾਂ ਇਹ ਹੈਰਾਨੀਜਨਕ ਨਹੀਂ ਹੈ। ਇਸਦਾ ਸਾਫ਼-ਸਾਫ਼ ਮਤਲਬ ਇਹ ਹੈ ਕਿ ਹੁਕਮਰਾਨ ਜਮਾਤ ਚਾਹੁੰਦੀ ਹੈ ਕਿ ਕਲਾ-ਕਿਰਤਾਂ ਦੇ ਮਾਧਿਅਮ ਦੁਆਰਾ ਵੀ ਕੋਈ ਅਜਿਹੀ ਚਰਚਾ ਨਾ ਚੱਲੇ ਜੋ ਸਟੇਟ ਦੇ ਉਪਰੋਕਤ ਕਾਰਿਆਂ ਬਾਰੇ ਕਿਸੇ ਵੀ ਰੂਪ 'ਚ ਸਵਾਲ ਉਠਾਉਣ ਦੀ ਗੁੰਜਾਇਸ਼ ਪੈਦਾ ਕਰਦੀ ਹੋਵੇ। ਬੀਤੇ ਦੇ ਖ਼ੌਫ਼ਨਾਕ ਜਬਰ ਨੂੰ ਦਰਸ਼ਕ ਅਜੋਕੇ ਨਿਜ਼ਾਮ ਨਾਲ ਜੋੜ ਕੇ ਦੇਖਣਗੇ ਤਾਂ ਬੀਤੇ ਦੇ ਕਰੂਰ ਨਕਸ਼ ਉਨ੍ਹਾਂ ਨੂੰ ਸਮਕਾਲੀ ਹਕੂਮਤ 'ਚ



ਨਜ਼ਰ ਆਉਣਗੇ। ਇਸੇ ਕਰਕੇ, ਉਹ ਚਾਹੁੰਦੇ ਹਨ ਕਿ ਇਹ ਸਭ ਲੋਕਾਈ ਦੇ ਚੇਤਿਆਂ 'ਚੋਂ ਹਮੇਸ਼ਾ ਲਈ ਮਿਟ ਜਾਵੇ। ਖ਼ਾਸ ਕਰਕੇ, ਭਗਵਾ ਸਰਕਾਰ ਤਾਂ ਚਾਹੁੰਦੀ ਹੈ ਕਿ ਸਿਰਫ਼ ਤੇ ਸਿਰਫ਼ ਇਸਦੇ ਭਗਵਾ ਰਾਸ਼ਟਰਵਾਦੀ ਰਾਜਨੀਤਕ ਪ੍ਰੋਜੈਕਟ ਅਤੇ ਬਗ਼ਾਵਤਾਂ ਨੂੰ ਦਬਾਉਣ ਦੀ ਬੇਕਿਰਕ ਨੀਤੀ ਦੀ ਤਾਰੀਫ਼ ਕਰਦੀਆਂ ਪ੍ਰਾਪੇਗੰਡਾ ਫਿਲਮਾਂ ਹੀ ਦਰਸ਼ਕਾਂ ਨੂੰ ਪਰੋਸੀਆਂ ਜਾਣ। ਜਾਂ ਅਜਿਹੀਆਂ ਫਿਲਮਾਂ ਹੀ ਪਾਸ ਹੋਣ ਦਿੱਤੀਆਂ ਜਾਣ ਜਿਨ੍ਹਾਂ ਵਿਚ ਹੁਕਮਰਾਨ ਧਿਰ ਦੇ ਹਿਤ ਵਿਚ ਭੁਗਤਣ ਦੀ ਗੁੰਜਾਇਸ਼ ਹੋਵੇ।

ਚਾਹੇ ਸੈਂਸਰ ਬੋਰਡ ਹੈ, ਜੋ ਕਿ ਕਹਿਣ ਨੂੰ ਹੀ ਆਜ਼ਾਦ ਹੈ, ਜਾਂ ਇਸਦਾ ਰਾਜਕੀ ਬੌਸ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਅਤੇ ਕੇਂਦਰ ਸਰਕਾਰ, ਇਨ੍ਹਾਂ ਸਭ ਦੇ ਦੋਹਰੇ ਮਿਆਰਾਂ ਬਾਰੇ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇਗਾ, ਜੋ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਦੇ ਰਾਜਨੀਤਕ ਪ੍ਰੋਜੈਕਟ ਤਹਿਤ ਬਣਾਈਆਂ ਜਾਂਦੀਆਂ ਪ੍ਰਾਪੇਗੰਡਾ ਤਰਜ਼ ਦੀਆਂ ਫਿਲਮਾਂ ਨੂੰ ਸਰਕਾਰੀ ਤੌਰ 'ਤੇ ਪ੍ਰੋਮੋਟ ਕਰਦੇ ਹਨ। ਸੈਂਸਰ ਬੋਰਡ ਦੇ ਅਧਿਕਾਰੀ ਰਾਸ਼ਟਰਵਾਦੀ ਜਨੂੰਨ, ਧਾਰਮਿਕ ਹੰਕਾਰਵਾਦ ਨਾਲ ਗੜੁੱਚ 'ਦੀ ਕਸ਼ਮੀਰ ਫ਼ਾਈਲਜ਼', 'ਕੇਰਲਾ ਫ਼ਾਈਲਜ਼', 'ਧੁਰੰਦਰ' ਵਰਗੇ ਘਿਣਾਉਣੇ ਪ੍ਰਚਾਰ ਨੂੰ ਬਿਨਾਂ ਕਿੰਤੂ-ਪ੍ਰੰਤੂ ਮਨਜ਼ੂਰੀ ਦਿੰਦੇ ਹਨ ਪਰ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ਅੱਗੇ ਡੰਡੌਤ ਕਰਦਿਆਂ 'ਸਤਲੁਜ' ਦੇ ਨਿਰਦੇਸ਼ਕ ਨੂੰ ਆਦੇਸ਼ ਦਿੰਦੇ ਹਨ ਕਿ ਫਿਲਮ ਦਾ ਨਾਂ ਬਦਲੋ, ਹਕੀਕਤ ਵਿਚ ਵਾਪਰੇ ਨੂੰ ਅਸਲੀ ਨਾਂ ਨਾਲ ਪੇਸ਼ ਕਰਨ ਦੀ ਬਜਾਏ ਕਾਲਪਨਿਕ ਕਹਾਣੀ ਦੇ ਰੂਪ ਦਿਖਾਓ, ਸਟੇਟ ਅਤੇ ਭਾਰਤ ਦੇ ਝੰਡੇ ਵਰਗੇ ਚਿੰਨ੍ਹਾਂ ਦਾ ਜ਼ਿਕਰ ਨਾ ਕਰੋ ਅਤੇ ਫਲਾਣੇ-ਫਲਾਣੇ ਹਿੱਸੇ ਨੂੰ ਹਟਾ ਦਿਓ। ਆਪਣੀ ਮਨਪਸੰਦ ਕੱਟ-ਵੱਢ ਕਰਵਾ ਕੇ ਵੀ ਉਨ੍ਹਾਂ ਨੇ ਕਲੀਰੈਂਸ ਨਹੀਂ ਦਿੱਤੀ।

ਚੰਗੀ ਗੱਲ ਇਹ ਹੈ ਕਿ ਫਿਲਮ ਨੂੰ ਹਟਾਏ ਜਾਣ ਦਾ ਪੰਜਾਬ ਵਿਚ ਤਾਂ ਤਿੱਖਾ ਵਿਰੋਧ ਹੋਇਆ ਹੀ ਹੈ। ਬਾਕੀ ਭਾਰਤ ਦੇ ਫਿਲਮ ਤੇ ਕਲਾ ਖੇਤਰ ਨਾਲ ਵਾਬਸਤਾ ਹਿੱਸਿਆਂ ਸਮੇਤ ਹਰ ਖੇਤਰ ਦੇ ਨਿਆਂ-ਪਸੰਦ ਲੋਕਾਂ ਨੇ ਵੀ ਇਸਦਾ ਗੰਭੀਰ ਨੋਟਿਸ ਲਿਆ ਹੈ। ਇਸ ਫਿਲਮ ਨੂੰ ਹਟਾਉਣ ਦਾ ਇਕ ਫ਼ਾਇਦਾ ਇਹ ਹੋਇਆ ਹੈ ਕਿ ਇਸ ਤਰ੍ਹਾਂ ਇਹ ਭਾਰਤ ਦੇ ਹੋਰ ਹਿੱਸਿਆਂ ਦੇ ਲੋਕਾਂ ਨੇ ਵੀ ਦੇਖ ਲਈ। ਉਨ੍ਹਾਂ ਨੂੰ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਸਮਝਣ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਨੇ ਹੁਣ ਤੱਕ ਪੰਜਾਬ ਦੇ ਉਸ ਦੌਰ ਨੂੰ 'ਮੁੱਖਧਾਰਾ' ਦੇ ਰਾਸ਼ਟਰਵਾਦੀ ਬਿਰਤਾਂਤ ਰਾਹੀਂ ਹੀ ਜਾਣਿਆ-ਸਮਝਿਆ ਹੈ। ਦੇਸ਼-ਬਦੇਸ਼ ਵਿਚ ਪਾਬੰਦੀ ਦੀ ਜ਼ੋਰਦਾਰ ਨਿਖੇਧੀ ਹੋ ਰਹੀ ਹੈ।

ਦੂਜੇ ਪਾਸੇ, ਮੌਕਾਪ੍ਰਸਤ ਹਾਕਮ ਜਮਾਤੀ ਸਿਆਸਤ ਇਸਦਾ ਰਾਜਨੀਤਕ ਲਾਹਾ ਲੈਣ ਲਈ ਸਿਰਤੋੜ ਯਤਨ ਕਰ ਰਹੀ ਹੈ। ਡੇਢ ਦਹਾਕਾ ਪੰਜਾਬ ਦੇ ਲੋਕਾਂ ਉੱਪਰ ਡੰਡੇ ਦਾ ਰਾਜ ਚਲਾਉਣ ਵਾਲੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਖ਼ੁਦ 2013 'ਚ 'ਸਾਡਾ ਹੱਕ' ਫਿਲਮ ਉੱਪਰ ਪਾਬੰਦੀ ਲਾਈ ਸੀ। 'ਸਾਡਾ ਹੱਕ' ਨੂੰ ਤਾਂ ਸੈਂਸਰ ਬੋਰਡ ਨੇ ਵੀ ਮਨਜ਼ੂਰੀ ਦੇ ਦਿੱਤੀ ਸੀ, ਪਰ ਤਤਕਾਲੀ ਮੁੱਖ ਮੰਤਰੀ ਬਾਦਲ ਨੇ ਜਥੇਦਾਰ ਟੌਹੜਾ ਦੀ 9ਵੀਂ ਬਰਸੀ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਪਣੀ ਸਰਕਾਰ ਵੱਲੋਂ ਲਾਈ ਪਾਬੰਦੀ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਸੀ ਕਿ 'ਰਾਜ ਵਿਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਬਣਾਈ ਰੱਖਣਾ ਸਾਡੀ ਤਰਜੀਹ ਹੈ...ਅਸੀਂ ਨਹੀਂ ਚਾਹੁੰਦੇ ਕਿ ਫਿਲਮ ਸੂਬੇ ਦਾ ਫਿਰਕੂ ਮਾਹੌਲ ਖ਼ਰਾਬ ਕਰੇ'। ਉਸ ਮੌਕੇ ਐੱਸ.ਜੀ.ਪੀ.ਸੀ. ਦੀ ਭੂਮਿਕਾ ਵੀ ਗ਼ੌਰ ਕਰਨ ਵਾਲੀ ਹੈ ਜਿਸ ਵੱਲੋਂ ਬਣਾਏ ਪੰਜ ਮੈਂਬਰੀ ਪੈਨਲ ਨੇ ਫਿਲਮ ਦੇਖ ਕੇ ਹਾਂ ਕਰ ਦਿੱਤੀ ਸੀ। ਪਰ ਫਿਰ ਅਵਤਾਰ ਸਿੰਘ ਮੱਕੜ ਇਹ ਦਲੀਲ ਦੇਣ ਲੱਗ ਪਿਆ ਕਿ ਸਰਕਾਰ ਨੇ ਪਾਬੰਦੀ ਦਾ ਫ਼ੈਸਲਾ 'ਅਮਨ-ਕਾਨੂੰਨ ਦੇ ਨਜ਼ਰੀਏ ਤੋਂ' ਲਿਆ ਹੈ। ਹੁਣ ਅਗਲੇ ਸਾਲ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਨੂੰ ਦੇਖਦਿਆਂ ਬਾਦਲ ਦਲ ਸਿੱਖ ਭਾਈਚਾਰੇ ਅੰਦਰ ਮੌਜੂਦ ਭਾਰਤੀ ਰਾਜ ਦੀਆਂ ਜ਼ਿਆਦਤੀਆਂ ਵਿਰੋਧੀ ਭਾਵਨਾ ਦਾ ਰਾਜਨੀਤਕ ਲਾਹਾ ਲੈਣ ਲਈ ਤਰਲੋ-ਮੱਛੀ ਹੋ ਰਿਹਾ ਹੈ। ਸੁਖਬੀਰ ਬਾਦਲ ਦੀ ਸੋਸ਼ਲ ਮੀਡੀਆ ਪੋਸਟ ਦੀ ਭਾਸ਼ਾ ਦੇਖੋ। ਹੁਣ ਇਨ੍ਹਾਂ ਨੂੰ 'ਬੁੱਚੜ ਕਾਂਗਰਸੀ ਸਰਕਾਰ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ' ਦੇ 'ਦਰਦਨਾਕ ਸਾਕੇ ਦਾ ਇਤਿਹਾਸ' ਚੇਤੇ ਆ ਗਿਆ ਹੈ ਅਤੇ ਸੁਖਬੀਰ ਬਾਦਲ 'ਸ਼੍ਰੋਮਣੀ ਅਕਾਲੀ ਦਲ ਦੇ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਸਮੇਤ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਤੇ ਸਿੱਖ ਸਖ਼ਸ਼ੀਅਤਾਂ ਉੱਤੇ ਕਾਂਗਰਸ ਸਰਕਾਰ ਦੌਰਾਨ ਢਾਏ ਗਏ ਅਣਮਨੁੱਖੀ ਤਸ਼ੱਦਦ ਅਤੇ ਉਨ੍ਹਾਂ ਦੀ ਕੁਰਬਾਨੀ ਸਬੰਧੀ ਫਿਲਮ 'ਸਤਲੁਜ' ਨੂੰ ਪੰਜਾਬ ਦੇ ਪਿੰਡ-ਪਿੰਡ ਵਿਚ ਤੇ ਕੋਨੇ-ਕੋਨੇ ਵਿਚ ਦਿਖਾਉਣ' ਅਤੇ 'ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਕੌਮ ਉੱਤੇ ਢਾਏ ਗਏ ਜ਼ੁਲਮ 'ਤੋਂ' ਚੰਗੀ ਤਰਾਂ ਜਾਣੂ ਕਰਵਾਉਣ' ਦੇ ਸੱਦੇ ਦੇ ਰਿਹਾ ਹੈ। ਐੱਸ.ਜੀ.ਪੀ.ਸੀ. ਵੀ ਪਾਬੰਦੀ ਵਿਰੁੱਧ ਰੋਸ ਪ੍ਰਗਟਾ ਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵਰਤਣ ਲਈ ਪੂਰੀ ਸਰਗਰਮ ਹੈ। ਅਕਾਲ ਤਖ਼ਤ ਦੇ ਐਕਟਿੰਗ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 14 ਜੁਲਾਈ ਨੂੰ ਹਰੀਕੇ ਪੱਤਣ ਵਿਖੇ 'ਇਤਿਹਾਸਕ ਅਰਦਾਸ' ਦਾ ਸੱਦਾ ਦਿੱਤਾ ਹੈ। ਇਹ ਸਭ ਲੁਕਵੇਂ ਰਾਜਨੀਤਕ ਏਜੰਡਿਆਂ ਤਹਿਤ ਕੀਤਾ ਜਾ ਰਿਹਾ ਹੈ। ਚਾਹੇ ਪੰਜਾਬ ਵਿਚ ਹਕੂਮਤ ਵੱਲੋਂ ਕਤਲ ਕੀਤੇ ਗਏ ਬੇਕਸੂਰ ਲੋਕਾਂ ਦੇ ਕਤਲੇਆਮ ਦਾ ਮਾਮਲਾ ਹੋਵੇ ਜਾਂ ਦਿੱਲੀ ਵਿਚ ਸਿੱਖ ਵਿਰੋਧੀ ਕਤਲੇਆਮ ਹੋਵੇ, ਸਭ ਨੂੰ ਪਤਾ ਹੈ ਕਿ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਪੰਥਕ ਹਿੱਤਾਂ ਲਈ ਲੜਨ ਦੀਆਂ ਦਾਅਵੇਦਾਰ ਰਾਜਨੀਤਕ ਤਾਕਤਾਂ ਅਤੇ ਧਾਰਮਿਕ ਕਹਾਉਂਦੀਆਂ ਐੱਸ.ਜੀ.ਪੀ.ਸੀ. ਵਰਗੀਆਂ ਸਿੱਖ ਸੰਸਥਾਵਾਂ ਉਨ੍ਹਾਂ ਨਾਲ ਕਿੰਨਾ ਕੁ ਖੜ੍ਹੀਆਂ ਅਤੇ ਕਿੰਨਾ ਕੁ ਲੜੀਆਂ ਹਨ। ਪੰਜਾਬ ਵਿਚ ਭਾਜ਼ੂ ਪਾਰਟੀ ਸਮੇਤ ਹੋਰ ਹਾਕਮ ਜਮਾਤੀ ਰਾਜਨੀਤਕ ਧੜੇ ਵੀ ਰਾਜਨੀਤਕ ਗਿਣਤੀਆਂ-ਮਿਣਤੀਆਂ ਕਰ ਰਹੇ ਹਨ ਕਿ ਇਸ ਮੁੱਦੇ ਦਾ ਲਾਹਾ ਲੈਣ ਲਈ ਕੀ ਸਟੈਂਡ ਲਿਆ ਜਾਵੇ ਅਤੇ ਕਿਵੇਂ, ਕਿੰਨਾ ਕੁ ਤੇ ਕਿਸ ਰੂਪ 'ਚ ਬੋਲਿਆ ਜਾਵੇ।

ਵਿਰੋਧ ਦਾ ਇਕ ਪੱਖ ਇਹ ਵੀ ਹੈ ਕਿ ਫਿਲਮ ਦੇ ਹਵਾਲੇ ਨਾਲ ਜਸਵੰਤ ਸਿੰਘ ਖਾਲੜਾ ਦੇ ਮਨੁੱਖੀ ਹੱਕਾਂ ਦੇ ਘਾਣ ਪ੍ਰਤੀ ਚੁਣਵੇਂ ਸਰੋਕਾਰ ਨੂੰ ਲੈ ਕੇ ਵੀ ਸਵਾਲ ਕੀਤੇ ਜਾ ਰਹੇ ਹਨ। ਇਤਿਹਾਸਕ ਤੱਥਾਂ ਦੇ ਮੱਦੇਨਜ਼ਰ ਇਹ ਸਵਾਲ ਬਿਲਕੁਲ ਵਾਜਬ ਹਨ, ਕਿਉਂਕਿ ਖਾਲੜਾ ਨੇ ਜਿੱਥੇ ਲਾਵਾਰਿਸ ਲਾਸ਼ਾਂ ਦਾ ਰਿਕਾਰਡ ਤਿਆਰ ਕਰਕੇ ਸਟੇਟ ਦੀ ਜਵਾਬਦੇਹੀ ਤੈਅ ਕਰਨ ਲਈ ਤੱਥ-ਖੋਜ ਦਾ ਇਤਿਹਾਸਕ ਕਾਰਜ ਕੀਤਾ ਅਤੇ ਅਜਿਹਾ ਕਰਦਿਆਂ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ, ਉੱਥੇ ਉਸਨੇ ਖ਼ਾਲਿਸਤਾਨੀ ਧੜਿਆਂ ਵੱਲੋਂ ਪੰਜਾਬ ਵਿਚ ਹਿੰਦੂ ਫਿਰਕੇ ਦੇ ਲੋਕਾਂ, ਹੋਰ ਆਮ ਲੋਕਾਂ, ਖ਼ਾਲਿਸਤਾਨ ਲਹਿਰ ਨਾਲ ਅਸਹਿਮਤੀ ਰੱਖਣ ਵਾਲਿਆਂ, ਖ਼ਾਸ ਕਰਕੇ ਫਿਰਕੂ ਦਹਿਸ਼ਤਗਰਦ ਕਾਰਿਆਂ ਦਾ ਵਿਰੋਧ ਕਰਨ ਵਾਲਿਆਂ ਦੇ ਕਤਲਾਂ ਉੱਪਰ ਮਨੁੱਖੀ ਹੱਕਾਂ ਦੇ ਘਾਣ ਦਾ ਇਹੀ ਪੈਮਾਨਾ ਲਾਗੂ ਨਹੀਂ ਕੀਤਾ। ਇਸ ਪੱਖੋਂ ਖਾਲੜਾ ਦੇ ਕੀਤੇ ਕੰਮ ਅਤੇ ਉਸ ਦੌਰ ਵਿਚ ਮਨੁੱਖੀ ਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਦੀਆਂ ਦਾਅਵੇਦਾਰ ਸਾਰੀਆਂ ਹੀ ਤਾਕਤਾਂ ਦੀ ਭੂਮਿਕਾ ਦੀ ਚਰਚਾ ਹੋਣੀ ਹੀ ਚਾਹੀਦੀ ਹੈ। ਅਜਿਹਾ ਹੋਰ ਸਮਿਆਂ 'ਤੇ ਕਰਦੇ ਰਹਿਣਾ ਚਾਹੀਦਾ ਹੈ, ਅੱਜ ਅਜਿਹੀ ਚਰਚਾ 'ਚ ਉਲਝ ਕੇ ਵਿਰੋਧ ਨੂੰ ਪਾਬੰਦੀ ਵਿਰੁੱਧ ਕੇਂਦਰਤ ਰੱਖਣ ਤੋਂ ਧਿਆਨ ਨਹੀਂ ਭਟਕਾਉਣਾ ਚਾਹੀਦਾ। ਫਿਲਮ ਉੱਪਰ ਪਾਬੰਦੀ ਲਾਏ ਜਾਣ ਦੇ ਅਜੋਕੇ ਮਾਹੌਲ 'ਚ ਖਾਲੜਾ ਦੀ ਮਨੁੱਖੀ ਹੱਕਾਂ ਬਾਰੇ ਇਕਪਾਸੜ ਸਮਝ ਵਰਗੇ ਸਵਾਲ ਉਠਾਉਣ ਅਤੇ ਉਭਾਰਨ ਦੀ ਕੋਈ ਤੁਕ ਨਹੀਂ ਬਣਦੀ। ਇਸ ਸਮੇਂ ਮੁੱਖ ਸਰੋਕਾਰ ਫਾਸ਼ੀਵਾਦੀ ਸਰਕਾਰ ਵੱਲੋਂ ਵਿਚਾਰਾਂ ਦੀ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲ ਕੇ ਕਲਮ ਤੇ ਕਲਾ ਨੂੰ ਦਰਬਾਰੀ ਬਣਾਉਣ ਲਈ ਕੀਤੇ ਜਾ ਰਹੇ ਹਮਲਿਆਂ ਦਾ ਵਿਰੋਧ ਕਰਨਾ ਅਤੇ ਇਸ ਦੇ ਖ਼ਿਲਾਫ਼ ਵਿਆਪਕ ਲੋਕ-ਰਾਇ ਉਸਾਰਨਾ ਹੋਣਾ ਚਾਹੀਦਾ ਹੈ।

'ਸਤਲੁਜ' ਫਿਲਮ ਦੀ ਕਹਾਣੀ ਉਸ ਸਮੇਂ ਦੀ ਹਕੀਕਤ ਨੂੰ ਕਿੰਨਾ ਕੁ ਬਿਆਨ ਕਰਦੀ ਹੈ ਅਤੇ ਕਿਸ ਨਜ਼ਰੀਏ ਤੋਂ ਕਰਦੀ ਹੈ, ਇਸ ਬਾਰੇ ਵੀ ਬਹੁਤ ਸਾਰੇ ਕਿੰਤੂ-ਪ੍ਰੰਤੂ ਹੋ ਸਕਦੇ ਹਨ। ਪੰਜਾਬ ਦੇ ਲੋਕਾਂ ਨੇ ਹਕੂਮਤੀ ਦਹਿਸ਼ਤਗਰਦੀ ਅਤੇ ਖ਼ਾਲਿਸਤਾਨੀ ਗਰੁੱਪਾਂ ਵੱਲੋਂ ਕੀਤੀ ਕਤਲੋਗ਼ਾਰਤ ਦਾ ਸੰਤਾਪ ਆਪਣੇ ਪਿੰਡਿਆਂ 'ਤੇ ਹੰਢਾਇਆ ਹੈ। ਉਹ ਆਪਣੀ ਰਾਇ ਬਣਾ ਸਕਦੇ ਹਨ ਕਿ ਫਿਲਮ ਕਿੰਨੀ ਕੁ ਹਕੀਕਤਮੁਖੀ ਹੈ। ਹਰ ਕਿਸੇ ਨੂੰ ਆਪਣੇ ਨਜ਼ਰੀਏ ਅਨੁਸਾਰ ਘਟਨਾਵਾਂ ਨੂੰ ਫਿਲਮੀ ਰੂਪ 'ਚ ਪੇਸ਼ ਕਰਨ ਦਾ ਹੱਕ ਹੈ। ਪਰ ਕਿਸੇ ਵੱਲੋਂ ਵੀ ਤੱਥਾਂ ਦੀ ਕਿਸੇ ਵੀ ਤੋੜ-ਮਰੋੜ, ਤੱਥਾਂ ਦੀ ਅਧੂਰੀ ਜਾਂ ਗ਼ਲਤ ਪੇਸ਼ਕਾਰੀ ਦਾ ਜਵਾਬ ਪਾਬੰਦੀ ਲਾਉਣ ਦੀ ਹਮਾਇਤ ਕਰਨਾ ਨਹੀਂ ਹੋਣਾ ਚਾਹੀਦਾ, ਸਗੋਂ ਅਜਿਹੇ ਬਿਰਤਾਂਤਾਂ ਵਿਰੁੱਧ ਲੋਕ ਰਾਇ ਉਸਾਰਨਾ ਅਤੇ ਜਨਤਕ ਜਾਗਰੂਕਤਾ ਵਧਾਉਣਾ ਹੋਣਾ ਚਾਹੀਦਾ ਹੈ। ਇਨ੍ਹਾਂ ਸਵਾਲਾਂ ਦੇ ਬਹਾਨੇ ਹਕੂਮਤ ਨੂੰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲੇ ਦੀ ਕਰਨ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਹੁਕਮਰਾਨ ਜਮਾਤ ਜਵਾਬਦੇਹੀ ਤੋਂ ਬਚਣ ਲਈ ਬੀਤੇ ਦੇ ਜ਼ੁਲਮਾਂ ਦੇ ਇਤਿਹਾਸ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀ ਹੈ। ਲੋਕਪੱਖੀ ਤਾਕਤਾਂ ਇਤਿਹਾਸ ਨੂੰ ਸਮਕਾਲ ਦੇ ਲੋਕ ਵਿਰੋਧੀ ਹਕੂਮਤੀ ਮਨਸੂਬਿਆਂ ਵਿਰੁੱਧ ਸਮਾਜਿਕ ਚੇਤਨਾ ਵਧਾਉਣ ਲਈ ਇਸ ਨੂੰ ਵਰਤੋਂ 'ਚ ਲਿਆਉਂਦੀਆਂ ਹਨ ਅਤੇ ਉਨ੍ਹਾਂ ਤੋਂ ਸਬਕ ਲੈਂਦੀਆਂ ਹਨ।

ਚਾਹੇ ਫਿਲਮਾਂ ਹਨ ਜਾਂ ਹੋਰ ਕਲਾ ਵੰਨਗੀਆਂ, ਹਕੂਮਤੀ ਰੋਕਾਂ ਨੂੰ ਨਾਕਾਮ ਬਣਾਉਣ ਲਈ ਬਦਲਵੇਂ ਸਾਧਨ ਅਤੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਹੋਣਗੇ। ਫਿਲਮ ਉੱਪਰ ਲਗਾਈ ਪਾਬੰਦੀ ਹਟਾਏ ਜਾਣ ਦੀ ਮੰਗ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਦੇ ਜਮਹੂਰੀ ਤਕਾਜ਼ੇ 'ਚੋਂ ਵਿਆਪਕ ਪੱਧਰ 'ਤੇ ਉਠਾਈ ਜਾਣੀ ਚਾਹੀਦੀ ਹੈ। ਇਸ ਨੂੰ ਸੱਤਾ ਵੱਲੋਂ ਪ੍ਰਗਟਾਵੇ ਦੇ ਹਰ ਰੂਪ ਉੱਪਰ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਨੂੰ ਠੱਲ੍ਹ ਪਾਉਣ ਅਤੇ ਜਮਹੂਰੀ ਸਪੇਸ ਦੀ ਰਾਖੀ ਲਈ ਸੰਘਰਸ਼ ਦੀ ਚੇਤਨਾ ਤੱਕ ਉੱਚਾ ਚੁੱਕਣਾ ਚਾਹੀਦਾ ਹੈ।

# ਜਨਤਕ ਪੜਤਾਲ ਤੋਂ ਕਿਉਂ ਡਰਦਾ ਹੈ ਆਰ.ਐਸ.ਐਸ.?

***ਆਰ.ਐਸ.ਐਸ. ਦਾ ਇਹ ਦਾਅਵਾ ਕਿ ਉਹ ਗ਼ੈਰ-ਸਿਆਸੀ ਜਥੇਬੰਦੀ ਹੈ, ਅਜਿਹਾ ਝੂਠ ਹੈ ਜਿਸ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ। ਅਤੇ, ਜੇ ਉਹ ਜਨਤਕ ਸਿਆਸੀ ਕੰਮਕਾਜ 'ਚ ਸ਼ਾਮਲ ਹੈ, ਤਾਂ ਉਸਦੇ ਕੰਮਕਾਜ ਦੇ ਢੰਗ ਤਰੀਕਿਆਂ, ਜਮਹੂਰੀ ਪ੍ਰਕਿਰਿਆਵਾਂ, ਭਾਰੀ ਮਾਤਰਾ 'ਚ ਪੈਸਾ ਜੁਟਾਉਣ ਅਤੇ ਖ਼ਰਚ ਕਰਨ, ਅਤੇ ਅਸਲ ਵਿਚ ਇਹ ਦੇਖਣ ਲਈ ਕਿ ਕੀ ਉਹ ਭਾਰਤ ਦੇ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਮੁਤਾਬਿਕ ਕੰਮ ਕਰ ਰਿਹਾ ਹੈ ਜਾਂ ਨਹੀਂ, ਇਸ ਦੀ ਜਾਂਚ-ਪੜਤਾਲ ਕਿਉਂ ਨਹੀਂ ਹੋਣੀ ਚਾਹੀਦੀ?***

ਕਰਨਾਟਕ ਦੇ ਗ੍ਰਹਿ ਮੰਤਰੀ ਪ੍ਰਿਯਾਂਕ ਖੜਗੇ ਨੇ 13 ਜੂਨ ਨੂੰ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ ਇੱਕ ਚਿੱਠੀ ਭੇਜੀ ਸੀ। ਇਸ ਵਿਚ ਉਸ ਨੇ ਭਾਗਵਤ ਜੀ ਤੋਂ ਆਰ.ਐਸ.ਐਸ. ਦੀ 'ਕਾਨੂੰਨੀ ਹੈਸੀਅਤ, ਰਜਿਸਟ੍ਰਡ ਅਧਿਕਾਰੀਆਂ, ਫੰਡਿੰਗ, ਖ਼ਰਚ, ਟੈਕਸ ਅਤੇ ਜਨਤਕ ਸਰਗਰਮੀਆਂ ਲਈ ਮਿਲੀ ਮੰਜ਼ੂਰੀ ਬਾਰੇ ਜਾਣਕਾਰੀ ਮੰਗੀ ਸੀ। ਇਸ 'ਤੇ ਦੋ ਪ੍ਰਤੀਕਰਮ ਸਾਹਮਣੇ ਆਏ। ਇੱਕ ਪ੍ਰਤੀਕਰਮ ਜੋ ਖ਼ੁਦ ਭਾਗਵਤ ਜੀ ਦਾ ਸੀ। ਉਸ ਨੇ ਕਿਹਾ ਕਿ ਉਨ੍ਹਾਂ ਨੂੰ

**ਸਵੇਰਾ**

ਇਸ ਚਿੱਠੀ ਦਾ ਜਵਾਬ ਦੇਣ ਦੀ ਕੋਈ ਲੋੜ ਨਹੀਂ ਹੈ, ਪਰ ਨਾਲ ਹੀ ਇਹ ਵੀ ਕਿਹਾ ਕਿ 'ਹਿੰਦੂ ਧਰਮ ਰਜਿਸਟਰਡ ਨਹੀਂ ਹੈ, ਕਈ ਚੀਜ਼ਾਂ ਰਜਿਸਟਰਡ ਨਹੀਂ ਹੁੰਦੀਆਂ ਅਤੇ ਸਰਕਾਰ ਜਾਣਦੀ ਹੈ ਕਿ ਸੰਘ ਦੀ ਹੋਂਦ ਹੈ। ਉਨ੍ਹਾਂ ਨੇ ਇਹ ਕਹਿ ਕੇ ਧਿਆਨ ਭਟਕਾਉਣ ਦੀ ਕੋਸਿਸ਼ ਕੀਤੀ ਕਿ ਰਜਿਸਟ੍ਰੇਸ਼ਨ ਦੀ ਲੋੜ ਸਿਰਫ ਉਨ੍ਹਾਂ ਸੰਸਥਾਵਾਂ ਨੂੰ ਹੁੰਦੀ ਹੈ, ਜੋ ਸਰਕਾਰ ਤੋਂ ਫੰਡ ਲੈਣਾ ਚਾਹੁੰਦੀਆਂ ਹਨ। ਭਾਗਵਤ ਦੇ ਦਿਮਾਗ 'ਚ ਆਰ.ਐਸ.ਐਸ. ਅਤੇ ਹਿੰਦੂ ਸਮਾਜ ਇੱਕ ਹੀ ਹਨ ਅਤੇ ਉਹ ਆਪਣੀ ਜਥੇਬੰਦੀ ਨੂੰ ਹਿੰਦੂਆਂ ਦਾ ਇੱਕੋ-ਇੱਕ ਪ੍ਰਤੀਨਿਧੀ ਮੰਨਦੇ ਹਨ। ਪਰ ਇਸ ਦਾ ਜਥੇਬੰਦੀ ਦੇ ਆਮਦਨ-ਖਰਚ ਕਾਨੂੰਨੀ ਹੈਸੀਅਤ ਜਾਂ ਕੰਮਕਾਜ ਦੇ ਢੰਗ ਤਰੀਕੇ ਨੂੰ ਜਨਤਕ ਕਰਨ ਨਾਲ ਕੀ ਲੈਣਾ-ਦੇਣਾ ਹੈ?

ਇਸ 'ਤੇ ਅਸੀਂ ਬਾਅਦ 'ਚ ਵਿਸਥਾਰ ਨਾਲ ਗੱਲਬਾਤ ਕਰਾਂਗੇ, ਪਰ ਇਸ 'ਤੇ ਆਏ ਇੱਕ ਹੋਰ ਅਜੀਬ ਪ੍ਰਤੀਕਰਮ 'ਤੇ ਨਜ਼ਰ ਮਾਰੀਏ, ਜੋ ਕਰਨਾਟਕ ਦੇ ਬੀਜਾਪੁਰ ਤੋਂ ਸੱਤ ਵਾਰ ਭਾਜਪਾ ਸੰਸਦ ਰਹੇ ਰਮੇਸ਼ ਚੰਦੱਪਾ ਜਿਵਾਜਿਨਾਗੀ ਵੱਲੋਂ ਆਇਆ। ਇੱਕ ਪ੍ਰੋਗਰਾਮ 'ਚ ਪੱਤਰਕਾਰਾਂ ਨੇ ਉਨ੍ਹਾਂ ਤੋਂ ਖੜਗੇ ਦੀ ਚਿੱਠੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, ਇੱਕ ਦਲਿਤ ਵਿਅਕਤੀ ਨੂੰ ਆਰ.ਐਸ.ਐਸ. ਨਾਲ ਕਿਉਂ ਪੰਗਾ ਲੈਣਾ ਚਾਹੀਦਾ ਹੈ? ਮੇਰਾ ਇਹੀ ਸਵਾਲ ਹੈ, ਭਾਈ। ਬਸ ਸ਼ਾਂਤੀ ਅਤੇ ਆਰਾਮ ਨਾਲ ਰਹੋ।' ਖੜਗੇ ਦਲਿਤ ਹਨ ਅਤੇ ਜਿਗਾਜਿਨਾਗੀ ਵੀ। ਜਦੋਂ ਉਸ ਨੂੰ ਸਾਫ਼-ਸਾਫ਼ ਦੱਸਣ ਲਈ ਕਿਹਾ ਗਿਆ, ਤਾਂ ਜਿਨਾਜਿਨਾਗੀ ਨੇ ਕਿਹਾ, 'ਮੇਰੀ ਗੱਲ ਸੁਣੋ, ਕਿਉਂਕਿ ਉਸ ਦੇ (ਖੜਗੇ ਦੇ) ਪਿਤਾ ਨੇ ਕਾਂਗਰਸ ਪਾਰਟੀ 'ਚ ਸਖ਼ਤ ਮਿਹਨਤ ਕੀਤੀ ਸੀ, ਇਸ ਲਈ ਉਸ ਨੇ ਉਸ ਲਈ ਇੰਤਜ਼ਾਮ ਕਰ ਦਿੱਤਾ। ਉਨ੍ਹਾਂ ਨੂੰ ਲੋਕਾਂ ਲਈ ਕੰਮ ਕਰਕੇ ਚੰਗਾ ਨਾਮ ਕਮਾਉਣਾ ਚਾਹੀਦਾ ਹੈ। ਜੋ ਕੋਈ ਵੀ ਆਰ.ਐਸ.ਐਸ. ਨਾਲ ਪੰਗਾ ਲਵੇਗਾ, ਉਹ ਟਿਕ ਨਹੀਂ ਸਕੇਗਾ। ਧੰਨਵਾਦ।' ਖ਼ਬਰਾਂ ਦੇ ਮੁਤਾਬਿਕ ਜਿਗਾਜਿਨਾਗੀ ਪਹਿਲਾਂ ਵੀ ਆਰ.ਐਸ.ਐਸ.-ਭਾਜਪਾ ਨਾਲ ਪੰਗਾ ਨਾ ਲੈਣ ਦੀ ਚੇਤਾਵਨੀ ਦੇ ਰਹੇ ਸਨ, ਕਿਉਂਕਿ ਦਲਿਤ ਹੋਣ ਦੇ ਨਾਤੇ ਇਸ ਦੇ ਮਾੜੇ ਨਤੀਜੇ ਹੋ ਸਕਦੇ ਸਨ। ਖੜਗੇ ਦੀ ਚਿੱਠੀ ਨੇ ਅਚਾਨਕ ਆਰ.ਐਸ.ਐਸ.-ਭਾਜਪਾ ਅੰਦਰਲੀਆਂ ਤਰੇੜਾਂ ਨੂੰ ਉਜਾਗਰ ਕੀਤਾ ਹੈ - ਜਿਸ ਦੀ ਪੁਸ਼ਟੀ ਇੱਕ ਤਜਰਬੇਕਾਰ ਭਾਜਪਾ ਆਗੂ ਨੇ ਵੀ ਕੀਤੀ ਹੈ।

ਆਰ.ਐਸ.ਐਸ. ਦੇ ਕੰਮਕਾਜ ਦੇ ਢੰਗ-ਤਰੀਕਿਆਂ, ਉਸਦੇ ਫੰਡਿੰਗ ਦੇ ਸਰੋਤਾਂ ਅਤੇ ਅਸਲੀ ਮਕਸਦ ਬਾਰੇ ਸਵਾਲ ਉਠਾਉਣਾ ਕੋਈ ਨਵੀਂ ਗੱਲ ਨਹੀਂ ਹੈ। ਮਹਾਤਮਾ ਗਾਂਧੀ ਦੇ ਕਤਲ ਸਮੇਂ ਹੀ ਲੋਕਾਂ ਅਤੇ ਸਰਕਾਰਾਂ ਨੂੰ ਇਹ ਅਹਿਸਾਸ ਹੋ ਰਿਹਾ ਸੀ ਕਿ ਇਹ ਰਹੱਸਮਈ ਅਤੇ ਗੁਪਤ ਜਥੇਬੰਦੀ ਹੈ। ਇਸ ਦੀ ਪਛਾਣ ਇਸਦੇ ਨੀਮ ਫ਼ੌਜੀ ਕਵਾਇਦ ਅਤੇ ਮਾਰਚ, ਇੱਕ ਗ਼ੈਰ-ਚੁਣੇ ਹੋਏ ਬੰਦੇ (ਸਰਸੰਘਚਾਲਕ), ਜਿਸ ਨੂੰ ਆਮ ਤੌਰ 'ਤੇ ਪਿਛਲੇ ਮੁਖੀ ਵੱਲੋਂ ਥਾਪਿਆ ਜਾਂਦਾ ਹੈ, ਦੀ ਅਗਵਾਈ ਅਤੇ ਪਰਦੇ ਪਿੱਛੇ ਕਈ ਤਰ੍ਹਾਂ ਦੀਆਂ ਹਿੰਦੂ ਕੱਟੜਪੰਥੀ ਸਰਗਰਮੀਆਂ, ਜਿਸ ਵਿਚ ਹਿੰਸਾ ਵੀ ਸ਼ਾਮਲ ਹੈ, ਵਿਚ ਇਸ ਦੀ ਭੂਮਿਕਾ ਤੋਂ ਹੁੰਦੀ ਹੈ। 1978 'ਚ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸੇਸ (ਸੀ.ਬੀ.ਡੀ.ਟੀ.) ਦੇ ਨਿਰਦੇਸ਼ਾਂ ਤਹਿਤ ਇਸ ਨੂੰ ਆਮਦਨ ਟੈਕਸ ਤੋਂ ਛੋਟ ਦਿੱਤੀ ਗਈ ਸੀ। ਇਸੇ ਵਜ੍ਹਾ ਕਰਕੇ ਇਨਕਮ ਟੈਕਸ ਦੇ ਟ੍ਰਿਬਿਊਨਲ ਦੇ ਕਈ ਮਾਮਲਿਆਂ 'ਚ - ਖਾਸ ਕਰ ਬੰਬੇ ਅਤੇ ਪਟਨਾ 'ਚ - ਆਰ.ਐਸ.ਐਸ. ਨੂੰ ਆਮਦਨ ਟੈਕਸ ਦੇ ਦਾਅਵਿਆਂ ਲਈ ਜ਼ਿੰਮੇਵਾਰ ਨਹੀਂ ਮੰਨਿਆ ਗਿਆ। ਇਸਦੇ ਪਿੱਛੇ ਆਰ.ਐਸ.ਐਸ. ਦੀ ਦਲੀਲ ਇਹ ਸੀ ਕਿ ਉਸਦਾ ਫੰਡ 'ਗੁਰੂ ਦੱਕਸ਼ਣਾ' (ਗੁਰੂ ਨੂੰ ਚੜ੍ਹਾਇਆ ਜਾਣ ਵਾਲਾ ਚੜ੍ਹਾਵਾ) ਹੈ ਅਤੇ 'ਆਪਸੀ ਸਹਿਯੋਗ' ਦੇ ਸਿਧਾਂਤ ਕਾਰਨ ਇਸ ਨੂੰ ਟੈਕਸ ਦੇ ਦਾਇਰੇ 'ਚੋਂ ਬਾਹਰ ਰੱਖਿਆ ਗਿਆ ਹੈ।

ਪਰ ਇਸ ਦੇ ਹਾਸ਼ੀਏ 'ਤੇ ਰਹਿਣ ਵਾਲੇ ਦਿਨਾਂ ਦੇ ਬਾਅਦ ਤੋਂ ਹਾਲਾਤ ਬਦਲ ਗਏ ਹਨ। ਆਓ ਦੇਖੀਏ ਕਿ ਕਿਵੇਂ।

ਆਰ.ਐਸ.ਐਸ. ਦੇ ਬਾਰੇ 'ਚ ਸਭ ਤੋਂ ਵੱਧ ਅਤੇ ਲਗਾਤਾਰ ਫੈਲਾਈਆਂ ਜਾਣ ਵਾਲੀਆਂ ਮਿੱਥਾਂ ਵਿਚੋਂ ਇੱਕ ਇਹ ਹੈ ਕਿ ਇਹ ਗ਼ੈਰ-ਸਿਆਸੀ ਸਭਿਆਚਾਰਕ ਜਥੇਬੰਦੀ ਹੈ। ਇੱਥੋਂ ਤਕ ਕਿ ਆਰ.ਐਸ.ਐਸ. ਦਾ ਸੰਵਿਧਾਨ ਵੀ ਇਹੀ ਕਹਿੰਦਾ ਹੈ। ਇਸ ਨੂੰ ਸਰਦਾਰ ਪਟੇਲ ਦੇ ਜ਼ੋਰ ਦੇਣ 'ਚ ਪਰਵਾਨ ਕੀਤਾ ਗਿਆ ਸੀ, ਜਦੋਂ ਮਹਾਤਮਾ ਗਾਂਧੀ ਦੇ ਕਤਲ 'ਚ ਅਖੌਤੀ ਭੂਮਿਕਾ ਬਾਅਦ ਆਰ.ਐਸ.ਐਸ. 'ਚ ਪਾਬੰਦੀ ਲਾ ਦਿੱਤੀ ਗਈ ਸੀ।

ਆਰ.ਐਸ.ਐਸ. ਸਿੱਧੇ ਤੌਰ 'ਚ ਚੋਣ ਨਹੀਂ ਲੜਦਾ ਹੈ, ਪਰ ਸਿਆਸਤ ਦਾ ਮਤਲਬ ਸਿਰਫ ਚੋਣ ਲੜਨਾ ਨਹੀਂ ਹੁੰਦਾ। ਆਰ.ਐਸ.ਐਸ. ਅਤੇ ਉਸਦੀਆਂ ਅਣਗਿਣਤ ਸਹਿਯੋਗੀ ਜਥੇਬੰਦੀਆਂ ਅਜਿਹੀ ਵਿਚਾਰਧਾਰਾ ਨੂੰ ਫੈਲਾਉਣ ਲਈ ਕਈ ਤਰ੍ਹਾਂ ਦੀਆਂ ਸਰਗਰਮੀਆਂ ਕਰਦੀਆਂ ਹਨ, ਜੋ ਸਿੱਧੇ ਤੌਰ 'ਚ ਸਿਆਸੀ ਟੀਚਿਆਂ ਅਤੇ ਉਮੀਦਾਂ ਨਾਲ ਜੁੜੀਆਂ ਹੁੰਦੀਆਂ ਹਨ। ਉਹ ਸਮਾਜ ਨੂੰ ਬਦਲਣਾ ਚਾਹੁੰਦਾ ਹੈ ਅਤੇ ਇੱਕ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦਾ ਹੈ, ਜੋ ਸ਼ਾਇਦ ਮਨੂਸਮ੍ਰਿਤੀ ਵਾਂਗ ਹਿੰਦੂ ਧਾਰਮਿਕ ਗ੍ਰੰਥਾਂ ਦੇ ਆਧਾਰ 'ਚ ਚੱਲੇ, ਜਿਨ੍ਹਾਂ 'ਚ ਕਈ ਰੂੜੀਵਾਦੀ



ਵਿਚਾਰ ਹਨ। ਇਹ ਉਨ੍ਹਾਂ ਸਾਰੇ ਤਬਕਿਆਂ ਪ੍ਰਤੀ ਨਫਰਤ ਫੈਲਾਉਂਦਾ ਹੈ, ਜੋ ਹਿੰਦੂਤਵ ਦੀ ਉਸਦੀ ਸੌੜੀ, ਬ੍ਰਹਾਮਣਵਾਦੀ ਸਿਧਾਂਤਾਂ 'ਤੇ ਆਧਾਹਿਤ ਸੋਚ ਨੂੰ ਨਹੀਂ ਮੰਨਦੇ। ਖ਼ਾਸਕਰ ਇਹ ਇਸਲਾਮ ਅਤੇ ਇਸਾਈ ਧਰਮ ਦੇ ਪ੍ਰਤੀ ਦੁਸ਼ਮਣੀ ਫੈਲਾਉਂਦਾ ਹੈ, ਹਾਲਾਂਕਿ ਅਕਸਰ ਇਸ ਨੂੰ ਘੁੰਮਾ-ਫਿਰਾ ਕੇ ਜਾ ਲੁਕਵੇਂ ਸ਼ਬਦਾਂ 'ਚ ਕਿਹਾ ਜਾਂਦਾ ਹੈ। ਇਨ੍ਹਾਂ ਅਤੇ ਹੋਰ ਅਜਿਹੇ ਹੀ ਵਿਚਾਰਾਂ ਨੂੰ ਕਿਹੜੇ ਤਰੀਕਿਆਂ ਨਾਲ ਪੂਰਾ ਕੀਤਾ ਜਾਏਗਾ? ਆਰ.ਐਸ.ਐਸ. ਦਾ ਦਾਅਵਾ ਹੈ ਕਿ ਇਹ ਲੋਕਾਂ ਦੇ 'ਚਰਿੱਤਰ ਨਿਰਮਾਣ' ਜ਼ਰੀਏ ਕੀਤਾ ਜਾਂਦਾ ਹੈ। ਪਰ ਆਰ.ਐਸ.ਐਸ. ਇੱਕ ਸਦੀ ਤੋਂ ਅਜਿਹਾ ਕਰ ਰਿਹਾ ਹੈ ਅਤੇ ਨਤੀਜੇ ਕੁਛ ਖ਼ਾਸ ਨਹੀਂ ਦਿਸੇ ਹਨ। ਦੂਸਰਾ ਅਣਕਿਹਾ ਢੰਗ ਸਿਆਸੀ ਸੱਤਾ ਹਾਸਲ ਕਰਨਾ ਹੈ। ਇਸ ਨੇ ਸਭ ਤੋਂ ਪਹਿਲਾਂ 1950 'ਚ ਸਿਆਸੀ ਖੇਤਰ 'ਚ ਆਪਣਾ ਕੰਮ ਕਰਨ ਲਈ 'ਭਾਰਤੀ ਜਨਸੰਘ' ਦੀ ਸਥਾਪਨਾ ਕੀਤੀ। ਫਿਰ 1980 'ਚ ਜਨਸੰਘ ਨੂੰ ਭਾਜਪਾ 'ਚ ਬਦਲ ਦਿੱਤਾ ਗਿਆ। ਇਨ੍ਹਾਂ ਸਰੇਆਮ ਸਿਆਸੀ ਸਾਧਨਾਂ ਦੇ ਇਲਾਵਾ, ਇਸਨੇ ਸਿਆਸੀ ਸੱਤਾ ਹਾਸਲ ਕਰਨ ਲਈ ਧਰਮ ਦੀ ਵਰਤੋਂ ਇੱਕ ਹਥਿਆਰ ਦੇ ਤੌਰ 'ਤੇ ਕੀਤੀ, ਜਿਸ ਵਿਚ ਕਈ ਕੱਟੜਪੰਥੀ ਅਤੇ ਲੁੱਕਵੇਂ ਰਾਸ਼ਟਰਵਾਦੀ ਨਾਅਰਿਆਂ ਜਾਂ ਮੁੱਦਿਆਂ ਦਾ ਸਹਾਰਾ ਲਿਆ ਗਿਆ।

ਮੋਦੀ ਦੇ ਸੱਤਾ 'ਚ ਆਉਣ ਦੇ ਨਾਲ ਹੀ ਆਰ.ਐਸ.ਐਸ. ਦੇ ਕੰਮਕਾਜ ਦੀਆਂ ਹਾਲਤਾਂ 'ਚ ਇੱਕ ਗੁਣਾਤਮਕ ਬਦਲਾਅ ਆਇਆ ਹੈ। ਇਸ ਦੇ ਪ੍ਰਚਾਰਕ ਮੁੱਖ ਸਾਬਕਾ ਅਹੁਦੇਦਾਰ) ਅਤੇ ਸਮਰਪਿਤ ਮੈਂਬਰਾਨ ਉੱਚ ਅਹੁਦਿਆਂ 'ਚ ਪਹੁੰਚੇ ਹਨ। ਖ਼ੁਦ ਪ੍ਰਧਾਨ ਮੰਤਰੀ ਪ੍ਰਚਾਰਕ ਰਿਹਾ ਹੈ ਅਤੇ ਉਸ ਦੇ ਮੰਤਰੀ ਮੰਡਲ ਦੇ ਕਈ ਮੈਂਬਰ ਆਰ.ਐਸ.ਐਸ. ਨਾਲ ਜੁੜੇ ਹਨ। ਇਹੀ ਗੱਲ ਸੂਬਾ ਸਰਕਾਰਾਂ ਦੇ ਮਾਮਲੇ 'ਚ ਵੀ ਸੱਚ ਹੈ, ਸੂਬਿਆਂ 'ਚ ਚੁਣੇ ਹੋਏ ਆਰ.ਐਸ.ਐਸ. ਅਹੁਦੇਦਾਰ, ਮੁੱਖ ਮੰਤਰੀ ਅਤੇ ਸੂਬਾ ਸਰਕਾਰਾਂ 'ਚ ਮੰਤਰੀ ਬਣੇ ਹਨ।

ਆਰ.ਐਸ.ਐਸ. ਨੇ ਸਰਕਾਰ ਅਤੇ ਆਪਣੇ ਦਰਮਿਆਨ ਤਾਲਮੇਲ ਬਿਠਾਉਣ ਲਈ ਕਈ 'ਸਮੂਹ' ਬਣਾਏ ਹਨ, ਜਿਵੇਂ ਆਰਥਿਕ, ਸਿੱਖਿਆ ਆਦਿ। ਆਰ.ਐਸ.ਐਸ. ਦੇ ਜੋ ਅਹੁਦੇਦਾਰ ਇਸ ਦੀਆਂ ਸਹਿਯੋਗੀ ਜਥੇਬੰਦੀਆਂ 'ਚ ਕੰਮ ਕਰਦੇ ਹਨ, ਉਹ ਸਰਕਾਰੀ ਨੀਤੀਆਂ ਬਾਰੇ ਸਲਾਹ ਦੇਣ, ਮਾਰਗ-ਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ 'ਚ ਸਰਗਰਮ ਰੂਪ 'ਚ ਸ਼ਾਮਲ ਰਹਿੰਦੇ ਹਨ। ਬਦਲੇ 'ਚ ਕੇਂਦਰ ਅਤੇ ਸੂਬਾ ਸਰਕਾਰਾਂ ਇਨ੍ਹਾਂ ਜਥੇਬੰਦੀਆਂ ਦੀਆਂ ਸਰਗਰਮੀਆਂ ਲਈ ਫੰਡ ਦਿੰਦੀਆਂ ਹਨ। ਆਰ.ਐਸ.ਐਸ. ਦਾ ਇਹ ਦਾਅਵਾ ਕਿ ਉਹ ਗ਼ੈਰ-ਸਿਆਸੀ ਜਥੇਬੰਦੀ ਹੈ, ਅਜਿਹਾ ਝੂਠ ਹੈ ਜਿਸ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ। ਅਤੇ, ਜੇ ਉਹ ਜਨਤਕ ਸਿਆਸੀ ਕੰਮਕਾਜ 'ਚ ਸ਼ਾਮਲ ਹੈ, ਤਾਂ ਉਸਦੇ ਕੰਮਕਾਜ ਦੇ ਢੰਗ ਤਰੀਕਿਆਂ, ਜਮਹੂਰੀ ਪ੍ਰਕਿਰਿਆਵਾਂ, ਭਾਰੀ ਮਾਤਰਾ 'ਚ ਪੈਸਾ ਜੁਟਾਉਣ ਅਤੇ ਖ਼ਰਚ ਕਰਨ, ਅਤੇ ਅਸਲ ਵਿਚ ਇਹ ਦੇਖਣ ਲਈ ਕਿ ਕੀ ਉਹ ਭਾਰਤ ਦੇ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਮੁਤਾਬਿਕ ਕੰਮ ਕਰ ਰਿਹਾ ਹੈ ਜਾਂ ਨਹੀਂ, ਇਸ ਦੀ ਜਾਂਚ-ਪੜਤਾਲ ਕਿਉਂ ਨਹੀਂ ਹੋਣੀ ਚਾਹੀਦੀ?

ਆਰ.ਐਸ.ਐਸ. ਦੀਆਂ ਸਰਗਰਮੀਆਂ ਦਾ ਇੱਕ ਅਜਿਹਾ ਪਹਿਲੂ, ਜਿਸ ''ਚ ਘੱਟ ਹੀ ਗੱਲ ਹੁੰਦੀ ਹੈ, ਉਹ ਹੈ ਸਰਕਾਰੀ ਅਤੇ ਸਮਾਜਿਕ ਸੰਸਥਾਵਾਂ 'ਚ ਉਸਦਾ ਲਗਾਤਾਰ ਅਤੇ ਲੁਕਵੇਂ ਤੌਰ 'ਚ ਦਖ਼ਲ। ਮੋਦੀ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਦੇ ਆਰ.ਐਸ.ਐਸ. ਦੇ ਮੈਂਬਰ ਬਣਨ 'ਚ ਲੱਗੀ ਪਾਬੰਦੀ ਹਟਾ ਦਿੱਤੀ ਹੈ। ਇਸ ਲਈ ਹੁਣ ਸਰਕਾਰੀ ਮੁਲਾਜ਼ਮਾਂ ਦਾ ਵੱਡਾ ਸਮੂਹ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਪਰ ਗੱਲ ਸਿਰਫ਼ ਇਸ ਤਬਕੇ ਤੱਕ ਸੀਮਤ ਨਹੀਂ ਹੈ। ਅਦਾਲਤੀ ਅਧਿਕਾਰੀਆਂ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਕੁਲਪਤੀਆਂ ਤੱਕ, ਅਤੇ ਵੱਡੇ ਸਨਅਤਕਾਰਾਂ ਤੋਂ ਲੈ ਕੇ ਫ਼ੌਜੀ ਅਧਿਕਾਰੀਆਂ ਤੱਕ, ਬਹੁਤ ਸਾਰੇ ਲੋਕਾਂ ਨੇ ਇਹ ਗੱਲ ਜ਼ਾਹਿਰ ਕੀਤੀ ਹੈ ਕਿ ਉਹ ਲੰਮੇ ਸਮੇਂ ਤੋਂ ਆਰ.ਐਸ.ਐਸ. ਦੇ ਮੈਂਬਰ ਜਾਂ ਹਮਾਇਤੀ ਰਹੇ ਹਨ। ਕਈ ਹੋਰ ਲੋਕਾਂ ਨੇ ਸ਼ਾਇਦ ਅਜਿਹਾ ਨਾ ਕਿਹਾ ਹੋਵੇ, ਪਰ ਉਨ੍ਹਾਂ ਦੇ ਕੰਮਾਂ ਅਤੇ ਬਿਆਨਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਹ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ।

ਮੋਦੀ ਦੇ ਦੌਰ 'ਚ ਇਸ ਪ੍ਰਕਿਰਿਆ ਨੂੰ ਹੱਲਾਸ਼ੇਰੀ ਮਿਲ ਰਹੀ ਹੈ, ਕਿਉਂਕਿ ਸਰਕਾਰ ਦੁਆਰਾ ਚਲਾਈ ਜਾ ਰਹੀ ਲਗਭਗ ਹਰੇਕ ਸੰਸਥਾ ਜਾਂ ਸੰਸਥਾਵਾਂ 'ਚ ਆਰ.ਐਸ.ਐਸ. ਦੇ ਮੈਂਬਰ ਭਰੇ ਗਏ ਹਨ। ਇਹ ਸਾਰੇ ਮਿਲ ਦੇ ਲੋਕਾਂ ਦੀ ਮਾਨਸਿਕਤਾ ਅਤੇ ਨੀਤੀਆਂ ਨੂੰ ਤੈਅ ਕਰਨ 'ਚ ਜਬਰਦਸਤ ਤਾਕਤ ਅਤੇ ਪ੍ਰਭਾਵ ਰੱਖਦੇ ਹਨ। ਉਹ ਅਜੇ ਆਰ.ਐਸ.ਐਸ. ਦੀ ਵਿਚਾਰਧਾਰਾ ਨੂੰ ਫੈਲਾਉਣ ਅਤੇ ਉਸ ਦੀਆਂ ਸਿਆਸੀ ਤਾਕਤਾਂ ਨੂੰ ਮਜ਼ਬੂਤ ਕਰਨ 'ਚ ਯੋਗਦਾਨ ਦੇ ਰਹੇ ਹਨ।

ਆਰ.ਐਸ.ਐਸ. ਦੁਆਰਾ ਸੰਚਾਲਿਤ ਜਥੇਬੰਦੀਆਂ ਹਜ਼ਾਰਾਂ ਸਕੂਲ ਅਤੇ ਕਾਲਜ ਚਲਾ ਰਹੀਆਂ ਹਨ, (ਇਨ੍ਹਾਂ ਵਿਚ ਸੈਨਿਕ ਸਕੂਲ ਵੀ ਸ਼ਾਮਲ ਹਨ ਜੋ ਹਥਿਆਰਬੰਦ ਫ਼ੌਜ 'ਚ ਭਰਤੀ ਲਈ ਟ੍ਰੇਨਿੰਗ ਦਿੰਦੇ ਹਨ। ਉਹ ਅਜਿਹੀਆਂ ਸਮਾਜਿਕ ਸੰਸਥਾਵਾਂ ਵੀ ਚਲਾ ਰਹੀਆਂ ਹਨ, ਜੋ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਨੂੰ ਲਾਗੂ ਕਰਦੀਆਂ ਹਨ ਅਤੇ ਲੱਖਾਂ ਲੋਕਾਂ ਤੱਕ ਪਹੁੰਚਦੀਆਂ ਹਨ। ਉਹ ਉਨ੍ਹਾਂ ਧਾਰਮਿਕ ਟਰੱਸਟਾਂ ਦਾ ਵੀ ਸੰਚਾਲਨ ਕਰਦੀਆਂ ਹਨ ਜੋ ਮੰਦਰਾਂ ਅਤੇ ਤੀਰਥ ਯਾਤਰਾ ਵਰਗੀਆਂ ਹੋਰ ਧਾਰਮਿਕ ਸਰਗਰਮੀਆਂ ਨੂੰ ਚਲਾਉਣ ਲਈ ਜ਼ਿੰਮੇਦਾਰ ਹਨ।

ਜੇ ਸੰਸਥਾ ਐਨੀਆਂ ਸਾਰੀਆਂ ਚੀਜ਼ਾਂ ਨੂੰ ਕੰਟਰੋਲ ਕਰਦੀ ਹੈ, ਉਸ ਦੀ ਜਾਂਚ-ਪੜਤਾਲ ਤਾਂ ਹੋਣੀ ਹੀ ਚਾਹੀਦੀ ਹੈ ਅਤੇ ਉਸਦੀ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਪਰਖ-ਪੜਤਾਲ ਤਾਂ ਹੋਣੀ ਹੀ ਚਾਹੀਦੀ ਹੈ। ਅਯੁੱਧਿਆ ਦੇ ਰਾਮ ਮੰਦਰ 'ਚ ਚੱਲ ਰਿਹਾ ਘੁਟਾਲਾ, ਜਿਸ ਵਿਚ ਦੋਸ਼ ਹੈ ਕਿ ਰੋਜ਼ਾਨਾ ਚੜ੍ਹਾਵੇ 'ਚ ਆਉਣ ਵਾਲੀ ਨਗਦ ਰਕਮ ਅਤੇ ਕੀਮਤੀ ਧਾਤਾਂ ਦੀ ਗਿਣਤੀ ਕਰਨ ਵਾਲੇ ਲੋਕਾਂ ਨੇ 200 ਕਰੋੜ ਰੁਪਏ ਦਾ ਗਬਨ ਕੀਤਾ ਹੈ, ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਲੋਕਾਂ ਦੇ ਭਰੋਸੇ ਨੂੰ ਤੋੜਿਆ ਜਾ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਮੰਦਰ ਦਾ ਪ੍ਰਬੰਧ ਕਰਨ ਵਾਲੇ ਟਰੱਸਟ ਵਿਚ ਸੰਘ ਪਰਿਵਾਰ ਦੇ ਲੋਕ ਵੀ ਭਰੇ ਪਏ ਹਨ।

ਆਖ਼ਿਰਕਾਰ ਹੋ ਸਕਦਾ ਹੈ ਕਿ ਆਰ.ਐਸ.ਐਸ. ਖੜਗੇ ਦੀ ਚਿੱਠੀ ਨੂੰ ਵੀ ਪਹਿਲਾਂ ਦੀਆਂ ਕੋਸ਼ਿਸ਼ਾਂ ਦੀ ਤਰ੍ਹਾਂ ਨਜ਼ਰਅੰਦਾਜ ਕਰ ਦੇਵੇ। ਆਰ.ਐਸ.ਐਸ. ਦੁਆਰਾ ਭਾਰਤ ਉੱਪਰ ਚੁੱਪ-ਚੁਪੀਤੇ ਕਬਜ਼ਾ ਕਰਨ ਦੀਆਂ ਕੋਸਿਸਾਂ ਨੂੰ ਰੋਕਣ ਦਾ ਅਸਲੀ ਜ਼ਰੀਆ ਤਾਂ ਆਮ ਲੋਕਾਂ ਦੀ ਚੌਕਸੀ ਅਤੇ ਦਬਾਅ ਹੀ ਹੈ। ਆਰ.ਐਸ.ਐਸ. ਨੂੰ ਇੱਕ 'ਡੀਪ ਸਟੇਟ' (ਲੁਕੀ ਹੋਈ ਸੱਤਾ) ਦੇ ਤੌਰ 'ਚ ਦੇਖਿਆ ਜਾਂਦਾ ਹੈ, ਜੋ ਪਰਦੇ ਦੇ ਪਿੱਛੇ ਅਤੇ ਦੇਸ਼ ਅਤੇ ਉਸ ਦੇ ਆਗੂਆਂ ਨੂੰ ਕਠਪੁਤਲੀ ਦੀ ਤਰ੍ਹਾਂ ਚਲਾਉਂਦੀ ਹੈ। ਅਜੇ ਇਸ ਵਿਚ ਐਨੀ ਹਿੰਮਤ ਨਹੀਂ ਹੈ ਕਿ ਇਹ ਆਪਣੀ ਵਿਚਾਰਧਾਰਾ ਅਤੇ 'ਹਿੰਦੂ ਰਾਸ਼ਟਰ' ਦੇ ਸੁਪਨਿਆਂ ਲਈ ਖੁੱਲ੍ਹ ਕੇ ਜਨਤਕ ਫਤਵਾ ਮੰਗੇ। ਉਹ ਸਹੀ ਮੌਕੇ ਦਾ ਇਤਜ਼ਾਰ ਕਰਦੇ ਹੋਏ ਭਾਜਪਾ ਅਤੇ ਦੂਸਰੀਆਂ ਸੰਸਥਾਵਾਂ ਦੀ ਆੜ 'ਚ ਛੁਪੀ ਰਹਿੰਦੀ ਹੈ। ਜਦ ਤੱਕ ਉਸ ਦੀਆਂ ਸਰਗਰਮੀਆਂ, ਉਸ ਨਾਲ ਜੁੜੀਆਂ ਜਥੇਬੰਦੀਆਂ ਅਤੇ ਸਰਕਾਰੀ ਕੰਮਕਾਜ ਤੇ ਸਮਾਜਿਕ ਜ਼ਿੰਦਗੀ 'ਚ ਉਨ੍ਹਾਂ ਦੀ ਦਖ਼ਲਅੰਦਾਜ਼ੀ 'ਚ ਚਾਨਣਾ ਨਹੀਂ ਪਾਇਆ ਜਾਵੇਗਾ,ਓਦੋਂ ਤੱਕ ਉਸਦਾ ਦਾਇਰਾ ਫੈਲਦਾ ਹੀ ਰਹੇਗਾ।

# ਤੁਮ ਕਿਸੀ ਔਰ ਕੋ ਚਾਹੋਗੀ ਤੋ ਮੁਸ਼ਕਿਲ ਹੋਗੀ...

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਇੱਕ ਪੁਰਾਣਾ ਹਿੰਦੀ ਗਾਣਾ...ਤੁਮ ਅਗਰ ਮੁਝ ਕੋ ਨਾ ਚਾਹੋ ਤੋ ਕੋਈ ਬਾਤ ਨਹੀਂ...ਤੁਮ ਕਿਸੀ ਔਰ ਕੋ ਚਾਹੋਗੀ ਤੋ ਮੁਸ਼ਕਿਲ ਹੋਗੀ...ਅਜੋਕੇ ਸਿਸਟਮ 'ਤੇ ਬੜਾ ਢੁਕਦਾ...!

ਹਿੰਦੁਸਤਾਨ ਦੇ ਬਚੇ-ਖੁਚੇ ਇਨਸਾਫ਼ਪਸੰਦ ਲੋਕ ਐਸੇ ਯੂ ਟਿਊਬਰ ਅਤੇ ਪੋਡ ਕਾਸਟਰ ਨੂੰ ਤਲੀਆਂ 'ਤੇ ਬਿਠਾਉਂਦੇ ਜੋ ਨਿਜ਼ਾਮ ਦੀਆਂ ਖਾਮੀਆਂ ਸਕੈਮ ਧੋਖੇ ਨਾ-ਇਨਸਾਫ਼ੀਆਂ ਸਰ੍ਹੇ-ਬਾਜ਼ਾਰ ਉਜਾਗਰ ਕਰਦਾ ਹੋਵੇ...ਪਰ ਜੇ ਓਹੀ ਬੰਦਾ ਸਿਖਾਂ ਦੀਆਂ ਹੱਕ-ਸੱਚ ਅਧਾਰਿਤ ਮੰਗਾਂ... ਵਧੀਕੀਆਂ...ਜ਼ੁਲਮੋਂ ਸਿਤਮ ਬਾਰੇ ਨਿੱਕਾ ਜਿੰਨਾ ਹਾਅ ਦਾ ਨਾਅਰਾ ਵੀ ਮਾਰ ਦੇਵੇ ਤਾਂ ਸਾਰੀ ਕੀਤੀ ਕੱਤਰੀ ਖੂਹ ਖਾਤੇ ਪਾ ਦਿੱਤੀ ਜਾਂਦੀ...ਸੋ ਸਿਖਾਂ ਵਾਰੀ ਐਸੇ ਬੰਦੇ ਘੋਗਲ ਕੰਨੇ ਬਣੇ ਰਹਿਣਾ ਹੀ ਬੇਹਤਰ ਸਮਝਦੇ!

ਪੰਝੀ ਹਜ਼ਾਰ ਵਾਲੇ ਡਾਕੂਮੈਂਟੇਡ ਬਿਰਤਾਂਤ ਮੁਕਾਬਲੇ ਸਰਕਾਰੀ ਸ਼ਹਿ 'ਤੇ ਚਲਾਇਆ ਜਾ ਰਿਹਾ ਪੈਂਤੀ ਹਜ਼ਾਰ ਵਾਲਾ ਹਵਾਈ ਰੌਲਾ ਰੱਪਾ...ਵਕਤੀ ਤੌਰ 'ਤੇ ਸੱਚ ਮੰਨ ਵੀ ਲਿਆ ਜਾਵੇ ਤਾਂ ਸਵਾਲ ਕੇ ਉਸ ਸਾਰੇ ਦੇ ਕਥਿਤ ਦੋਸ਼ੀ ਤੇ ਝੂਠਿਆਂ-ਸੱਚਿਆਂ ਵਿਚ ਮੁਕਾ ਦਿੱਤੇ ਗਏ...ਇਥੋਂ ਤੱਕ ਕਿ ਭਾਈ-ਭੈਣ, ਰਿਸ਼ਤੇਦਾਰ ਪੈਲੀਆਂ ਘਰ ਬਾਹਰ ਕੁਝ ਸਭ ਕੁਝ ਨੇਸਤੋ-ਨਾਬੂਦ ਕਰ ਦਿੱਤਾ...ਪਰ ਦੂਜੀ ਧਿਰ ਦਾ ਕੋਈ ਇੱਕ ਦੋਸ਼ੀ ਵੀ ਫਾਹੇ ਟੰਗਿਆ ਹੋਵੇ ਤਾਂ ਜ਼ਰੂਰ ਦੱਸਿਆ ਜੇ...ਜੇਕਰ ਇੱਕ-ਦੋ ਨੂੰ ਸੰਕੇਤਕ ਸਜ਼ਾ ਹੋਈ ਵੀ ਤਾਂ ਨਿਜ਼ਾਮ ਅਤੇ ਮਹਿਕਮੇ ਨੇ ਜੇਲ੍ਹ ਓਹਨਾਂ ਲਈ ਫਾਈਵ ਸਟਾਰ ਹੋਟਲ ਬਣਾ ਧਰੀ...!

ਇੰਝ ਦੀਆਂ ਦਲੀਲਾਂ, ਅਪੀਲਾਂ, ਨੁਕਤੇ ਅਤੇ ਜਿਰਾਹਾਂ ਓਦੋਂ ਬੇਕਾਰ ਬੇ-ਮਾਅਨੇ ਜਦੋਂ ਸ਼ੇਰ ਨੇ




Dismissed DSP Jaspal Singh was lodged in Nabha jail before the court granted him interim bail on May 25, 2023.

ਹਰ ਹਾਲਤ ਵਿਚ ਮੇਮਣੇ ਦਾ ਸ਼ਿਕਾਰ ਕਰਨ ਦਾ ਮਨ ਬਣਾ ਹੀ ਲਿਆ...!

ਖ਼ੈਰ! ਦਸਮ ਪਿਤਾ ਵੱਲੋਂ ਸਾਜੀ ਨਿਵਾਜੀ ਕੋਈ ਮੇਮਣਾ ਨਹੀਂ...ਸ਼ੇਰ ਦੇ ਨਿਆਈਂ ਹੈ...ਬੇਸ਼ੁਮਾਰ ਧੱਕੇ, ਖੱਜਲ-ਖਰਾਬੀਆਂ, ਸਹਿ-ਸਹਿ ਕੇ ਹਰ ਬਿਰਤਾਂਤ ਦਾ ਟਾਕਰਾ ਕਰਨ ਦੇ ਕਾਬਲ ਹੋ ਚੁੱਕੀ ਏ...ਬੱਸ ਇੱਕ ਗੱਲ ਦਾ ਖਿਆਲ ਰਹੇ...ਦੂਜੇ ਪਾਸੇ ਕੋਲ ਭੀੜਾਂ ਨੇ...ਵੱਗ ਨੇ...ਵੇਹਲੀ ਖਲਕਤ ਏ...ਕਾਵਾਂ ਰੌਲੀ ਪਾਉਂਦਾ ਮੀਡੀਆ ਹੈ...! ਸੋ ਬੇਕਾਰ ਦੀ ਧਿਆਨ ਭਟਕਾਊ ਬਹਿਸ ਦਲੀਲਬਾਜ਼ੀ ਵਿਚ ਉਲਝਣ ਨਾਲੋਂ ਸਿਰਫ ਉਹ ਹਿੱਸੇ ਹੀ ਲੱਭੇ ਜਾਣ ਜਿਨ੍ਹਾਂ ਨੂੰ ਦੱਬਿਆਂ ਚੀਕਾਂ ਨਿਕਲ ਜਾਣ...ਠੀਕ ਓਦਾਂ ਦੀਆਂ ਜਿਹੜੀਆਂ ਕੁਝ ਦਿਨ ਪਹਿਲੋਂ ਐਫ.ਬੀ.ਆਈ. ਦੇ ਬਿਸ਼ਨੋਈ ਖੁਲਾਸਿਆਂ ਮਗਰੋਂ ਨਿੱਕਲੀਆਂ ਸਨ!

# ਸ. ਸਵਰਨਜੀਤ ਸਿੰਘ ਢਿੱਲੋਂ ਨੂੰ ਚੌਥੀ ਬਰਸੀ ’ਤੇ ਯਾਦ ਕਰਦਿਆਂ!

‘ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ’ ਦੇ ਮੈਂਬਰ, ਮੋਢੀ ਮੈਂਬਰਾਂ ਵਿਚੋਂ ਇਕ, ਸੁਭ ਚਿੰਤਕ ਅਤੇ ਹਮਦਰਦ ਸ. ਸਵਰਨਜੀਤ ਸਿੰਘ ਢਿੱਲੋਂ, 14 ਜੁਲਾਈ 2022 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਇਤਫ਼ਾਕਨ 14 ਜੁਲਾਈ ਨੂੰ ਸ. ਅਮੋਲਕ ਸਿੰਘ ਜੰਮੂ ਦਾ ਜਨਮ ਦਿਨ ਹੁੰਦਾ ਹੈ, ਤੇ ਇਸ ਦਿਨ ਉਨ੍ਹਾਂ ਦੇ ਹਮਦਰਦ ਸ. ਢਿੱਲੋਂ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ‘ਪੰਜਾਬ ਟਾਈਮਜ਼’ ਨੂੰ ਸ਼ੁਰੂ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਸੀ। ਉਹ ‘ਪੰਜਾਬ ਟਾਈਮਜ਼’ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਦੇ ਕਰੀਬੀ ਸਨ ਅਤੇ ਉਨ੍ਹਾਂ ਹਮੇਸ਼ਾ ਅਖਬਾਰ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਉਹ ਜਿੱਥੇ ਆਪ ਅਖਬਾਰ ਦੀ ਭਲਾਈ ਲਈ ਕੰਮ ਕਰਦੇ ਰਹੇ ਉਥੇ ਉਨ੍ਹਾਂ ਨੇ ਲੋਕਾਂ ਨੂੰ ਵੀ ਇਸ ਨਾਲ ਜੋੜਨ ਦੇ ਉਪਰਾਲੇ ਕੀਤੇ। ਸ. ਢਿੱਲੋਂ ਦੀ ਚੌਥੀ ਬਰਸੀ ’ਤੇ ਅਦਾਰਾ ‘ਪੰਜਾਬ ਟਾਈਮਜ਼’ ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ।



ਸਵਰਨਜੀਤ ਸਿੰਘ ਢਿੱਲੋਂ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ



ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਅਮਰੀਕ ਸਿੰਘ (ਅਮਰ ਕਾਰਪੈਟ)


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਧਾਲੀਵਾਲ



ਗੁਰਦੇਵ ਸਿੰਘ ਜੌੜਾ


ਅੰਮ੍ਰਿਤਪਾਲ ਸਿੰਘ ਸੰਘਾ


ਆਗਿਆਪਾਲ ਸਿੰਘ ਬਾਠ


ਪਰਮਵੀਰ ਸਿੰਘ ਬੈਂਸ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਬਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਮਨਮਿੰਦਰ ਸਿੰਘ ਹੀਰ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# ਪੰਜਵੇਂ ਗੁਰੂ ਦੀ ਲਾਸਾਨੀ ਸ਼ਹਾਦਤ ਬਾਰੇ ਨਾਟਕ – 'ਤੱਤੀ ਤਵੀ ਦਾ ਸੱਚ'





ਰੂਪਕ ਕਲਾ ਅਤੇ ਵੈੱਲਫੇਅਰ ਸੋਸਾਇਟੀ ਪਿਛਲੇ 20 ਸਾਲਾਂ ਤੋਂ ਵੱਖ-ਵੱਖ ਥਾਵਾਂ 'ਤੇ ਡਾਕਟਰ ਆਤਮਜੀਤ ਦੇ ਨਾਟਕ 'ਤੱਤੀ ਤਵੀ ਦਾ ਸੱਚ' ਦਾ ਮੰਚਨ ਲਾਈਟ ਐਂਡ ਸਾਊਂਡ ਸ਼ੋ ਦੇ ਰੂਪ ਵਿਚ ਕਰ ਰਹੀ ਹੈ। ਪਿਛਲੇ ਸਾਲਾਂ ਵਿਚ ਇਹ ਨਾਟਕ ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤੱਕ ਪੰਜਾਬ ਦੇ ਸੱਤ-ਅੱਠ ਜ਼ਿਲ੍ਹਿਆਂ ਵਿਚ ਖੇਡਿਆ ਗਿਆ ਤੇ ਹਮੇਸ਼ਾ ਹੀ ਇਸ ਨਾਟਕ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਸਾਲ ਇਹ ਨਾਟਕ ਟੈਗੋਰ ਥਿਏਟਰ ਚੰਡੀਗੜ੍ਹ ਵਿਖੇ 13 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਲਈ ਖੇਡਿਆ ਗਿਆ। ਵੱਡੀ ਗਿਣਤੀ ਲੋਕਾਂ ਨੇ ਇਸ ਨਾਟਕ ਨੂੰ ਸਿਰਫ ਵੇਖਿਆ ਨਹੀਂ, ਬਲਕਿ ਸਮਝਿਆ ਵੀ। ਜਦੋਂ ਦਰਸ਼ਕ ਆਪਣੇ ਬੱਚਿਆਂ ਨੂੰ ਗੁਰੂ ਜੀ ਦੀ ਸ਼ਹਾਦਤ ਬਾਰੇ ਸਮਝਾ ਰਹੇ ਸਨ ਤਾਂ ਸਾਨੂੰ ਲੱਗਿਆ ਕਿ ਸਾਡਾ ਮਕਸਦ ਪੂਰਾ ਹੋ ਰਿਹਾ ਹੈ ਅਤੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਗੁਰੂ ਦੀ ਲਾਸਾਨੀ ਸ਼ਹਾਦਤ ਬਾਰੇ ਜਾਣੂੰ ਕਰਵਾ ਰਹੇ ਹਾਂ। ਡਾ. ਆਤਮਜੀਤ ਨੇ ਜਦੋਂ ਪਹਿਲੀ ਵਾਰ 2005 ਵਿਚ ਰੋਜ਼ਾਨਾ ਹਿੰਦੀ ਅਖ਼ਬਾਰ 'ਦੈਨਿਕ ਭਾਸਕਰ' ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਸੰਗ ਵਿਚ ਇਕ ਲੇਖ ਲਿਖਿਆ ਤਾਂ ਉਨ੍ਹਾਂ ਨੇ ਪਾਠਕਾਂ ਸਾਹਮਣੇ ਬਹੁਤ ਸਾਰੇ ਨਵੇਂ



**ਲਵਲੀਨ ਕੌਰ ਭੱਠਲ**

ਤੱਥ ਉਜਾਗਰ ਕੀਤੇ ਤੇ ਉਦੋਂ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਅਸਲ ਕਾਰਨਾਂ ਦਾ ਪਤਾ ਲੱਗਿਆ। ਉਸੇ ਸਾਲ ਪੰਜਾਬੀ ਰੰਗਮੰਚ ਦੀ ਨਿਰਦੇਸ਼ਕਾ ਸੰਗੀਤਾ ਗੁਪਤਾ ਨੇ ਡਾ. ਆਤਮਜੀਤ ਨੂੰ ਗੁਜ਼ਾਰਿਸ਼ ਕੀਤੀ ਕਿ ਰੰਗਮੰਚ ਵਿਚ ਸਾਡਾ ਸਮਾਂ ਬਹੁਤ ਔਖਾ ਚੱਲ ਰਿਹਾ ਹੈ, ਕੋਈ ਐਸਾ ਨਾਟਕ ਲਿਖ ਦਿਓ ਜਿਹਨੂੰ ਅਸੀਂ ਸਾਰੀ ਜਨਤਾ ਵਿਚ ਲੈ ਕੇ ਜਾ ਸਕੀਏ। ਡਾ. ਆਤਮਜੀਤ ਨਾਲ ਸਾਡੇ ਸੰਬੰਧ ਸਿਰਫ ਇੱਕ ਅਧਿਆਪਕ ਵਾਲੇ ਨਹੀਂ, ਮੈਂ ਅਤੇ ਸੰਗੀਤਾ ਗੁਪਤਾ ਰੰਗਮੰਚ ਵਿਚ ਉਨ੍ਹਾਂ ਨੂੰ ਆਪਣਾ ਬਾਪ ਵੀ ਮੰਨਦੇ ਹਾਂ ਤੇ ਬਾਪ ਉੱਤੇ ਧੀਆਂ ਸਦਾ ਆਪਣਾ ਹੱਕ ਜਤਾਉਂਦੀਆਂ ਨੇ। ਉਹ ਉਦੋਂ ਮੁਕੰਦਪੁਰ ਕਾਲਜ ਵਿਚ ਪ੍ਰਿੰਸੀਪਲ ਸਨ। ਉਨ੍ਹਾਂ ਸਾਨੂੰ ਆਪਣੇ ਕੋਲ ਬੁਲਾ ਲਿਆ। ਹਰ ਰੋਜ਼ ਸ਼ਾਮ ਨੂੰ ਬਹਿ ਕੇ ਉਹ ਨਾਟਕ ਲਿਖਦੇ। ਪਰ ਉਨ੍ਹਾਂ ਦਾ ਫ਼ਿਕਰ ਇਹ ਸੀ ਕਿ ਗੁਰੂ-ਕਾਲ ਦੀਆਂ ਰਾਜਸੀ ਗੁੰਝਲਾਂ ਏਨੀਆਂ ਪੀਢੀਆਂ ਸਨ ਕਿ ਆਮ ਦਰਸ਼ਕ ਨੂੰ ਗੱਲ ਸਮਝਾਉਣੀ ਬਹੁਤ ਮੁਸ਼ਕਲ ਹੈ। ਸ਼ਾਇਦ ਏਸੇ ਲਈ ਸ਼ਾਂਤੀ ਦੇ ਪੁੰਜ ਬਾਰੇ ਬਹੁਤੇ ਨਾਟਕ ਨਹੀਂ ਲਿਖੇ ਗਏ। ਕਈ ਦਿਨਾਂ ਦੀ ਸ਼ਸ਼ੋਪੰਜ ਤੇ ਮਿਹਨਤ ਵਿਚੋਂ ਨਾਟਕ ਦੇ ਦੋ ਕਮਾਲ ਦੇ ਪਾਤਰਾਂ, ਕਮਲੇ ਅਤੇ ਸਿਆਣੇ, ਦਾ ਜਨਮ ਹੋਇਆ। ਸਿਆਣਾ ਕਮਲੀਆਂ ਗੱਲਾਂ ਕਰਦਾ ਹੈ ਅਤੇ ਕਮਲਾ ਸਿਆਣੀਆਂ। ਸੂਤਰਧਾਰ ਬਣ ਕੇ ਕਈ ਘਟਨਾਵਾਂ ਨੂੰ ਉਹ ਬੜੇ ਸਹਿਜ ਨਾਲ ਬਿਆਨ ਕਰ ਜਾਂਦੇ ਹਨ। ਉਨ੍ਹਾਂ ਇਹ ਵੀ ਧਿਆਨ ਰੱਖਿਆ ਕਿ ਦੋਵੇਂ ਪਾਤਰ ਨਾਟਕਕਾਰ ਦਾ ਇੱਕ ਸੰਦ ਹੀ ਨਾ ਬਣ ਕੇ ਰਹਿ ਜਾਣ, ਬਲਕਿ ਉਨ੍ਹਾਂ ਦਾ ਰਚਨਾ ਵਿਚ ਇੱਕ-ਦੂਜੇ ਨਾਲ ਟਕਰਾਅ ਵੀ ਹੋਵੇ। ਇਸੇ ਲਈ ਨਾਟਕ ਵਿਚ ਕਮਲਾ-ਸਿਆਣਾ ਕੇਵਲ ਨਾਟਕ ਨੂੰ ਅੱਗੇ ਨਹੀਂ ਤੋਰਦੇ ਬਲਕਿ ਉਸ ਨੂੰ ਰੌਚਕ ਵੀ ਬਣਾਉਂਦੇ ਹਨ।

ਡਾ. ਆਤਮਜੀਤ ਦਾ ਵਿਸ਼ਵਾਸ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਾਰੇ ਪ੍ਰਸੰਗ ਵਿਚ ਧਰਮ ਨਾਲੋਂ ਰਾਜਨੀਤੀ ਜ਼ਿਆਦਾ ਭਾਰੂ ਹੈ। ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਚੰਦੂ, ਪ੍ਰਿਥੀਏ ਜਾਂ ਜਹਾਂਗੀਰ ਦੇ ਨਿੱਜੀ ਸਾੜਿਆਂ ਜਾਂ ਸ਼ਿਕਵੇ-ਸ਼ਿਕਾਇਤਾਂ ਤਕ ਸੀਮਿਤ ਕਰਨ ਨਾਲ ਗੁਰੂ ਜੀ ਦੀ ਇਤਿਹਾਸਕ ਤੇ ਨਿਰਣਾਇਕ ਭੂਮਿਕਾ ਛੋਟੀ ਹੋ ਜਾਂਦੀ ਹੈ। ਅਸ਼ੋਕ ਅਤੇ ਅਕਬਰ ਨੇ ਰਾਜਸੀ ਕਾਰਨਾਂ ਕਰਕੇ ਬਹੁ-ਸਭਿਆਚਾਰਵਾਦ (ਮਲਟੀ ਕਲਚਰਿਜ਼ਮ) ਵੱਲ ਕਦਮ ਪੁੱਟੇ ਸਨ ਪਰ ਉਨ੍ਹਾਂ ਦੇ ਉਲਟ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਵੱਲੋਂ ਪ੍ਰਚਾਰੀ ਸਿੱਖੀ ਦੇ ਅਨੁਕੂਲ ਸ਼ੁੱਧ ਧਾਰਮਿਕ ਕਾਰਨਾਂ ਕਰਕੇ ਲੋਕਾਂ ਨੂੰ ਆਪਸ ਵਿਚ ਜੋੜਨ ਦੇ ਯਤਨ ਕੀਤੇ। ਇਸ ਪਿੱਛੇ ਉਨ੍ਹਾਂ ਦੀ ਕੋਈ ਰਾਜਨੀਤੀ ਨਹੀਂ ਸੀ। ਰਾਜਨੀਤੀ ਆਮ ਕਰਕੇ ਲੋਕਾਂ ਨੂੰ ਤੋੜਨ ਨੂੰ ਪਹਿਲ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋੜਨ ਦੇ ਖ਼ਿਲਾਫ, ਜੋੜਨ ਦੇ ਸਿਧਾਂਤ ਨੂੰ ਪ੍ਰਬਲਤਾ ਨਾਲ ਖੜ੍ਹਾ ਕਰਦੀ ਹੈ। ਭਾਵੇਂ ਇਕ ਸੰਤ ਸ਼ਹੀਦ ਹੋਇਆ ਸੀ ਪਰ ਸ਼ਹਾਦਤ ਦਾ ਮਹੱਤਵ ਸਿਰਫ ਧਾਰਮਿਕ ਨਹੀਂ ਹੈ, ਸਮਾਜਿਕ ਅਤੇ ਰਾਜਸੀ ਵੀ ਹੈ। ਇਸ ਵਿਚ ਮੁਸਲਿਮ, ਹਿੰਦੂ ਜਾਂ ਸਿੱਖ ਦਾ ਮਸਲਾ ਬਿਲਕੁਲ ਨਹੀਂ, ਸਿਰਫ ਸ਼ਾਸਕ ਤੇ ਸ਼ਾਸਿਤ ਦਾ ਹੈ। ਮਸਲਾ ਉਨ੍ਹਾਂ ਕੱਟੜ ਭੁਖਿਆਂ ਦਾ ਹੈ ਜੋ ਧਰਮ ਦੇ ਨਾਂ 'ਤੇ ਸੱਤਾ ਨੂੰ ਹਥਿਆਉਣ ਦੀ ਕੋਸ਼ਿਸ਼ ਕਰਦੇ ਹਨ ਜੋ ਅੱਜ ਵੀ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਅਜਿਹੀ ਸਿਆਸਤ ਦਾ ਸਿੱਧਾ ਵਿਰੋਧ ਕੀਤਾ। ਅੱਜ ਵੀ ਸਾਡੇ ਸਮਾਜ ਵਿਚ ਚੰਦੂ, ਪ੍ਰਿਥੀਏ ਤੇ ਮੁਜੱਦਦ ਵਰਗੇ ਲੋਕ ਮੌਜੂਦ ਹਨ। ਇਹ ਵੀ ਜ਼ਰੂਰੀ ਨਹੀਂ ਕਿ ਚੰਦੂ ਅਤੇ ਪ੍ਰਿਥੀਏ ਹਿੰਦੂ ਹੀ ਹੋਣ, ਉਹ ਸਿੱਖ ਜਾਂ ਮੁਸਲਿਮ ਵੀ ਹੋ ਸਕਦੇ ਨੇ। ਅੱਜ ਚਾਰੇ ਪਾਸੇ ਜਹਾਂਗੀਰ ਤੇ ਔਰੰਗਜ਼ੇਬ ਵਾਲੀ ਜ਼ਹਿਨੀਅਤ ਹੈ। ਅਕਬਰ ਦੀ ਸੋਚ ਦਮ ਤੋੜ ਰਹੀ ਹੈ ਤੇ ਮੀਆਂ ਮੀਰ ਪਹਿਲਾਂ ਵਾਂਗ ਹੀ ਬੇਬਸ ਹੈ ਤੇ ਸਾਨੂੰ ਇੱਕ ਵਾਰ ਫਿਰ ਗੁਰੂ ਅਰਜਨ ਦੇਵ ਵਰਗੀ ਸ਼ਖਸੀਅਤ ਦੀ ਉਡੀਕ ਹੈ ਜੋ ਆਪਣੀ ਕੁਰਬਾਨੀ ਨਾਲ ਇਸ ਵਹਿਣ ਨੂੰ ਠੱਲ੍ਹ ਪਾ ਸਕੇ।


ਅਕਸਰ ਲੋਕ ਚੰਦੂ ਤੇ ਪ੍ਰਿਥੀਏ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਮੰਨਦੇ ਹਨ ਪਰ 'ਤੱਤੀ ਤਵੀ ਦੇ ਸੱਚ' ਵਿਚ ਕੁਝ ਮਹੱਤਵਪੂਰਨ ਨਵੀਆਂ ਗੱਲਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ। ਉਨ੍ਹਾਂ ਵਿਚੋਂ ਇੱਕ ਗੱਲ ਇਹ ਹੈ ਕਿ ਜਹਾਂਗੀਰ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਕੁਝ ਮਹੀਨੇ ਪਹਿਲਾਂ ਤਖ਼ਤ ਪ੍ਰਾਪਤ ਕੀਤਾ ਸੀ, ਸ਼ਹਾਦਤ ਦਾ ਇੰਨੀ ਜਲਦੀ ਫ਼ੈਸਲਾ ਕਿਵੇਂ ਲਿਆ ਗਿਆ? ਤੇ ਦੂਜੀ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਕਬਰ ਦੀ ਮੌਤ ਤੋਂ ਕੁਝ ਹੀ ਵਰ੍ਹੇ ਪਹਿਲਾਂ ਮੁਜੱਦਦ ਅਲਫਸਾਨੀ ਨੇ ਆਪਣੀ ਕੱਟੜਤਾ ਦੀ ਨੀਤੀ ਨੂੰ ਠੋਸਣਾ ਸ਼ੁਰੂ ਕੀਤਾ ਸੀ। ਅਕਬਰ ਬਾਰੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਉਹ ਅਜਿਹੇ ਮੁਸਲਿਮ ਰਾਜ ਦੀ ਕਲਪਨਾ ਕਰਦਾ ਸੀ ਜਿਸ ਵਿਚ ਗੈਰ-ਮੁਸਲਿਮਾਂ ਨੂੰ ਪੂਰੇ ਹੱਕ ਪ੍ਰਾਪਤ ਹੋਣ। ਗੁਰੂ ਜੀ ਨੂੰ ਸ਼ਹੀਦ ਕਰਨ ਦਾ ਕਾਰਾ ਅਸਲ ਵਿਚ ਮੁਜੱਦਦ ਨੇ ਕਰਵਾਇਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਹਾਂਗੀਰ ਦੇ ਰਾਜ ਸੰਭਾਲਣ ਤੋਂ ਪਹਿਲਾਂ ਮੁਜੱਦਦ ਨੇ ਜਹਾਂਗੀਰ ਤੋਂ ਇਹ ਪ੍ਰਣ ਲਿਆ ਸੀ ਕਿ ਉਸ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਵੇਗਾ ਤੇ ਇਸਲਾਮੀ ਫਲਸਫੇ ਨੂੰ ਲਾਗੂ ਕਰੇਗਾ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਚੰਦੂ ਤੇ ਪ੍ਰਿਥੀਏ ਦਾ ਗੁਰੂ ਅਰਜਨ ਪ੍ਰਤੀ ਵਿਰੋਧ ਸੀ ਪਰ ਉਹ ਇਹ ਵਿਰੋਧ ਆਪਣੇ ਜ਼ਾਤੀ ਹਿੱਤਾਂ ਲਈ ਕਰ ਰਹੇ ਸੀ। ਪ੍ਰਿਥੀਏ ਨੂੰ ਗੁਰਗੱਦੀ ਚਾਹੀਦੀ ਸੀ ਤੇ ਚੰਦੂ ਦੀ ਧੀ ਦਾ ਰਿਸ਼ਤਾ ਸੰਗਤ ਨੇ ਠੁਕਰਾ ਦਿੱਤਾ ਸੀ ਜਿਸ ਦਾ ਕਾਰਨ ਉਹ ਗੁਰੂ ਅਰਜਨ ਦੇਵ ਨੂੰ ਸਮਝਦਾ ਸੀ। ਪਰ ਮੁਜੱਦਦ ਦੇ ਇਰਾਦੇ ਬਹੁਤ ਖ਼ੌਫਨਾਕ ਸਨ। ਉਹ ਰਾਜਨੀਤੀ ਰਾਹੀਂ ਆਪਣੇ ਧਰਮ ਨੂੰ ਫ਼ੈਲਾਉਣ ਦੀ ਤਾਕ ਵਿਚ ਸੀ। ਇਸੇ ਲਈ ਉਹ ਅਕਬਰ ਦੇ ਵੀ ਖ਼ਿਲਾਫ਼ ਸੀ ਅਤੇ ਗੁਰੂ ਜੀ ਦੇ ਵੀ ਕਿਉਂਕਿ ਉਹ ਇਨਸਾਨੀਅਤ ਦੀ ਗੱਲ ਕਰਦੇ ਸਨ। ਨਾਟਕ ਦੱਸਦਾ ਹੈ ਕਿ ਕਿਵੇਂ ਬਹੁਤ ਸਾਰੇ ਅਧਰਮੀ ਬੰਦਿਆਂ ਨੇ ਸਿਆਸਤ-ਦਰ-ਸਿਆਸਤ ਖੇਲ੍ਹੀ ਅਤੇ ਮਜ਼੍ਹਬ ਦੀ ਸੌੜੀ ਸੋਚ ਕਾਰਨ ਸ਼ਾਂਤੀ ਦੇ ਪੁੰਜ ਨੂੰ ਸ਼ਹੀਦ ਕਰਵਾ ਦਿੱਤਾ।

ਡਾ. ਆਤਮਜੀਤ ਜਦੋਂ ਆਪਣੇ ਨਾਟਕਾਂ ਦੇ ਕੋਰੱਸ ਗੀਤ ਲਿਖਦੇ ਹਨ ਤਾਂ ਕਮਾਲ ਕਰਦੇ ਹਨ। 'ਤੱਤੀ ਤਵੀ ਦਾ ਸੱਚ' ਦਾ ਕੋਰੱਸ ਵੀ ਬੇਮਿਸਾਲ ਹੈ। ਸੂਫੀ ਫਕੀਰ ਅਤੇ ਚੇਲੇ ਜਦੋਂ ਇਸ ਕੋਰੱਸ ਨੂੰ ਗਾਉਣ ਦਾ ਕੇਵਲ ਅਭਿਨੈ ਹੀ ਕਰਦੇ ਹਨ ਤਾਂ ਉਹ ਵੀ ਮੰਤਰ-ਮੁਗਧ ਹੋ ਜਾਂਦੇ ਹਨ। ਪ੍ਰਤਿਭਾਸ਼ਾਲੀ ਗਾਇਕ ਰਾਜਨ ਜਦੋਂ ਆਪਣੀ ਬੁਲੰਦ ਆਵਾਜ਼ ਵਿਚ ਇਸ ਕੋਰੱਸ ਨੂੰ ਗਾਉਂਦਾ ਹੈ ਤਾਂ ਇੰਜ ਲੱਗਦਾ ਹੈ ਜਿਵੇਂ ਉਸਨੇ ਇਸ ਵਿਚ ਆਵਾਜ਼ ਹੀ ਨਹੀਂ, ਆਪਣੀ ਰੂਹ ਵੀ ਪਾਈ ਹੋਵੇ। ਮੰਚ-ਕਲਾਕਾਰਾਂ ਨੇ ਦੱਸਿਆ ਕਿ ਉਹ ਵੀ ਕੋਰੱਸ ਗਾਉਂਦਿਆਂ ਇੱਕ ਅਲੌਕਿਕ ਦੁਨੀਆ ਵਿਚ ਪਹੁੰਚ ਜਾਂਦੇ ਹਨ:

ਸੇਕ ਨੇ ਸੀਤਾ ਸਾਰਾ ਜੀਵਨ, ਸੁਖ ਦਾ ਧਾਗਾ ਲੱਭਿਆ ਨਹੀਂ,
ਫਿਰ ਵੀ ਹਰ ਹਿਰਦੇ ਨੂੰ ਦਿੱਤਾ ਸੁਖਮਣੀ ਦਾ ਸੁੱਚਾ ਪਾਣੀ
ਤੂੰ ਸ਼ਾਇਰ ਸੀ, ਨਿਰਮਾਤਾ ਸੀ, ਦੂਰ ਦ੍ਰਿਸ਼ਟ ਤੇ ਦਾਤਾ ਸੀ,
ਰਾਮ ਨਾਮ ਵਿਚ ਏਨਾ ਰਮਿਆਂ, ਪੀੜ ਆਪਣੀ ਪੀੜ ਨਾ ਜਾਣੀ।

ਇਹ ਖ਼ੂਬਸੂਰਤ ਲਾਈਨਾਂ ਕਿਸੇ ਚੰਗੀ ਰੂਹ ਦੀ ਆਵਾਜ਼ ਨੇ ਜੋ ਸਾਡੀ ਰੂਹ ਤੱਕ ਪਹੁੰਚਦੀ ਹੈ ਤੇ ਅਸੀਂ ਇਸ ਨੂੰ ਦਰਸ਼ਕਾਂ ਦੀ ਰੂਹ ਤਕ ਪਹੁੰਚਾਉਂਦੇ ਹਾਂ। ਇਸ ਨਾਟਕ ਦਾ ਸੰਗੀਤ ਸੁਪ੍ਰਸਿੱਧ ਸੰਗੀਤਕਾਰ ਜਤਿੰਦਰ ਸ਼ਾਹ ਨੇ ਵੀ ਰੂਹ ਨਾਲ ਤਿਆਰ ਕੀਤਾ ਹੈ ਤੇ ਇਸ ਦੇ ਸ਼ਬਦਾਂ ਨੂੰ ਪਟਿਆਲਾ ਘਰਾਣੇ ਦੇ ਕਲਾਸੀਕਲ ਸਿੰਗਰ ਵਿਨੋਦ ਸਹਿਗਲ ਨੇ ਆਪਣੀ ਗਹਿਰਾਈ ਵਾਲੀ ਖ਼ੂਬਸੂਰਤ ਆਵਾਜ਼ ਵਿਚ ਗਾਇਆ ਹੈ। ਕਪੂਰਥਲੇ ਦੀ ਰਾਜਕੁਮਾਰੀ ਅਤੇ ਕਲਾਸੀਕਲ ਸੰਗੀਤ ਦੀ ਪਾਰਖੂ ਅਨੀਤਾ ਸਿੰਘ ਨੇ ਇਸ ਨਾਟਕ ਦੇ ਪੰਜ ਸ਼ੋਅ ਦੇਖੇ ਸਨ। ਉਹ ਆਪਣੀਆਂ ਅੱਖਾਂ ਬੰਦ ਕਰਕੇ ਇਸਦੇ ਸੰਗੀਤ ਨੂੰ ਸੁਣਦੇ ਰਹੇ। ਇਸ ਨਾਟਕ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਅਸੀਂ ਇਸ ਨੂੰ ਗੁਰਦੁਆਰਿਆਂ ਵਿਚ, ਸੱਥਾਂ ਤੇ ਵੱਡੇ ਆਡੀਟੋਰੀਅਮਾਂ ਵਿਚ, ਬੁੱਧੀਜੀਵੀਆਂ ਸਾਹਮਣੇ, ਧਾਰਮਿਕ ਲੋਕਾਂ ਸਾਹਮਣੇ ਭਾਵ ਹਰ ਥਾਂ ਅਤੇ ਹਰ ਵਰਗ ਸਾਹਮਣੇ ਕਰ ਚੁੱਕੇ ਹਾਂ। ਹਰ ਬੰਦਾ ਇਸ ਨਾਟਕ ਨਾਲ ਜੁੜਦਾ ਹੈ ਤੇ ਉਹ ਗੁਰੂ ਜੀ ਦੀ ਸ਼ਹਾਦਤ ਬਾਰੇ ਜਾਨਣਾ ਚਾਹੁੰਦਾ ਹੈ। ਬਹੁਤ ਸਾਰੇ ਲੋਕਾਂ ਨੇ ਸਾਨੂੰ ਆ ਕੇ ਕਿਹਾ ਕਿ ਉਨ੍ਹਾਂ ਨੂੰ ਤਾਂ ਮੁਜੱਦਦ ਤੇ ਮੀਰ ਮੁਰਤਜ਼ਾ ਬਾਰੇ ਕੁਝ ਪਤਾ ਹੀ ਨਹੀਂ ਸੀ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਆਮ ਇਤਿਹਾਸਕਾਰਾਂ ਨੇ ਗੁਰੂ ਜੀ ਦੇ ਜੀਵਨ ਨੂੰ ਬਹੁਤ ਘੋਖ ਕੇ ਨਹੀਂ ਦੇਖਿਆ। ਸਾਡੀ ਖੁਸ਼ਕਿਸਮਤੀ ਹੈ ਕਿ ਕਪੂਰ ਸਿੰਘ ਆਈ.ਸੀ.ਐਸ. ਦੇ ਹਵਾਲੇ ਨਾਲ ਡਾ. ਆਤਮਜੀਤ ਨੇ ਨਵੀਆਂ ਗੱਲਾਂ ਦੱਸਣ ਵਾਲਾ ਇਹ ਨਾਟਕ ਸਾਡੀ ਝੋਲੀ ਪਾਇਆ।

ਭਾਵੇਂ ਇਤਿਹਾਸ ਵਿਚ ਸਿੱਖ ਧਰਮ ਦੀ ਇਕ ਪ੍ਰਥਾ ਬਾਅਦ ਵਿਚ ਬਹੁਤ ਬਦਨਾਮ ਹੋਈ ਪਰ ਨਾਟਕ ਵਿਚ ਉਸ ਵੇਲੇ ਦੀ ਸਾਫ਼-ਸੁਥਰੀ ਮਸੰਦ-ਪ੍ਰਥਾ ਦਾ ਵੀ ਸੁੰਦਰ ਜ਼ਿਕਰ ਹੈ। ਸਮਝਾਇਆ ਗਿਆ ਹੈ ਕਿ ਇਹ ਪ੍ਰਥਾ ਕਿਵੇਂ ਸ਼ੁਰੂ ਹੋਈ, ਇਸਦਾ ਮਕਸਦ ਕੀ ਸੀ, ਮਸੰਦ ਜਿਹੜਾ ਪੈਸਾ 'ਕੱਠਾ ਕਰਦੇ ਸਨ ਉਸਨੂੰ ਕਿੱਥੇ ਵਰਤਿਆ ਜਾਂਦਾ ਸੀ ਆਦਿਕ। ਸਿੱਖ ਧਰਮ ਵਿਚ ਦਸਵੰਧ ਕੱਢਣ ਦੀ ਪ੍ਰਥਾ ਸ਼ਾਇਦ ਉਦੋਂ ਹੀ ਸ਼ੁਰੂ ਹੋਈ ਜਿਸ ਨਾਲ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦਾ ਨਿਰਮਾਣ ਕੀਤਾ ਤੇ ਬਹੁਤ ਸਾਰੇ ਸ਼ਹਿਰ ਵਸਾਏ। ਉਨ੍ਹਾਂ ਨੇ ਹਿੰਦੂਆਂ ਤੇ ਮੋਮਨਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਠਾ ਕਰ ਦਿੱਤਾ ਜਿਸ ਨੂੰ ਹਰਿਮੰਦਰ ਸਾਹਿਬ ਵਿਚ ਅੱਜ ਤਾਈਂ ਗਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸਾਈਂ ਮੀਆਂ ਮੀਰ ਤੋਂ ਦਰਬਾਰ ਸਾਹਿਬ ਦੀ ਨੀਂਹ ਰਖਵਾ ਕੇ ਇੱਕ ਮਿਸਾਲ ਕਾਇਮ ਕੀਤੀ ਜਿਸਦਾ ਕੋਈ ਦੂਸਰਾ ਉਦਾਹਰਣ ਦੁਨੀਆ ਭਰ ਵਿਚ ਕਿਧਰੇ ਨਹੀਂ ਮਿਲਦਾ। ਉਸ ਬਾਰੇ ਡਾ. ਸਾਹਿਬ ਨੇ ਬੜੇ ਭਾਵਪੂਰਤ ਵਾਰਤਾਲਾਪ ਲਿਖੇ ਹਨ: 'ਹਰਿਮੰਦਰ ਨੂੰ ਧਿਆਨ ਨਾਲ ਦੇਖਿਆ ਤੁਸੀਂ? ਉਸ ਨੂੰ ਸਾਰੇ ਆਲੇ-ਦੁਆਲੇ ਨਾਲੋਂ ਨੀਵਾਂ ਰੱਖਿਆ



ਗਿਆ ਹੈ ਕਿਉਂਕਿ ਉਹ ਹੰਕਾਰ ਦਾ ਨਹੀਂ, ਨਿਮਰਤਾ ਦਾ ਮੰਦਰ ਹੈ'। ਕੁਝ ਹੋਰ ਲਾਈਨਾਂ ਦਾ ਜ਼ਿਕਰ ਵੀ ਮੈਂ ਜ਼ਰੂਰ ਕਰਨਾ ਚਾਹਾਂਗੀ, 'ਗੁਰੂ ਘਰ ਵਿਚ ਗੱਦੀ ਪੁੱਤਰ ਨੂੰ ਨਹੀਂ ਪ੍ਰੇਮੀ ਨੂੰ ਮਿਲਦੀ ਹੈ'। ਤੇ ਇੱਕ ਹੋਰ ਵਾਰਤਾਲਾਪ ਹੈ: 'ਸਿੱਖੀ ਸਰੀਰਾਂ ਦਾ ਨਹੀਂ, ਰੂਹਾਂ ਦਾ ਕਾਫਲਾ ਹੈ'। ਕਮਲਾ ਤੇ ਸਿਆਣਾ ਕਹਿੰਦੇ ਨੇ, 'ਹਿਰਸਾਂ ਤੇ ਸਾੜੇ ਵੀ ਰੱਬ ਦੀਆਂ ਦਾਤਾਂ ਨੇ; ਕੋਈ ਇਨ੍ਹਾਂ ਨੂੰ ਮਾਰ ਕੇ ਲੋਕਾਂ ਨੂੰ ਤਾਰ ਜਾਂਦਾ ਹੈ ਤੇ ਕੋਈ ਇਨ੍ਹਾਂ ਦੀ ਮਾਰ ਵਿਚ ਆਪ ਡੁੱਬ ਜਾਂਦਾ ਹੈ।'

ਜਦੋਂ ਪਹਿਲੀ ਵਾਰ 'ਤੱਤੀ ਤਵੀ ਦਾ ਸੱਚ' ਨਾਟਕ ਸਾਡੇ ਗਰੁੱਪ ਨੇ ਪੜ੍ਹਿਆ ਤਾਂ ਉਸ ਵਿਚ ਇੱਕ ਸੀਨ ਲਗਭਗ 13-14 ਮਿੰਟ ਲੰਬਾ ਸੀ। ਉਸ ਵਿਚ ਇੱਕ ਮਸੰਦ ਦਾਨ ਇਕੱਤਰ ਕਰਨ ਲਈ ਇੱਕ ਪਿੰਡ ਵਿਚ ਆਉਂਦਾ ਹੈ, ਤੇ ਉਹ ਗੁਰੂ ਅਰਜਨ ਦੇਵ ਜੀ ਦੀਆਂ ਲਾਹੌਰ ਤੋਂ ਗੁਰੂ ਰਾਮਦਾਸ ਜੀ ਨੂੰ ਲਿਖੀਆਂ ਚਿੱਠੀਆਂ ਦਾ ਜ਼ਿਕਰ ਕਰਦਾ ਹੈ। ਉਹ ਉਨ੍ਹਾਂ ਚਿੱਠੀਆਂ ਨੂੰ ਗਾ ਕੇ ਸੁਣਾਉਂਦਾ ਹੈ 'ਮੇਰਾ ਮਨ ਲੋਚੇ ਗੁਰੂ ਦਰਸਨ ਤਾਈਂ, ਬਿਲਪ ਕਰੇ ਚਾਤ੍ਰਿਕ ਕੀ ਨਿਆਈਂ'। ਉਦੋਂ ਸਾਨੂੰ ਡਰ ਲਗਿਆ ਸੀ ਕਿ ਦਰਸ਼ਕ ਇੰਨੇ ਲੰਬੇ ਸੀਨ ਨੂੰ ਕਿਵੇਂ ਦੇਖਣਗੇ? ਪਰ ਹੁਣ ਇਹ ਦ੍ਰਿਸ਼ ਸਾਡੇ ਨਾਟਕ ਦਾ ਬਹੁਤ ਹੀ ਮਹੱਤਵਪੂਰਨ ਆਕਰਸ਼ਣ ਬਣ ਚੁੱਕਿਆ ਹੈ ਕਿਉਂਕਿ ਦਰਸ਼ਕਾਂ ਨੂੰ ਇਸ ਵਿਚ ਪਤਾ ਲੱਗਦਾ ਹੈ ਕਿ ਪ੍ਰਿਥੀ ਚੰਦ ਤੇ ਗੁਰੂ ਅਰਜਨ ਦੇਵ ਵਿਚ ਕੀ ਫਰਕ ਸੀ। ਇੱਕ ਬਹੁਤ ਹੀ ਖ਼ੂਬਸੂਰਤ ਵਾਰਤਾਲਾਪ ਹੈ: 'ਇੱਕ ਪੁੱਤਰ ਧਰਮੀ ਪਿਤਾ ਕੋਲ ਬੈਠ ਕੇ ਵੀ ਅਧਰਮੀ ਸੀ, ਦੂਜਾ ਪ੍ਰਭੂ-ਪ੍ਰੇਮ ਵਿਚ ਭਿੱਜਾ ਆਪਣੇ ਗੁਰੂ ਦੀ ਬਾਣੀ 'ਚੋਂ ਅਨਹਦ ਦਾ ਨਾਦ ਸੁਣ ਰਿਹਾ ਸੀ'। ਜਦੋਂ ਵਿਨੋਦ ਸਹਿਗਲ ਦੀ ਮਿੱਠੀ ਆਵਾਜ਼ ਦਰਸ਼ਕਾਂ ਦੇ ਕੰਨਾਂ ਵਿਚ ਸ਼ਹਿਦ ਘੋਲਦੀ ਹੈ ਤਾਂ ਇੱਕ ਅਲੌਕਿਕ ਨਜ਼ਾਰਾ ਬੱਝਦਾ ਹੈ। ਨਾਟਕ ਦੇ ਵਾਰਤਾਲਾਪਾਂ ਨੂੰ ਸਵਿੰਦਰ ਵਿੱਕੀ, ਡਾਕਟਰ ਸਾਹਿਬ ਸਿੰਘ, ਸਨੀ ਗਿੱਲ, ਹਰਮਨਜੀਤ ਸਿੰਘ, ਸਵਰਗੀ ਸਚਿਨ ਸ਼ਰਮਾ, ਗੌਰਵ ਸ਼ਰਮਾ, ਆਸ਼ਾ ਸਕਲਾਨੀ, ਸੰਗੀਤਾ ਗੁਪਤਾ, ਡਾ. ਹਰਪ੍ਰੀਤ ਲਵਲੀ ਅਤੇ ਜਸਬੀਰ ਗਿੱਲ ਵਰਗੇ ਮੰਝੇ ਹੋਏ ਕਲਾਕਾਰਾਂ ਨੇ ਆਪਣੀਆਂ ਪ੍ਰਭਾਵਸ਼ਾਲੀ ਆਵਾਜ਼ਾਂ ਵਿਚ ਰਿਕਾਰਡ ਕਰਵਾਇਆ ਹੈ। ਉਂਜ ਇਸ ਨਾਟਕ ਦੇ ਮੰਚਨ ਦੀ ਤਿਆਰੀ ਕਦੇ ਵੀ ਸੌਖੀ ਨਹੀਂ ਹੋਈ। ਜੂਨ ਮਹੀਨੇ ਦੀਆਂ ਤਪਦੀਆਂ ਦੁਪਹਿਰਾਂ ਵਿਚ ਇਸ ਨਾਟਕ ਦਾ ਮੰਚ ਤਿਆਰ ਕਰਨਾ ਸਾਨੂੰ ਇਸ ਗੱਲ ਦਾ ਅਹਿਸਾਸ ਦਿਵਾਉਂਦਾ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਸਾਡੇ ਲਈ ਕੀ ਕੀਤਾ ਹੈ!

ਰੂਪਕ ਕਲਾ ਅਤੇ ਵੈੱਲਫ਼ੇਅਰ ਸੁਸਾਇਟੀ ਦੀ ਸਾਰੀ ਟੀਮ ਇਸ ਨਾਟਕ ਨਾਲ ਬੜੀ ਸ਼ਿੱਦਤ ਨਾਲ ਜੁੜੀ ਹੋਈ ਹੈ। ਅਸੀਂ ਇਸ ਨਾਟਕ ਨੂੰ ਕੁੱਲ ਪੰਜ ਵਾਰ ਤਿਆਰ ਕਰ ਚੁੱਕੇ ਹਾਂ: ਸੰਨ 2006, 2014, 2016, 2024 ਅਤੇ ਹੁਣ 2026 ਵਿਚ। ਪਹਿਲੀਆਂ ਚਾਰ ਪ੍ਰੋਡਕਸ਼ਨਾਂ ਦੇ ਨਵੀਂ ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ, ਕਪੂਰਥਲਾ, ਪਟਿਆਲਾ, ਨਾਗਪੁਰ ਆਦਿਕ ਸ਼ਹਿਰਾਂ ਵਿਚ ਭਰਵੇਂ ਸਫ਼ਲ ਸ਼ੋ ਹੋਏ। ਆਉਂਦੇ ਸਾਲਾਂ ਵਿਚ ਵੀ ਅਸੀਂ ਇਸ ਨਾਟਕ ਦੀਆਂ ਪੇਸ਼ਕਾਰੀਆਂ ਨੂੰ ਨਵੀਆਂ ਟੀਮਾਂ ਨਾਲ ਤਿਆਰ ਕਰਦੇ ਰਹਾਂਗੇ। ਭਾਵੇਂ ਕਲਾਕਾਰ ਨਵੇਂ ਹੋਣਗੇ ਪਰ ਨਾਟਕ ਕਰਨ ਵਾਲਿਆਂ ਦਾ ਜਜ਼ਬਾ ਉਸੇ ਤਰ੍ਹਾਂ ਬਣਿਆ ਰਹੇਗਾ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਾਸਾਨੀ ਹੈ। ਇਸ ਸੀਜ਼ਨ ਵਿਚ ਲਗਭਗ 25 ਕਲਾਕਾਰਾਂ ਦਾ ਕਾਫਲਾ ਲੈ ਕੇ ਅਸੀਂ ਚੰਡੀਗੜ੍ਹ, ਮੋਹਾਲੀ, ਮਲੋਟ ਤੇ ਬਠਿੰਡਾ ਵਿਚ ਇਸ ਨਾਟਕ ਦੀਆਂ 4 ਪੇਸ਼ਕਾਰੀਆਂ ਕਰ ਚੁੱਕੇ ਹਾਂ ਤੇ ਆਉਣ ਵਾਲੇ ਦਿਨਾਂ ਵਿਚ ਪਟਿਆਲਾ, ਲੁਧਿਆਣਾ ਤੇ ਅੰਮ੍ਰਿਤਸਰ ਵਿਚ ਇਸ ਨਾਟਕ ਦੀਆਂ ਪੇਸ਼ਕਾਰੀਆਂ ਹੋਣਗੀਆਂ। ਦਿੱਲੀ ਵਿਚ ਵੀ ਇਸ ਨਾਟਕ ਦਾ ਸ਼ੋਅ ਕੀਤੇ ਜਾਣ ਦੀ ਸੰਭਾਵਨਾ ਹੈ। ਜੋ ਵੀ ਇੱਕ ਵਾਰ ਇਸ ਨਾਟਕ ਨੂੰ ਵੇਖਦਾ ਹੈ ਉਹ ਜ਼ਰੂਰ ਪੁੱਛਦਾ ਹੈ ਕਿ ਨੇੜੇ-ਤੇੜੇ ਇਸ ਦਾ ਸ਼ੋਅ ਕਦੋਂ ਤੇ ਕਿੱਥੇ ਹੋਵੇਗਾ ਕਿਉਂਕਿ ਉਹ ਆਪਣੇ ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਇਹ ਨਾਟਕ ਵਿਖਾਉਣਾ ਚਾਹੁੰਦਾ ਹੈ। ਡਾ. ਆਤਮਜੀਤ ਨੇ ਨਾਟਕ ਦੇ ਅੰਤ ਵਿਚ ਬਹੁਤ ਸਹੀ ਲਿਖਿਆ ਹੈ ਕਿ

'ਇਤਿਹਾਸ ਦੇ ਵਿਚੋਂ ਪੈਦਾ ਹੋ ਕੇ, ਤੂੰ ਇਤਿਹਾਸ ਨੂੰ ਘੜਿਆ ਹੈ
ਤੇਰੇ ਜਸ ਦਾ ਜਾਪ ਹੋਵੇਗਾ, ਜਦ ਵੀ ਜੁੜਨੀ ਕਿਧਰੇ ਢਾਣੀ।
ਤਵੀਆਂ ਉੱਤੇ ਬੈਠ ਕੇ ਬੋਲਣ ਰੱਬ ਦੀ ਮਿੱਠੀ ਅੰਮ੍ਰਿਤ ਬਾਣੀ।

ਇਸ ਨਾਟਕ ਵਿਚ ਭਾਗ ਲੈਣ ਵਾਲੇ ਬਹੁਤ ਸਾਰੇ ਕਲਾਕਾਰ ਨਾ ਤਾਂ ਪੰਜਾਬੀ ਹਨ ਤੇ ਨਾ ਹੀ ਸਿੱਖ ਧਰਮ ਬਾਰੇ ਬਹੁਤਾ ਜਾਣਦੇ ਸਨ। ਦਾਈ ਦਾ ਰੋਲ ਕਰਨ ਵਾਲੀ ਬੰਗਲਾ ਲੜਕੀ ਜੋਤੀ ਸ਼੍ਰੀ ਨੇ ਜਦੋਂ ਪਹਿਲੀ ਵਾਰ ਨਾਟਕ ਵਿਚਲੀ ਬਾਣੀ ਸੁਣੀ ਤਾਂ ਉਹ ਮੰਤਰ-ਮੁਗਧ ਹੋ ਗਈ। ਉਸਦੇ ਮਨ ਨੂੰ ਅਕਹਿ ਸਕੂਨ ਮਿਲਦਾ ਹੈ। 70 ਸਾਲਾਂ ਦੇ ਰਕੇਸ਼ ਰਸਤੋਗੀ ਅਕਬਰ ਤੇ ਸਾਈਂ ਮੀਆਂ ਮੀਰ ਦਾ ਰੋਲ ਕਰਦੇ ਹੋਏ ਆਪਣੇ ਆਪ ਨੂੰ ਇੱਕ ਵੱਖਰੀ ਦੁਨੀਆਂ ਵਿਚ ਮਹਿਸੂਸ ਕਰਦੇ ਹਨ। ਨਾਟਕ ਦੀ ਨਿਰਦੇਸ਼ਕਾ ਸੰਗੀਤਾ ਗੁਪਤਾ ਅਨੁਸਾਰ, 'ਕੌਣ ਕਹਿੰਦਾ ਹੈ ਕਿ ਪੰਜਾਬੀ ਸਿਰਫ ਸਿੱਖਾਂ ਦੀ ਭਾਸ਼ਾ ਹੈ? ਮੈਂ ਪੰਜਾਬ ਦੀ ਜੰਮ-ਪਲ ਹਾਂ, ਪੰਜਾਬੀ ਬੋਲਦੀ ਤੇ ਪੰਜਾਬੀ ਮਾਂ ਬੋਲੀ ਲਈ ਕੰਮ ਕਰ ਰਹੀ ਹਾਂ।' ਉਹ ਤਾਂ ਇਹ ਵੀ ਕਹਿੰਦੀ ਹੈ ਕਿ 'ਡਾਕਟਰ ਆਤਮਜੀਤ ਨੇ ਇਸ ਨਾਟਕ ਵਿਚ ਸਿੱਖੀ ਦੀ ਜਿਹੜੀ ਪਰਿਭਾਸ਼ਾ ਸਿਰਜੀ ਹੈ ਉਸ ਮੁਤਾਬਕ ਉਹ ਵੀ ਕਿਸੇ ਸਿੱਖ ਤੋਂ ਘਟ ਨਹੀਂ ਹੈ ਕਿਉਂਕਿ ਉਨ੍ਹਾਂ ਅਨੁਸਾਰ ਸਿੱਖੀ ਸਰੀਰਾਂ ਦਾ ਨਹੀਂ, ਰੂਹਾਂ ਦਾ ਕਾਫ਼ਲਾ ਹੈ ਤੇ ਮੇਰੀ ਰੂਹ ਪੂਰੀ ਤਰ੍ਹਾਂ ਪੰਜਵੀਂ ਪਾਤਸ਼ਾਹੀ ਦੀ ਇਸ ਸ਼ਹਾਦਤ ਨੂੰ ਨਤਮਸਤਕ ਹੁੰਦੀ ਹੈ। ਮੈਂ ਤੁਰਦੇ-ਫਿਰਦੇ ਉਨ੍ਹਾਂ ਦੀਆਂ ਚਿੱਠੀਆਂ ਨੂੰ ਗਾਉਂਦੀ ਹਾਂ; ਉਹ ਮੇਰੀ ਰੂਹ ਨੂੰ ਸਕੂਨ ਦਿੰਦੀਆਂ ਹਨ ਤੇ ਮੇਰੀ ਅੰਤਰ-ਆਤਮਾ ਗੁਰੂ ਅਰਜਨ ਦੇਵ ਜੀ ਦੇ ਮਗਰ-ਮਗਰ ਤੁਰਦੀ ਹੈ।' ਮੈਂ ਖ਼ੁਦ ਇਸ ਨਾਟਕ ਵਿਚ ਰੌਸ਼ਨੀ ਦੇ ਪ੍ਰਬੰਧ ਨੂੰ ਦੇਖਦੀ ਹਾਂ ਤੇ ਲਾਈਟਸ ਓਪਰੇਟ ਕਰਦੀ ਹਾਂ ਤੇ ਸਾਰੀ ਪ੍ਰੋਡਕਸ਼ਨ ਨੂੰ ਕੰਟਰੋਲ ਕਰਨ ਦੀ ਮੇਰੀ ਜ਼ਿੰਮੇਵਾਰੀ ਹੁੰਦੀ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਮੈਂ ਲਾਈਟਿੰਗ ਕਰ ਰਹੀ ਹੁੰਦੀ ਆਂ ਤਾਂ ਮੈਂ ਵੀ ਨਾਲ-ਨਾਲ ਸ਼ਬਦ ਗਾ ਰਹੀ ਹੁੰਦੀ ਹਾਂ।

ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਮੌਕਾ ਮਿਲਿਆ, ਇਸ ਨਾਟਕ ਨੂੰ ਖੇਡਣ ਦਾ, ਗੁਰੂ ਜੀ ਦੇ ਜੀਵਨ ਤੇ ਸ਼ਹਾਦਤ ਬਾਰੇ ਲੋਕਾਂ ਨੂੰ ਦੱਸਣ ਦਾ, ਇਹ ਦੱਸਣ ਦਾ ਕਿ ਅੱਜ ਜੋ ਅਸੀਂ ਖੁੱਲ੍ਹੀ ਹਵਾ ਵਿਚ ਸਾਹ ਲੈ ਰਹੇ ਹਾਂ ਉਸ ਦੇ ਪਿੱਛੇ ਸਾਡੇ ਮਹਾਂਪੁਰਖਾਂ ਦੀ ਕੁਰਬਾਨੀ ਹੈ, ਜੋ ਲਾਸਾਨੀ ਹੈ। ਅਸੀਂ ਆਪਣੇ ਵਿਰਸੇ ਨੂੰ ਕਿਵੇਂ ਸਾਂਭ ਕੇ ਰੱਖਣਾ ਇਸ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ। ਗੁਰੂ ਜੀ ਨੇ ਆਪਣਾ ਕੰਮ ਕਰ ਦਿੱਤਾ ਹੈ ਤੇ ਹੁਣ ਸਾਡੀ ਵਾਰੀ ਹੈ।

# ਟਾਹਲੀ ਨਹੀਂ 'ਟਾਹਲੀ ਸਾਹਿਬ' ਕਹੁ!




ਸਵੇਰ ਦਾ ਸਮਾਂ...ਪਿੰਡ ਬਿਲ਼ਗੇ ਦੇ ਬੱਸ ਅੱਡੇ 'ਚੋਂ ਜਲੰਧਰ ਜਾਣ ਵਾਲ਼ੀ ਪਹਿਲੀ ਬੱਸ ਤਿਆਰ ਖੜ੍ਹੀ ਹੈ। ਪੰਜ-ਸੱਤ ਕੁ ਸਵਾਰੀਆਂ ਬੱਸ ਵਿਚ ਬੈਠੀਆਂ ਹਨ। ਇੰਜਣ ਸਟਾਰਟ ਕਰਕੇ ਸੀਟ 'ਤੇ ਬੈਠਾ ਡ੍ਰਾਈਵਰ ਅੱਡੇ ਵੱਲ ਆਉਂਦੇ ਰਾਹਾਂ ਵੱਲ ਤੱਕ ਰਿਹਾ ਹੈ। ਹੱਥਾਂ ਵਿਚ ਨੋਟ-ਬੁੱਕਾਂ ਜਾਂ ਇੱਕ-ਅੱਧ ਕਿਤਾਬ ਫੜੀ ਕੁੱਝ ਪਾੜ੍ਹੇ ਮੁੰਡੇ-ਕੁੜੀਆਂ ਬੱਸ ਵਿਚ ਹੋਰ ਆਣ ਚੜ੍ਹੇ। ਡ੍ਰਾਈਵਰ ਚਮਕੀਲੇ ਦੀ ਕੈਸਿਟ ਲਾ ਦਿੰਦਾ ਹੈ। ਵੱਜ ਰਹੇ ਲੱਚਰ ਜਿਹੇ ਬੋਲ ਸੁਣ ਕੇ ਪੇਂਡੂ ਕੁੜੀਆਂ ਕੁੱਝ ਅੱਚਵੀ ਜਿਹੀ ਮਹਿਸੂਸ ਕਰਦੀਆਂ ਹਨ।

'ਪਤੰਦਰ ਵੇਲਾ-ਕੁਵੇਲਾ ਵੀ ਨਹੀਂ ਦੇਖਦੇ!' ਇੱਕ ਬਜ਼ੁਰਗ ਨੇ ਬਾਰੀ 'ਚੋਂ ਬਾਹਰ ਵੱਲ ਮੂੰਹ ਕੱਢ ਕੇ ਬੁੜ-ਬੁੜ ਕੀਤੀ। ਮੋਹਰਲੀ ਬਾਰੀ ਕੋਲ ਖੜ੍ਹ ਕੇ ਕੰਡਕਟਰ ਨੇ 'ਜਲੰਧਰ...ਜਲੰਧਰ' ਦਾ ਹੋਕਰਾ ਲਾਇਆ। ਏਨੇ ਨੂੰ ਕਾਲ਼ੀ ਦਸਤਾਰ ਵਾਲ਼ਾ ਸੋਹਣਾ-ਸੁਨੱਖਾ ਇੱਕ ਗਭਰੂ ਮੁੰਡਾ ਭੱਜ ਕੇ ਪਿਛਲੀ ਬਾਰੀ ਥਾਣੀ ਬੱਸ ਵਿਚ ਆਣ ਚੜ੍ਹਿਆ। ਉਸਦੇ ਸੀਟ 'ਤੇ ਬਹਿੰਦਿਆਂ ਹੀ ਡਰਾਈਵਰ ਨੇ ਚਮਕੀਲਾ ਬੰਦ ਕਰ ਦਿੱਤਾ ਅਤੇ ਸ਼ਬਦਾਂ ਦੀ ਕੈਸਿਟ ਚਲਾ ਦਿੱਤੀ। ਅਗਲੀਆਂ ਸੀਟਾਂ 'ਤੇ ਬੈਠੀਆਂ ਕਈ ਕੁੜੀਆਂ ਨੇ ਮੂੰਹ ਭੁੰਵਾ ਕੇ ਕਾਲ਼ੀ ਪੱਗ ਵਾਲ਼ੇ ਉਸ ਮੁੰਡੇ ਨੂੰ 'ਭਾਅ ਜੀ ਸਤਿ ਸ੍ਰੀ ਅਕਾਲ' ਬੁਲਾਈ। ਉਹ ਥੋੜ੍ਹਾ ਜਿਹਾ ਮੁਸਕ੍ਰਾਈਆਂ ਵੀ, ਜਿਵੇਂ ਕਹਿਣਾ ਚਾਹੁੰਦੀਆਂ ਹੋਣ



**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-905-5517**

ਕਿ ਸ਼ੁਕਰ ਐ ਵੀਰਿਆ ਤੂੰ ਆਇਆਂ ਤਾਂ ਚਮਕੀਲਾ ਬੰਦ ਹੋਇਆ!

ਇਸ ਛੈਲ-ਛਬੀਲੇ ਗਭਰੂ ਦਾ ਨਾਮ ਤਾਂ ਹੈ ਮਨਜੀਤ ਸਿੰਘ ਪਰ ਘਰ ਦੇ ਅਤੇ ਪਿੰਡ ਵਾਲ਼ੇ ਇਸ ਨੂੰ ਪਿਆਰ ਨਾਲ਼ 'ਮੰਨਾਂ' ਹੀ ਕਹਿੰਦੇ ਹਨ। ਸਾਬਤਿ-ਸੂਰਤ ਅਤੇ ਗੁੱਟ ਉੱਤੇ ਸਿਮਰਨਾਂ ਪਾਇਆ ਹੋਣ ਕਰਕੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਇਹਦੇ ਹਮਜਮਾਤੀ ਤੇ ਹੋਰ ਜਾਣੂ ਮੁੰਡੇ ਇਹਨੂੰ 'ਮੰਨਾਂ ਬਾਬਾ' ਹੀ ਆਖਦੇ ਹਨ। ਪਟਵਾਰੀ ਬਾਪ ਦੇ ਬਾਕੀ ਦੇ ਚਾਰ ਨਿਆਣਿਆਂ 'ਚੋਂ ਕੋਈ ਮੈਟਰਿਕ ਵੀ ਨਹੀਂ ਕਰ ਸਕਿਆ, ਪਰ ਇਹ ਕਾਲਜ ਵਿਚ ਬੀ.ਏ ਕਰ ਰਿਹਾ ਐ। ਪੰਜਾਂ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਧ ਸੁਨੱਖੇ ਨੈਣ-ਨਕਸ਼ਾਂ ਵਾਲ਼ਾ ਤੇ ਡੀਲ-ਡੌਲ ਵਾਲਾ ਹੋਣ ਸਦਕਾ ਪਟਵਾਰੀ ਬਾਪ ਇਸਨੂੰ ਰੀਝ ਨਾਲ ਪੜ੍ਹਾ ਰਿਹਾ ਏ। ਬਿਲ਼ਗੇ ਵਿਚ ਸਥਿਤ ਪੰਜਵੇਂ ਪਾਤਸ਼ਾਹ ਜੀ ਦੀ ਮੁਬਾਰਕ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਤੋਂ ਮੰਨੇਂ ਨੇ ਸਕੂਲ ਪੜ੍ਹਦਿਆਂ ਹੀ ਅੰਮ੍ਰਿਤ ਪਾਨ ਕਰ ਲਿਆ ਸੀ। ਪੜ੍ਹਾਈ ਦੇ ਨਾਲ਼-ਨਾਲ ਇਹ ਅਕਸਰ ਗੁਰਦੁਆਰਾ ਸਾਹਿਬ ਵਿਖੇ ਸੇਵਾ ਵੀ ਕਰਨ ਜਾਂਦਾ।

ਇਹ ਸਾਰੀ ਵਾਰਤਾ ਸਾਕਾ ਜੂਨ ਚੁਰਾਸੀ ਤੋਂ ਬਾਅਦ ਦੇ ਉਨ੍ਹਾਂ ਵਰ੍ਹਿਆਂ ਦੀ ਹੈ ਜਦੋਂ ਪੰਜਾਬ 'ਚ ਹਾਲਾਤ ਇਹੋ ਜਿਹੇ ਸਨ-

'ਦੇਖੋ ਤੋ ਹਰ ਇਕ ਮੋੜ ਪੇ ਮਿਲ ਜਾਏਂ ਗੀ ਲਾਸ਼ੇਂ
ਢੂੰਡੋ ਗੇ ਤੋ ਇਸ ਸ਼ਹਰ ਮੇਂ ਕਾਤਿਲ ਨਾ ਮਿਲੇ ਗਾ।'-ਮਲਿਕ ਜ਼ਾਦਾ ਮੰਜ਼ੂਰ

ਸਮਾਂ ਆਪਣੀ ਤੋਰੇ ਤੁਰਦਾ ਜਾ ਰਿਹਾ ਸੀ। ਕਾਲਜ ਦਾਖਲ ਹੋਣ ਤੋਂ ਬਾਅਦ ਰੱਬ ਜਾਣੇ ਕੀ ਭਾਣਾ ਵਾਪਰਿਆ ਕਿ ਮੰਨਾਂ ਪੁਲੀਸ ਦੀਆਂ ਅੱਖਾਂ 'ਚ ਰੜਕਣ ਲੱਗ ਪਿਆ। ਕਦੇ ਉਸਨੂੰ ਲਾਗੇ ਪਿੰਡ ਦੀ ਪੁਲੀਸ ਚੌਂਕੀ ਵਾਲ਼ੇ ਸੱਦ ਲੈਂਦੇ ਅਤੇ ਕਦੇ ਫਿਲੌਰ ਥਾਣੇ ਵਾਲ਼ੇ ਲੈ ਜਾਂਦੇ। ਕਦੇ ਉਹਦੇ ਘਰੇ ਖਬਰ ਪਹੁੰਚਦੀ ਕਿ ਤੁਹਾਡਾ ਮੰਨਾਂ ਕਾਲਜੋਂ ਨਿਕਲ਼ਦਾ ਹੀ ਪੁਲੀਸ ਨੇ ਚੁੱਕ ਲਿਆ!

ਪਿੰਡ ਤੇ ਇਲਾਕੇ ਵਿਚ ਪਟਵਾਰੀ ਦਾ ਮਾਣ ਸਤਿਕਾਰ ਬਣਿਆਂ ਹੋਣ ਕਰਕੇ ਅਤੇ ਮੰਨੇਂ ਦੀ ਸ਼ਰੀਫੀ ਸਦਕਾ ਸਰਕਰਦਾ ਸੱਜਣ ਪੰਚਾਇਤ ਬਣਕੇ ਜਾਂਦੇ ਤੇ ਮੰਨੇਂ ਨੂੰ ਘਰੇ ਲੈ ਆਉਂਦੇ।

ਘਰ ਦੇ ਜਦੋਂ ਜੋਰ ਪਾ ਕੇ ਮੰਨੇਂ ਨੂੰ ਪੁੱਛਦੇ ਕਿ ਪੁਲੀਸ ਤੇਰੀ ਵੈਰੀ ਕਿਉਂ ਬਣੀ ਹੋਈ ਹੈ? ਤਾਂ ਉਸਦਾ ਇਹੀ ਜਵਾਬ ਹੁੰਦਾ-

'ਡੈਡੀ ਜੀ ਮੈਂ ਤਾਂ ਤੁਹਾਡੇ ਸਾਹਮਣੇ ਰੋਜ਼ਾਨਾਂ ਘਰੋਂ ਕਾਲਜ ਜਾਂਦਾ ਹਾਂ ਤੇ ਸਮੇਂ ਸਿਰ ਸਿੱਧਾ ਘਰੇ ਆਉਨਾਂ...ਪੁਲ਼ਸੀਆਂ ਨੂੰ ਪਤਾ ਨੀ ਮੇਰੇ 'ਤੇ ਕਾਹਦੀ ਸ਼ੱਕ ਪਈ ਹੋਈ ਐ!'

ਰੋਜ਼ਾਨਾਂ ਮਾਰੋ-ਮਾਰੀ ਦੇ ਮਾਹੌਲ ਤੋਂ ਤ੍ਰਹਿੰਦਿਆਂ ਮੰਨੇਂ ਦੇ ਮਾਪਿਆਂ ਨੇ ਉਸਦਾ ਕਾਲਜ ਜਾਣਾ ਬੰਦ ਕਰ ਦਿੱਤਾ। ਪਰ ਪੁਲੀਸ ਨੇ ਉਹਦਾ ਖਹਿੜਾ ਫਿਰ ਵੀ ਨਾ ਛੱਡਿਆ। ਇੱਕ ਦਿਨ ਸੁਭਾ-ਸਵੇਰੇ ਸੁਵਖਤੇ ਹੀ ਜਦੋਂ ਘਰ ਵਿਚ ਸਾਰੇ ਚਾਹ ਪੀ ਰਹੇ ਸਨ ਤਾਂ ਪੰਜਾਬ ਪੁਲੀਸ ਅਤੇ ਸੀ.ਆਰ.ਪੀ ਦੇ ਸਿਪਾਹੀ ਪਟਵਾਰੀ ਦੇ ਘਰ ਦੀ ਚਾਰਦੀਵਾਰੀ ਟੱਪ ਕੇ ਦਗੜ ਦਗੜ ਕਰਦੇ ਵਿਹੜੇ 'ਚ ਆ ਵੜੇ। ਜਿਵੇਂ ਕਿਤੇ ਉਨ੍ਹਾਂ ਨੂੰ ਪੱਕੀ ਸੂਹ ਹੋਵੇ, ਉਹ ਸਿੱਧੇ ਮੰਨੇਂ ਵਾਲ਼ੇ ਕਮਰੇ ਵਿਚ ਜਾ ਘੁਸੇ। ਸ਼ਿਕਾਰ ਫੜਨ ਵਾਂਗ ਉਹ ਮੰਨੇਂ ਨੂੰ ਵਿਹੜੇ 'ਚ ਨੂੰ ਧੂਅ ਲਿਆਏ। ਬਾਕੀ ਸਾਰੇ ਟੱਬਰ ਨੂੰ ਦੂਸਰੇ ਦੂਜੇ ਕਮਰੇ ਵਿਚ ਹੁਬੜ ਕੇ ਬਾਹਰੋਂ ਕੁੰਡਾ ਲਾ ਦਿੱਤਾ।

ਇੱਟਾਂ ਦੇ ਫਰਸ਼ ਵਾਲ਼ੇ ਵਿਹੜੇ ਵਿਚ ਮੰਨੇਂ ਨੂੰ ਲੰਮਾਂ ਪਾ ਕੇ ਪੁਲ਼ਸੀਏ ਬੁੱਚੜਾਂ ਵਾਂਗ ਉਹਦੀ ਮਾਰ ਕੁਟਾਈ ਕਰਨ ਲੱਗੇ। ਪਟਵਾਰੀ, ਮੰਨੇਂ ਦੀ ਮਾਂ ਅਤੇ ਭੈਣ-ਭਰਾਵਾਂ ਨੇ ਬਥੇਰੀ ਹਾਲ-ਪਾਹਰਿਆ ਕੀਤੀ ਕਿ ਸਾਡੇ ਮੁੰਡੇ ਦਾ ਕਸੂਰ ਤਾਂ ਦੱਸੋ? ਲਗਾਤਾਰ ਡੰਡੇ ਲਾਠੀਆਂ ਦੀ ਮਾਰ ਸਹਿੰਦਾ ਵਿਚਾਰਾ ਮੰਨਾਂ ਜਦ ਸੱਪ ਵਾਂਗ ਵਲ਼ ਖਾਂਦਾ ਅਰ੍ਹਾਟ ਪਾਉਂਦਾ ਤਾਂ ਕਸਾਈ ਸਿਪਾਹੀ ਉਸਦੇ ਥਾਂਹ-ਕੁਥਾਂਹ ਠੁੱਡੇ ਮਾਰਦੇ!

ਇਹ ਅਤਿ ਦਾ ਹੌਲਨਾਕ ਦ੍ਰਿਸ਼ ਦੇਖ ਕੇ ਮੰਨੇਂ ਦੇ ਪਰਿਵਾਰ-ਜਨ ਕਮਰੇ ਦੀਆਂ ਤਾਕੀਆਂ 'ਚੋਂ ਬਾਹਾਂ ਕੱਢ-ਕੱਢ ਪੁਲਸੀਆਂ ਦੇ ਤਰਲੇ ਹਾੜ੍ਹੇ ਕੱਢਦੇ ਰਹੇ। ਆਪਣੇ ਜਵਾਨ ਪੁੱਤ ਉੱਪਰ ਇਹ ਅਸਹਿ ਜ਼ੁਲਮ ਹੁੰਦਾ ਦੇਖ ਕੇ ਪਟਵਾਰੀ ਨੇ ਕੁਰਲਾਉਂਦਿਆਂ ਤਾਕੀ 'ਚੋਂ ਹੱਥ ਜੋੜੇ ਕਿ ਰੱਬ ਦਾ ਵਾਸਤਾ ਇਹਨੂੰ ਸਾਡੀਆਂ ਅੱਖਾਂ ਤੋਂ ਪਰੇ ਲੈ ਜਾਉ...ਸਾਥੋਂ ਪੁੱਤ ਹਲਾਲ ਹੁੰਦਾ ਨਹੀਂ ਦੇਖਿਆ ਜਾਂਦਾ...! ਜਲਾਦਾਂ ਨੇ ਮੁੰਡੇ ਨੂੰ ਘੜੀਸ ਕੇ ਘਰੋਂ ਬਾਹਰ ਲੈ ਆਂਦਾ ਤੇ ਗੱਡੀ 'ਚ ਸੁੱਟ ਕੇ ਪਿੰਡੋਂ ਬਾਹਰ ਹੋ ਗਏ।

ਦਹਿਸ਼ਤਜ਼ਦਾ ਹੋਏ ਆਂਢੀਆਂ-ਗੁਆਂਢੀਆਂ ਨੇ ਪੁਲ਼ਸੀਆਂ ਦੀ ਧਾੜ ਚਲੇ ਜਾਣ ਤੋਂ ਅੱਧਾ ਪੌਣਾ ਘੰਟਾ ਬਾਅਦ ਪਟਵਾਰੀ ਅਤੇ ਹੋਰ ਜੀਆਂ ਨੂੰ ਕਮਰੇ ਦਾ ਕੁੰਡਾ ਖੋਲ੍ਹ ਕੇ ਬਾਹਰ ਕੱਢਿਆ।

ਵਖਤਾਂ ਮਾਰੇ ਪਟਵਾਰੀ ਨੇ ਪਿੰਡ ਦੇ ਚੋਣਵੇਂ ਬੰਦਿਆਂ ਨੂੰ ਨਾਲ਼ ਲੈ ਕੇ ਮੰਨੇਂ ਨੂੰ ਚੁੱਕ ਲਿਜਾਣ ਵਾਲ਼ੀ ਪੁਲੀਸ ਦਾ ਪਿੱਛਾ ਕੀਤਾ। ਇਨ੍ਹਾਂ ਦੇ ਨਾਲ਼ ਇਕ ਸਾਬਕਾ ਪੁਲੀਸ ਮੁਲਾਜ਼ਮ ਹੋਣ ਕਰਕੇ ਮੁੰਡੇ ਦੀ ਸੂਹ ਤਾਂ ਅੱਗੇ ਤੋਂ ਅੱਗੇ ਮਿਲ਼ਦੀ ਰਹੀ ਪਰ ਸਾਰੇ ਥਾਣੇ ਚੌਂਕੀਆਂ ਵਾਲ਼ੇ ਪੱਕਾ ਦੱਸਣ ਦੀ ਬਜਾਏ ਟਾਲ਼ਾ-ਵਾਲ਼ਾ ਵੱਟਦੇ ਰਹੇ। ਨੂਰਮਹਿਲ ਵਾਲ਼ੇ ਇਨ੍ਹਾਂ ਨੂੰ ਭੇਜ ਦੇਣ ਸ਼ਾਹਕੋਟ ਨੂੰ ਤੇ ਉਹ ਆਖ ਦੇਣ ਕਿ ਤੁਹਾਡਾ ਮੁੰਡਾ ਨਕੋਦਰ ਹੈ। ਨਕੋਦਰ ਵਾਲ਼ਿਆਂ ਇਨ੍ਹਾਂ ਨੂੰ ਫਿਲੌਰ ਥਾਣੇ ਭੇਜ ਦਿੱਤਾ। ਸਾਰਾ ਦਿਨ ਘੁੰਮਦੇ ਘੁਮਾਉਂਦੇ ਦੇਰ ਰਾਤ ਇਹ ਭੁੱਖਣ-ਭਾਣੇ ਫਿਲੌਰ ਪਹੁੰਚੇ ਪਰ ਮੁੰਡਾ ਉੱਥੇ ਵੀ ਨਹੀਂ ਸੀ। ਥੱਕ ਹਾਰ ਕੇ ਇਨ੍ਹਾਂ ਨੇ ਦੂਜੇ ਦਿਨ ਭਾਲ਼ ਕਰਨ ਦੀ ਸਲਾਹ ਬਣਾਈ।

ਦੂਜੇ ਦਿਨ ਫਿਰ ਉਹੀ ਕਹਾਣੀ...ਚੱਲ ਗੁਰਾਇਆਂ ਚੱਲ ਫਗਵਾੜੇ। ਸਾਬਕਾ ਪੁਲ਼ਸੀਏ ਨੇ ਕਿਸੇ ਜਾਣੂ ਮੁਣਸ਼ੀ ਨਾਲ ਗੰਢ-ਤੁੱਪ ਕਰਕੇ ਪਤਾ ਕੀਤਾ ਕਿ ਮੰਨਾਂ ਨਵਾਂਸ਼ਹਿਰ ਥਾਣੇ ਹੈ। ਨਵਾਂਸ਼ਹਿਰ ਪਹੁੰਚਦਿਆਂ ਇਨ੍ਹਾਂ ਨੂੰ ਸ਼ਾਮ ਪੈ ਗਈ। ਇੱਥੇ ਵੱਡੇ ਅਫਸਰ ਦੀ ਜੇਬ ਉੱਤੇ 'ਓਂਕਾਰ ਸਿੰਘ' ਨਾਮ ਵਾਲ਼ੀ ਪੱਟੀ ਦੇਖ ਕੇ, ਉਹਨੂੰ 'ਸਿੱਖ ਭਰਾ' ਜਾਣਦਿਆਂ ਪਟਵਾਰੀ ਨੇ ਲੇਲ੍ਹੜੀਆਂ ਕੱਢੀਆਂ, ਤਰਲੇ ਮਾਰੇ ਕਿ ਸਾਨੂੰ ਮੰਨਾਂ ਮਿਲ਼ਾ ਦਿਉ। ਨਾਲ਼ ਦੇ ਬੰਦੇ ਵੀ ਮੰਨੇਂ ਦੇ ਸਾਊ-ਸ਼ਰੀਫ ਧਰਮੀਂ ਹੋਣ ਬਾਰੇ ਦੱਸ ਕੇ ਉਸ ਅਫਸਰ ਨੂੰ ਪਸੀਜ਼ਦਾ ਕਰਨ ਲੱਗੇ। ਕੁੱਝ ਚਿਰ ਇਨ੍ਹਾਂ ਵੱਲ ਅੱਖਾਂ ਫਾੜ-ਫਾੜ ਕੇ ਦੇਖਣ ਮਗਰੋਂ ਓਂਕਾਰ ਸਿੰਘ ਨੇ ਇੱਕ ਹੌਲਦਾਰ ਨੂੰ 'ਵਾਜ ਮਾਰ ਕੇ ਕਿਹਾ ਕਿ ਜਾਹ ਬਈ ਇਨ੍ਹਾਂ ਨੂੰ ਮੰਨਾਂ ਦਿਖਾ ਲਿਆ।

ਇਸ ਅਫਸਰ ਦਾ 'ਕੋਟਾਨਿ ਕੋਟ ਧੰਨਵਾਦ' ਕਰਕੇ ਇਹ ਸਾਰੇ ਜਣੇ ਹੌਲਦਾਰ ਦੇ ਨਾਲ ਚੱਲ ਪਏ। ਪਟਵਾਰੀ ਗੱਡੀ 'ਚ ਬੈਠਾ ਸੋਚ ਰਿਹਾ ਸੀ ਕਿ ਹੁਣ ਮੁੰਡੇ ਨੂੰ ਅੱਜ ਹੀ ਕਿਤੇ ਦੂਰ-ਦਰਾਜ ਛੱਡ ਆਵਾਂਗੇ, ਘਰੇ ਬਿਲ਼ਗੇ ਨਹੀਂ ਜਾਣਾ। ਨਵਾਂਸ਼ਹਿਰ ਥਾਣੇ ਤੋਂ ਗੱਡੀ ਬੰਗਾ ਰੋਡ ਵੱਲ ਚਲੇ ਗਈ। ਸਾਰਿਆਂ ਦੇ ਚਿਹਰੇ ਆਸ਼ਾਵਾਦੀ ਹੋ ਗਏ ਸਨ! ਅੱਗੇ ਜਾ ਕੇ ਪੁਰਾਣੀਆਂ ਜਿਹੀਆਂ ਦੁਕਾਨਾਂ ਕੋਲ ਗੱਡੀ ਰੁਕੀ ਤੇ ਹੌਲਦਾਰ ਨੇ ਇਕ ਚਾਰਦੀਵਾਰੀ ਵੱਲ ਹੱਥ ਕਰਕੇ ਕਿਹਾ-

'ਔਹ ਆ ਜੀ ਤੁਹਾਡਾ ਮੁੰਡਾ...ਮਿਲ਼ ਲਉ!'

ਹੌਲਦਾਰ ਨੇ ਜਿੱਧਰ ਇਸ਼ਾਰਾ ਕੀਤਾ ਸੀ ਓਧਰ ਕੋਈ ਬੰਦਾ-ਪਰਿੰਦਾ ਨਹੀਂ, ਸਗੋਂ ਸ਼ਮਸਾਨ ਘਾਟ ਦੇ ਥੜ੍ਹੇ ਉੱਤੇ ਸਿਵਾ ਬਲ਼ ਰਿਹਾ ਸੀ...!'

ਦੂਜੇ ਦਿਨ ਅਖਬਾਰਾਂ ਵਿਚ ਏਦਾਂ ਦੀ ਇਬਾਰਤ ਵਾਲ਼ੀ ਖਬਰ ਛਪੀ-

'ਬੀਤੇ ਦਿਨ ਬਿਸਤ ਦੁਆਬ ਨਹਿਰ ਦੇ ਸੋਇਤਾ-ਅਸਮਾਨ ਪੁਰ ਪੁਲ਼ ਲਾਗੇ ਹੋਏ ਗਹਿਗੱਚ ਮੁਕਾਬਲੇ ਵਿਚ ਮਾਰੇ ਗਏ ਅਣਪਛਾਤੇ ਅਤਿਵਾਦੀ ਦੀ ਪਛਾਣ ਹੋਈ। ਉਹ ਮੰਜਕੀ ਇਲਾਕੇ ਦਾ ਖਤਰਨਾਕ ਦਹਿਸ਼ਤਗਰਦ ਮਨਜੀਤ ਸਿੰਘ ਉਰਫ ਮੰਨਾਂ ਸੀ...!!'

ਮੰਨੇਂ ਦੇ ਅਭਾਗੇ ਮਾਪਿਆਂ ਨੂੰ ਉਸਦੀਆਂ ਅਸਥੀਆਂ ਕਿਵੇਂ ਮਿਲੀਆਂ? ਇਹ ਦੱਸਣ ਦੀ ਬਜਾਏ ਕੁੱਝ ਹੋਰ ਵੇਰਵੇ-

ਬਿਲ਼ਗੇ ਦੇ ਜਿਸ ਬੱਸ ਅੱਡੇ ਵਿਚ ਕਦੇ ਮੰਨਾਂ ਕਾਲਜ ਜਾਣ ਲਈ ਬੀਬਾ ਪੁੱਤ ਬਣ ਕੇ ਬੱਸੇ ਚੜ੍ਹਦਾ ਹੁੰਦਾ ਸੀ, ਥੋੜੇ ਚਿਰ ਬਾਅਦ ਬੱਸ ਅੱਡੇ ਦੇ ਦੁਕਾਨਦਾਰਾਂ ਨੇ ਇਹ ਦਰਦਨਾਕ ਦ੍ਰਿਸ਼ ਵੀ ਦੇਖਿਆ ਕਿ ਮੰਨੇਂ ਦੀ ਮਾਂ ਆਪਣੇ ਪੁੱਤ ਦੀਆਂ ਕਿਤਾਬਾਂ-ਕਾਪੀਆਂ ਲੈ ਕੇ ਅੱਡੇ 'ਚ ਅਰਧ-ਪਾਗਲਾਂ ਵਾਂਗ ਘੁੰਮਦੀ ਰਹਿੰਦੀ! ਬੱਸਾਂ 'ਚ ਉਤਰਦੇ-ਚੜ੍ਹਦੇ ਮੁੰਡੇ ਕੁੜੀਆਂ ਵੱਲ੍ਹ ਮੱਥੇ 'ਤੇ ਹੱਥ ਧਰ ਕੇ ਦੇਖਦੀ ਰਹਿੰਦੀ...ਕਿਸੇ ਮੁੰਡੇ ਨੂੰ ਪੁੱਛ ਲੈਂਦੀ-ਵੇ ਕਾਕਾ ਸਾਡਾ ਮੰਨਾਂ ਨੀ ਆਇਆ??

ਅੱਖਾਂ ਪੂੰਝਦੇ ਦੁਕਾਨਦਾਰ ਉਹਨੂੰ ਫੜ-ਫੜ ਕੇ ਘਰੇ ਛੱਡ ਜਾਂਦੇ। ਕਦੇ ਉਹਨੂੰ ਪਟਵਾਰੀ ਘਰੇ ਲਿਜਾਂਦਾ!

'ਅਣਪਛਾਤੀਆਂ ਲਾਸ਼ਾਂ ਕਹਿ ਕੇ ਕੋਹੇ ਬੋਟ ਅਲੂੰਏਂ
ਮੁਨਸਿਫ਼ ਕੋਲ਼ੋਂ ਪੁੱਤ ਭਾਲ਼ਦੀਆਂ ਖਾਲੜਿਆਂ ਦੀਆਂ ਮਾਵਾਂ!'-(ਸਾਦਿਕ)

ਪੱਥਰ ਦਿਲਾਂ ਨੂੰ ਰੁਆ ਦੇਣ ਵਾਲ਼ੀ ਇਹ ਹੌਲਨਾਕ ਵਾਰਤਾ ਮੈਂ ਏਸ ਕਾਰਨ ਨਹੀਂ ਲਿਖ ਰਿਹਾ ਕਿ ਮੰਨਾਂ ਮੇਰਾ ਭਾਣਜਾ ਲਗਦਾ ਸੀ ਤੇ ਮੈਂ ਉਹਦਾ ਮਾਮਾ। ਨਾ ਹੀ ਕਿਸੇ ਹਮਦਰਦੀ ਜਾਂ ਕੋਈ ਹੋਰ ਚਾਹਤ ਹੈ।

'ਲਹੂ ਬੇਦੋਸ਼ਿਆਂ ਦਾ ਜਦ ਵੀ ਡੁਲ੍ਹੇਗਾ ਇਹ ਤੜਪਣਗੇ
ਜੋ ਸ਼ਾਇਰ ਹੋਣਗੇ 'ਉਲਫਤ' ਉਨ੍ਹਾਂ ਨੂੰ ਦਰਦ ਆਏ ਗਾ।'-(ਉਲਫਤ ਬਾਜਵਾ)

ਕਿਉਂ ਕਿ ਪਟਵਾਰੀ ਭਾਈਏ ਦੇ ਪਰਿਵਾਰ ਨਾਲ 'ਫੂਲ ਵੋਹ ਤੋੜਾ ਕਿ ਚਮਨ ਮੇਂ ਵੀਰਾਨੀ ਹੂਈ' ਵਾਲ਼ੀ ਗੱਲ ਹੋਈ। ਮੰਨੇਂ ਦੇ ਸਦਮੇਂ ਵਿਚ ਹੀ ਪਹਿਲਾਂ ਸਾਡੀ ਭੈਣ ਪ੍ਰਕਾਸ਼ ਕੌਰ (ਫਿਲੌਰ ਲਾਗੇ ਥਲ਼ੇ ਪਿੰਡ ਵਾਲ਼ੀ ਭੂਆ ਦੀ ਬੇਟੀ) ਫਿਰ ਮੰਨੇਂ ਦੀ ਇੱਕ ਭੈਣ, ਇੱਕ ਭਰਾ ਅਤੇ ਫਿਰ ਪਟਵਾਰੀ ਖੁਦ, ਸਾਰੇ ਉੱਤੋ-ੜਿੱਤੀ ਮੌਤ ਦੇ ਮੂੰਹ ਜਾ ਪਏ।

ਇਹਤੋਂ ਵੀ ਕਿਤੇ ਵਧ ਕੇ ਦਰਦਨਾਕ ਅਣਹੋਣੀਆਂ ਉਸ ਦੌਰ ਵਿਚ ਹੋਈਆਂ, ਪਰ ਇਹ ਕਰੁਣਾਮਈ ਬਿਰਤਾਂਤ ਲਿਖਣ ਦਾ ਇਤਫਾਕ ਵੀ ਇੰਜ ਬਣਿਆਂ ਕਿ ਇੱਕ ਦਿਨ ਮੈਂ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸਾਂ। ਬਾਰ੍ਹਵੀਂ ਪਉੜੀ ਦੀ ਤੁਕ 'ਮੰਨੇਂ ਕੀ ਗਤਿ ਕਹੀ ਨ ਜਾਇ॥' ਪੜ੍ਹਦਿਆਂ ਮੇਰਾ ਧਿਆਨ ਉੱਖੜ ਕੇ ਬਿਲ਼ਗੇ ਚਲਾ ਗਿਆ!

ਪਟਵਾਰੀ ਭਾਈਆ ਰੱਜ ਕੇ ਸ਼ੁਗਲੀ ਸੁਭਾਅ ਵਾਲ਼ਾ ਹੁੰਦਾ ਸੀ, ਪਰ ਮੰਨੇਂ ਦੀ ਮੌਤ ਤੋਂ ਬਾਅਦ ਕਿਤੇ ਉਹ ਸਾਡੇ ਘਰੇ ਆਇਆ ਤਾਂ ਉਕਤ ਵੇਰਵੇ ਦੱਸਦਿਆਂ ਅੱਖਾਂ ਭਰਕੇ ਕਹਿੰਦਾ-

'ਜਦ ਜੀ ਆਲ਼ੇ-ਦੁਆਲ਼ੇ ਦੇ ਸੱਜਣਾਂ-ਮਿੱਤਰਾਂ ਨੇ ਸਾਡੇ ਕੋਲ਼ ਮੰਨੇਂ ਦੀਆਂ ਸਿਫਤਾਂ ਕਰਨੀਆਂ ਤਾਂ ਮੈਂ ਹੱਸਦਿਆਂ ਕਹਿਣਾ-ਜੀ ਸਾਡਾ ਮੰਨਾਂ ਤਾਂ ਬਾਬੇ ਨਾਨਕ ਜੀ ਦੇ ਲਿਖੇ ਫੁਰਮਾਨ 'ਤੇ ਹੀ ਫੁੱਲ ਚੜ੍ਹਾਉਂਦਾ ਐ-ਮੰਨੇਂ ਕੀ ਗਤਿ ਕਹੀ ਨ ਜਾਇ॥'

ਬੱਸ ਮੈਂ ਪਾਠ ਸੰਪੂਰਨ ਕਰਕੇ ਲਿਖਣ ਬਹਿ ਗਿਆ ਦਿਲ ਦਾ ਦਰਦ! ਹੁਣ ਸਿਰਲੇਖ ਵਾਲ਼ੀ ਟਾਹਲੀ ਬਾਰੇ ਵੀ ਪੜ੍ਹ ਲਉ ਕਿ ਉਹ 'ਟਾਹਲੀ ਸਾਹਿਬ' ਕਿਉਂ ਬਣੀ-

ਮੰਨਾਂ-ਕਾਂਡ ਤੋਂ ਕੁੱਝ ਚਿਰ ਬਾਅਦ ਮੈਂ ਆਪਣੇ ਪਿੰਡੋਂ ਨਵਾਂਸ਼ਹਿਰ ਜਾਂਦਾ ਹੋਇਆ ਸਜਾਵਲ ਪੁਰ ਪਿੰਡ ਟੱਪਿਆ ਤਾਂ ਨਵਾਂਸ਼ਹਿਰ-ਚੰਡੀਗੜ੍ਹ ਰੋਡ ਉੱਤੇ ਕਾਫੀ ਲੋਕ ਇਕੱਠੇ ਹੋਏ ਦੇਖੇ। ਵਾਹੋ-ਦਾਹੀ ਸਾਈਕਲ ਚਲਾਉਂਦਾ ਮੈਂ ਵੀ ਭੀੜ ਕੋਲ ਜਾ ਖੜ੍ਹਾ ਹੋਇਆ। ਇਸ ਸੜਕ ਦੇ ਇੱਕ ਪਾਸੇ ਸਜਾਵਲ ਪੁਰ ਦਾ ਗੁਰਦੁਆਰਾ ਸ਼ਹੀਦਾਂ ਹੈ, ਦੂਜੇ ਪਾਸੇ ਸਾਹਮਣੇ ਇੱਕ ਦਰੱਖਤ ਵਿਚ ਪੁਲੀਸ ਦੀ ਜਿਪਸੀ ਬੜੀ ਬੁਰੀ ਤਰ੍ਹਾਂ ਵੱਜ ਕੇ ਦੋਫਾੜ ਹੋਈ ਪਈ ਸੀ। ਲੋਕ ਦੱਸ ਰਹੇ ਸਨ ਕਿ ਐਕਸੀਡੈਂਟ ਤਾਜ਼ਾ ਹੀ ਹੋਇਆ ਹੈ। ਸਟੇਅਰਿੰਗ 'ਤੇ ਮਰੇ ਫਸੇ ਪਏ ਇੱਕ ਪੁਲ਼ਸੀਏ ਦੀਆਂ ਅੱਖਾਂ ਬਾਹਰ ਨੂੰ ਇੰਜ ਨਿਕਲ਼ੀਆਂ ਹੋਈਆਂ ਸਨ ਜਿਵੇਂ ਬਰਸਾਤਾਂ ਵਿਚ ਡੱਡੂ ਮਰੇ ਪਏ ਹੁੰਦੇ ਹਨ। ਉਸ ਦੀਆਂ ਦੋਏ ਬਾਹਾਂ ਤੇ ਖੁੱਲ੍ਹੇ ਹੱਥ ਆਲ਼ੇ-ਦੁਆਲ਼ੇ ਨੂੰ ਫੈਲੇ ਹੋਏ ਸਿਕੰਦਰ ਦਾ ਕਥਨ ਚੇਤੇ ਕਰਾ ਰਹੇ ਜਾਪੇ ਕਿ ਅੰਤ ਸਮੇਂ ਮੇਰੇ ਦੋਏ ਹੱਥ ਕੱਫਣ ਤੋਂ ਬਾਹਰ ਕੱਢ ਦਿਉ!

ਬੁਰੀ ਤਰਾਂ ਲਹੂ-ਲੁਹਾਣ ਹੋਏ ਪਏ ਇਸ ਬਾਵਰਦੀ ਪੁਲ਼ਸੀਏ ਦੀ ਜੇਬ੍ਹ ਉਤਲੇ ਬੈਜ ਉੱਪਰ ਵੀ ਭਾਵੇਂ ਖੂਨ ਦੇ ਛਿੱਟੇ ਪਏ ਹੋਏ ਸਨ ਪਰ ਉਹਦਾ ਨਾਂ ਪੂਰਾ ਪੜ੍ਹਿਆ ਜਾ ਰਿਹਾ ਸੀ-'ਓਂਕਾਰ ਸਿੰਘ!'

...ਦੁਪਾਲ ਪੁਰ ਸਾਡੇ ਘਰੇ ਆਏ ਪਟਵਾਰੀ ਨੂੰ ਜਦ ਮੈਂ ਸਾਈਕਲ ਪਿੱਛੇ ਬਿਠਾ ਕੇ ਬੱਸੇ ਚੜ੍ਹਾਉਣ ਜਾਡਲੇ ਜਾ ਰਿਹਾ ਸੀ ਤਾਂ ਉਹ ਐਕਸੀਡੈਂਟ ਵਾਲ਼ਾ ਥਾਂਹ ਦਿਖਾਉਣ ਲਈ ਸਜਾਵਲ ਪੁਰ ਵਿਚੀਂ ਲੰਘਿਆ।

'ਭਾਈਆ ਜੀ ਆਹ ਟਾਹਲੀ ਐ ਜਿਹਦੇ ਵਿਚ ਵੱਜ ਕੇ ਮੰਨੇਂ ਦਾ ਮੁਕਾਬਲਾ ਬਣਾਉਣ ਵਾਲ਼ਾ ਪੁਲ਼ਸੀਆ ਮਰਿਆ!'

ਆਪਣੇ ਦੋਹਾਂ ਹੱਥਾਂ ਨਾਲ ਟਾਹਲੀ ਨੂੰ ਫੜ੍ਹ ਕੇ ਫਿੱਕੀ ਜ਼ਰਦ ਜਿਹੀ 'ਮੁਸਕਾਨ' ਚਿਹਰੇ 'ਤੇ ਲਿਆਉਂਦਿਆਂ ਭਾਈਆ ਬੋਲਿਆ-

'ਟਾਹਲੀ ਨਹੀਂ ਕਾਕਾ, ਇਹਨੂੰ ਟਾਹਲੀ ਸਾਹਿਬ ਕਹੁ!'

'ਭਸਮਾਂ ਭੂਤ ਹੋਆ ਖਿਨ ਭੀਤਰਿ
ਅਪਨਾ ਕੀਆ ਪਾਇਆ॥'
(ਸ੍ਰੀ ਗੁਰੂ ਅਰਜਨ ਦੇਵ ਜੀ)

# ਜ਼ਿੰਦਗੀ ਕੇ ਰੰਗ ਕਈ ਰੇ...

ਇੱਕ ਮਹਾਂਨਗਰ ਦਾ ਵੱਡਾ ਸ੍ਰਰਾਫਾ ਬਾਜ਼ਾਰ। ਅੱਧੀ ਰਾਤ ਦਾ ਸਮਾਂ। ਸੁਨਿਆਰਿਆਂ ਦੀਆਂ ਸਾਰੀਆਂ ਦੁਕਾਨਾਂ ਦੇ ਸ਼ਟਰ ਬੰਦ ਹਨ ਤੇ ਉਨ੍ਹਾਂ 'ਤੇ ਵੱਡੇ ਜਿੰਦਰੇ ਲਟਕ ਰਹੇ ਹਨ। ਅਚਾਨਕ ਤਿੰਨ ਸਾਏ ਪ੍ਰਕਟ ਹੁੰਦੇ ਹਨ। ਕੀ ਇਹ ਕੋਈ ਲੁੱਟ ਨੂੰ ਅੰਜਾਮ ਦੇਣ ਆਏ ਹਨ? ਨਹੀਂ ਇਹ ਸੰਭਵ ਨਹੀਂ ਕਿਉਂਕਿ ਹੱਟੇ-ਕੱਟੇ ਹਥਿਆਰਬੰਦ



**ਹਰਜੀਤ ਦਿਓਲ**

ਚੌਂਕੀਦਾਰ ਪਹਿਰੇ 'ਤੇ ਹਨ। ਫੇਰ ਇਹ ਕਿਸ ਮੰਤਵ ਲਈ ਆਏ ਹਨ? ਦੱਸਦੇ ਹਾਂ। ਇਨ੍ਹਾਂ 'ਚੋਂ ਇੱਕ ਸੜਕ ਦੇ ਵਿਚਕਾਰ ਬਣੇ ਸੀਵਰ ਦਾ ਢੱਕਣ ਚੁੱਕਦਾ ਹੈ ਅਤੇ ਕੱਪੜੇ ਉਤਾਰ ਸੀਵਰ ਵਿਚ ਉਤਰ ਜਾਂਦਾ ਹੈ। ਬਾਹਰ ਖੜ੍ਹਾ ਦੂਜਾ ਉਸ ਨੂੰ ਰੱਸੀ ਬੰਨ੍ਹੀ ਇੱਕ ਬਾਲਟੀ ਫੜਾਉਂਦਾ ਹੈ। ਕੁਝ ਸਮੇਂ ਉਪਰੰਤ ਗਾੜ੍ਹੇ ਚਿੱਕੜ ਅਤੇ ਗੰਦਗੀ ਨਾਲ ਭਰੀ ਬਾਲਟੀ ਉੱਪਰ ਆਉਂਦੀ ਹੈ। ਹੁਣ ਮਲ ਮੂਤਰ 'ਤੇ ਹੋਰ ਬਦਬੂ ਮਾਰਦੀ ਗੰਦਗੀ ਨਾਲ ਭਰੇ ਸੀਵਰ ਵਿਚ ਉਤਰਨ ਦੀ ਵਾਰੀ ਦੂਜੇ ਵਿਅਕਤੀ ਦੀ ਹੈ। ਫਿਰ ਤੀਜੇ ਦੀ। ਕੋਈ ਦੋ ਘੰਟੇ ਦੀ ਮਸ਼ੱਕਤ ਮਗਰੋਂ ਫਾਲਤੂ ਪਾਣੀ ਨਿਤਾਰ ਕੇ ਇੱਕ ਬਾਲਟੀ ਗਾੜ੍ਹਾ ਚਿੱਕੜ ਇਹ ਲੋਕ ਆਪਣੇ ਅੱਡੇ 'ਤੇ ਲੈ ਜਾਂਦੇ ਹਨ। ਚੌਂਕੀਦਾਰ ਨੂੰ ਚਾਹ-ਪਾਣੀ ਦੇ ਦਿੱਤਾ ਜਾਂਦਾ ਹੈ। ਅਗਲੇ ਦਿਨ ਇਸ ਗਾੜ੍ਹੀ ਗੰਦਗੀ ਨੂੰ ਕਈ ਵਾਰ ਸਾਫ ਪਾਣੀ ਨਾਲ ਧੋ ਨਿਤਾਰਿਆ ਜਾਂਦਾ ਹੈ ਅਤੇ ਆਖਰ ਵਿਚ ਥੱਲੇ ਭਾਰੀ ਧਾਤੂ ਦੇ ਅਵਸ਼ੇਸ਼ ਰਹਿ ਜਾਂਦੇ ਹਨ।

ਅਗਲਾ ਕਦਮ ਇਸ ਮਿਸ਼ਰਣ ਵਿੱਚੋਂ ਸੋਨਾ ਅਲਗ ਕਰਨਾ ਹੁੰਦਾ ਹੈ। ਦਰਅਸਲ ਇਸ ਇਲਾਕੇ ਵਿਚਲੀਆਂ ਸੈਂਕੜੇ ਸੁਨਿਆਰਿਆਂ ਦੀਆਂ ਦੁਕਾਨਾਂ ਵਿਚੋਂ ਕਾਰੀਗਰਾਂ ਦੇ ਕੰਮ ਕਰਦੇ ਹੋਏ ਸੋਨੇ ਦੀ ਧੂੜ ਦਾ ਕੁਝ ਹਿੱਸਾ ਸਫਾਈ ਦੌਰਾਨ ਸੀਵਰ ਵਿਚ ਚਲਾ ਜਾਂਦਾ ਹੈ। ਹੁਣ ਇਸ ਮਿਸ਼ਰਣ ਵਿਚ ਇੱਕ ਖਾਸ ਤੇਜ਼ਾਬ ਪਾ ਅਣਚਾਹੀ ਧਾਤੂ ਨੂੰ ਗਲਾ ਕੇ ਬਾਹਰ ਕਰ ਦਿੱਤਾ ਜਾਂਦਾ ਹੈ ਅਤੇ ਆਖਰ ਵਿਚ ਬਚੇ ਸੋਨਾ ਮਿਸ਼ਰਤ ਧਾਤ ਨੂੰ ਪਾਰੇ ਦੇ ਸੰਪਰਕ ਵਿਚ ਲਿਆ ਸ਼ੁੱਧ ਸੋਨਾ ਅਲਗ ਕਰ ਲਿਆ ਜਾਂਦਾ ਹੈ।

ਸੋਚ ਰਹੇ ਹੋਵੋਗੇ ਕਿ ਫੇਰ ਤਾਂ ਇਹ ਤਿੱਕੜੀ ਬੜੀ ਅਮੀਰ ਹੋ ਗਈ ਹੋਵੇਗੀ! ਨਹੀਂ ਜੀ, ਬਦਬੂ ਮਾਰਦੇ ਮਲ-ਮੂਤਰ ਵਾਲੇ ਗੰਦੇ ਪਾਣੀ ਵਿਚੋਂ ਘੰਟਿਆਂ ਦੀ ਮੁਸ਼ੱਕਤ ਪਿੱਛੋਂ ਇਨ੍ਹਾਂ ਬਦਨਸੀਬ ਗਰੀਬਾਂ ਨੂੰ ਮਸਾਂ ਦਿਹਾੜੀ ਪੱਲੇ ਪੈਂਦੀ ਹੈ। ਇਹ ਦ੍ਰਿਸ਼ ਬੰਗਲਾ ਦੇਸ਼ ਦੇ ਮਹਾਨਗਰ ਢਾਕਾ ਦਾ ਹੈ, ਜਿਸ ਨੂੰ ਕਿਸੇ ਯੂਟਿਊਬਰ ਨੇ ਫਿਲਮਬੱਧ ਕਰ ਲਿਆ ਅਤੇ ਮੈਂ ਆਪ ਸਭ ਪਾਠਕਾਂ ਦੇ ਰੂਬਰੂ ਕਰ ਦਿੱਤਾ। ਧੰਨਵਾਦ!

# ਇਹੁ ਜਨਮੁ ਤੁਮਹਾਰੇ ਲੇਖੇ!

## ਕਿਸ਼ਤ - 17

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 17ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***






**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਅਗਲੇ ਦਿਨ ਚੋਪੜਾ ਜੀ ਵਿਹਲੇ ਨਹੀਂ ਸਨ। ਉਹਨਾਂ ਨੇ ਅਗਲੇਰੇ ਦਿਨ ਮਿਲਣਾ ਸੀ। ਜਗਦੀਪ ਨੇ ਕਿਹਾ, 'ਚਲੋ, ਇਕ ਗੱਲੋਂ ਇਹ ਚੰਗਾ ਹੀ ਹੋਇਆ। ਮੈਂ ਦੋ ਥਾਂਈਂ ਜਾਣਾ ਸੋਚਿਆ ਹੋਇਆ ਹੈ। ਇਕ ਤਾਂ ਹਾਜੀ ਅਲੀ ਦੀ ਦਰਗਾਹ ਤੇ ਦੂਜੇ ਮੈਰੀ ਦਾ ਚਰਚ। ਚਰਨਜੀਤ, ਕੱਲ੍ਹ ਆਪਾਂ ਦੋਵੇਂ ਥਾਂ ਹੋ ਆਵਾਂਗੇ।'

ਜਗਦੀਪ ਦਿੱਲੀ 'ਤੋਂ ਹੀ ਇਕ ਤਰ੍ਹਾਂ ਨਾਲ ਇਹ ਸੁੱਖਣਾ ਸੁੱਖ ਕੇ ਆਈ ਸੀ। ਇਹ ਦੋਵੇਂ ਸਥਾਨ ਆਪਣੇ ਆਪਣੇ ਧਰਮ ਨਾਲ ਜੁੜੇ ਹੋਣ ਦੇ ਬਾਵਜੂਦ ਸਭ ਧਰਮਾਂ ਦੇ ਲੋਕਾਂ ਦੀ ਸ਼ਰਧਾ ਦੇ ਕੇਂਦਰ ਬਣ ਗਏ ਸਨ। ਹਰ ਸਾਲ ਉਹਨਾਂ ਦੇ ਦਰ ਪਹੁੰਚਣ ਵਾਲਿਆਂ ਦੀ ਗਿਣਤੀ ਲੱਖਾਂ ਨੂੰ ਜਾ ਢੁਕਦੀ ਸੀ। ਸ਼ਰਧਾਲੂ ਤਾਂ ਪਹੁੰਚਦੇ ਹੀ, ਧਰਮ ਦੀ ਦੁਨੀਆ ਤੋਂ ਕਿਨਾਰਾ ਕਰ ਚੁੱਕੇ ਜਗਦੀਪ ਵਰਗੇ ਲੋਕ ਵੀ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਵਿਸ਼ਵਾਸ ਨਾਲ ਜਾ ਸੀਸ ਝੁਕਾਉਂਦੇ। ਕਹਿੰਦੇ ਹਨ, ਬੁਖਾਰੇ ਦਾ ਧਨਵਾਨ ਵਪਾਰੀ ਸਭ ਕੁਛ ਤਿਆਗ ਕੇ ਹੱਜ ਕਰਨ ਮਗਰੋਂ ਸਈਅਦ ਪੀਰ ਹਾਜੀ ਅਲੀ ਸ਼ਾਹ ਬੁਖਾਰੀ ਬਣ ਗਿਆ ਤੇ ਦੁਨੀਆ ਘੁੰਮਦਾ ਬੰਬਈ ਆ ਟਿਕਿਆ। ਵਰਲੀ ਦੇ ਤੱਟ ਤੋਂ ਅੱਧਾ ਕਿਲੋਮੀਟਰ ਦੂਰ ਸਮੁੰਦਰ ਦੇ ਅੰਦਰ ਪੰਦਰਵੀਂ ਸਦੀ ਵਿਚ ਉਸਰੀ ਉਸ ਦੀ ਦਰਗਾਹ ਸੀ। ਉਥੇ ਦੁਨਿਆਵੀ ਤੇ ਪਾਰ-ਦੁਨਿਆਵੀ ਮੁਰਾਦਾਂ ਦੇ ਚਾਹਵਾਨਾਂ ਤੋਂ ਲੈ ਕੇ ਆਸ਼ਕਾਂ ਤੱਕ ਦੀਆਂ ਭੀੜਾਂ ਜੁੜੀਆਂ ਹੀ ਰਹਿੰਦੀਆਂ। ਬਾਂਦਰਾ ਦੇ ਮੈਰੀ ਚਰਚ ਦਾ ਇਤਿਹਾਸ ਸੋਲ੍ਹਵੀਂ ਸਦੀ ਵਿਚ ਪੁਰਤਗਾਲੀ ਪਾਦਰੀਆਂ ਦੇ ਸਥਾਪਤ ਕੀਤੇ ਮਾਂ ਮੈਰੀ ਦੇ ਬੁੱਤ ਨਾਲ ਸ਼ੁਰੂ ਹੋਇਆ। ਇਸ ਚਰਚ ਦੇ ਦੁਆਰ ਪਹੁੰਚ ਕੇ ਮੁਰਾਦਾਂ ਦੀ ਪੂਰਤੀ ਦੀ ਚਾਹ ਨਾਲ ਮੋਮਬੱਤੀਆਂ ਜਗਾਉਣ ਵਾਲੇ ਲੋਕਾਂ ਦਾ ਵੀ ਹਾਜੀ ਅਲੀ ਦੀ ਦਰਗਾਹ ਵਾਲ਼ਾ ਹੀ ਹਾਲ ਸੀ।

ਜਗਦੀਪ ਤੇ ਚਰਨਜੀਤ ਤੱਟ ਉੱਤੇ ਪਹੁੰਚੇ ਤਾਂ ਸਮੁੰਦਰ ਸ਼ਾਂਤ ਸੀ। ਜਦੋਂ ਸਮੁੰਦਰ ਦੀਆਂ ਛੱਲਾਂ ਚੜ੍ਹਦੀਆਂ, ਦਰਗਾਹ ਤੱਕ ਜਾਂਦਾ ਪੁਲ ਡੁੱਬ ਜਾਂਦਾ ਤੇ ਲੋਕ ਤੱਟ ਉੱਤੇ ਖਲੋਤੇ ਘੰਟਿਆਂ-ਬੱਧੀ ਲਹਿਰਾਂ ਉਤਰਨ ਦੀ ਦੁਆ ਤੇ ਉਡੀਕ ਕਰਦੇ ਰਹਿੰਦੇ। ਉਹ ਨਿਰਾਸ ਹੁੰਦੇ, ਹਾਜੀ ਅਲੀ ਸਾਨੂੰ ਆਪਣੇ ਦਰ ਤੱਕ ਪਹੁੰਚਣ ਤੋਂ ਰੋਕ ਰਹੇ ਨੇ! ਜਗਦੀਪ ਬਹੁਤ ਖ਼ੁਸ਼ ਹੋਈ। ਸਮੁੰਦਰ ਨੂੰ ਸ਼ਾਂਤ ਰੱਖ ਕੇ ਹਾਜੀ ਅਲੀ ਉਹਨੂੰ ਮੁਰਾਦਾਂ ਪੂਰੀਆਂ ਕਰਦੇ ਦਿੱਸੇ। ਉਹ ਮੈਰੀ ਦੇ ਦਰ ਪਹੁੰਚੇ ਤਾਂ ਪੌਣ ਵਗ ਰਹੀ ਸੀ। ਲੋਕ ਆਖਦੇ ਸਨ, ਹਵਾ ਨਾਲ ਮੋਮਬੱਤੀ ਬੁਝਣ ਦਾ ਮਤਲਬ ਹੁੰਦਾ ਹੈ, ਮੈਰੀ ਮੁਰਾਦ ਪੂਰੀ ਕਰਨੀ ਨਹੀਂ ਚਾਹੁੰਦੀ। ਉਹਨਾਂ ਨੇ ਮੋਮਬੱਤੀਆਂ ਬਾਲੀਆਂ ਤਾਂ ਲਟ-ਲਟ ਬਲ ਪਈਆਂ। ਮੰਦ ਮੰਦ ਵਗਦੀ ਪੌਣ ਨੇ ਸਗੋਂ ਉਹਨਾਂ ਦੀਆਂ ਲਾਟਾਂ ਹੋਰ ਲੰਮੀਆਂ ਕਰ ਦਿੱਤੀਆਂ। ਲਹਿਰਾਂ ਨੂੰ ਸ਼ਾਂਤ ਰੱਖ ਕੇ ਹਾਜੀ ਅਲੀ ਨੇ ਤੇ ਮੰਦ-ਮੰਦ ਪੌਣ ਵਗਾ ਕੇ ਮਾਂ ਮੈਰੀ ਨੇ ਜੋ ਉਹਨਾਂ ਦੀ ਦੁਆ ਕਬੂਲ ਕਰਨ ਦੀ ਮਿਹਰ ਕੀਤੀ ਸੀ, ਉਸ ਸਦਕਾ ਘੱਟੋ-ਘੱਟ ਜਗਦੀਪ ਨੂੰ ਤਾਂ ਆਪਣੇ ਮਨੋਰਥ ਦੀ ਕਾਮਯਾਬੀ ਵਿਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ। ਦੋਵਾਂ ਪਾਕ-ਪਵਿੱਤਰ ਥਾਂਵਾਂ ਦੀ ਜ਼ਿਆਰਤ ਕਰ ਕੇ ਉਹ ਧੰਨ ਹੋ ਗਈ। ਭਲਕੇ ਚੋਪੜਾ ਜੀ ਨੂੰ ਮਿਲ ਕੇ ਧਨ-ਦੌਲਤ ਦੇ ਅਰਥਾਂ ਵਿਚ ਵੀ ਤੇ ਅਲੌਕਿਕਤਾ ਦੇ ਅਰਥਾਂ ਵਿਚ ਵੀ ਮਾਇਆ-ਨਗਰੀ ਵਜੋਂ ਜਾਣੀ ਜਾਂਦੀ ਇੱਛਤ ਦੁਨੀਆ ਦੇ ਦੁਆਰ ਉਹਨਾਂ ਵਾਸਤੇ ਚੁਪੱਟ ਖੁੱਲ੍ਹ ਜਾਣੇ ਸਨ।

ਚੋਪੜਾ ਜੀ ਉੱਡ ਕੇ ਮਿਲੇ। ਸੋਢੀ ਨੇ ਜਾਣ-ਪਛਾਣ ਕਰਾਉਣੀ ਚਾਹੀ ਤਾਂ ਉਹ ਹੱਸੇ, 'ਜਗਦੀਪ ਜੀ ਨੂੰ ਕੌਣ ਨਹੀਂ ਜਾਣਦਾ! ਦੇਖੋ ਸੋਢੀ ਜੀ, ਇਹ ਤਾਂ ਸਾਡੀ ਪੀੜ੍ਹੀ ਦੀ ਬਦਨਸੀਬੀ ਸਮਝੋ ਕਿ ਸਾਡੇ ਬਚਪਨ ਦੇ ਜ਼ਮਾਨੇ ਵਿਚ ਸਾਨੂੰ ਮਾਂ-ਬੋਲੀ ਪੜ੍ਹਨ ਦਾ ਮੌਕਾ ਨਾ ਮਿਲਿਆ। ਤੁਹਾਡੇ ਵਾਂਗ ਮੈਂ ਵੀ ਉਰਦੂ ਦੇ ਰਾਹ ਪੈ ਗਿਆ। ਆਪਣਾ ਵੀ ਕੋਈ ਦੋਸ਼ ਨਹੀਂ ਸੀ, ਉਸ ਸਮੇਂ ਵਾਰਾ-ਪਹਿਰਾ ਹੀ ਉਰਦੂ ਦਾ ਸੀ। ਬੋਲੀ ਕੋਈ ਵੀ ਚੰਗੀ-ਮਾੜੀ ਨਹੀਂ ਹੁੰਦੀ ਤਾਂ ਵੀ ਬੰਦੇ ਨੂੰ ਮਾਂ-ਬੋਲੀ ਲਿਖਣੀ-ਪੜ੍ਹਨੀ ਤਾਂ ਆਉਣੀ ਹੀ ਚਾਹੀਦੀ ਹੈ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਜਗਦੀਪ ਜੀ ਦੀ ਸ਼ੋਭਾ ਮੇਰੇ ਤੱਕ ਪਹੁੰਚੀ ਨਹੀਂ ਹੋਈ। ਅਸੀਂ ਫ਼ਿਲਮੀ ਲੋਕ ਤਾਂ ਜੀ ਦੋ ਘੜੀਆਂ ਵਿਹਲ ਨੂੰ ਤਰਸੇ ਹੋਏ ਲੋਕ ਹਾਂ। ਫ਼ੁਰਸਤ ਵਿਚ ਬੈਠ ਕੇ ਕੁਛ ਪੜ੍ਹਨ ਦਾ ਮੌਕਾ ਕਿਥੇ! ਕਦੀ-ਕਦੀ ਚਾਹ-ਪਾਣੀ ਪੀਂਦਿਆਂ ਜਾਂ ਕਿਸੇ ਦੀਆਂ ਫ਼ਜ਼ੂਲ ਗੱਲਾਂ ਬਰਦਾਸ਼ਤ ਕਰਦਿਆਂ ਮੇਜ਼ ਉੱਤੇ ਪਏ ਕਿਸੇ ਰਸਾਲੇ ਦੇ ਸਫ਼ੇ ਪਲਟ ਲਈਂਦੇ ਨੇ। ਇੰਜ ਹੀ ਪੰਨੇ ਪਲਟਦਿਆਂ ਇਕ-ਦੋ ਵਾਰ 'ਚਿਰਾਗ਼' ਦੀ ਸਜਾਵਟ ਨੇ ਜ਼ਰੂਰ ਧਿਆਨ ਖਿੱਚਿਆ।' ਉਹਨਾਂ ਨੇ ਦੁਬਾਰਾ ਹੱਥ ਵਧਾਇਆ, 'ਅੱਛਾ, ਚਰਨਜੀਤ ਜੀ ਉਹ ਕਲਾਕਾਰ ਨੇ! ਬੜੀ ਕਲਾ ਹੈ ਇਹਨਾਂ ਦੀਆਂ ਉਂਗਲਾਂ ਵਿਚ!'

ਜਗਦੀਪ ਦੇ ਗੀਤਾਂ ਤੇ ਗ਼ਜ਼ਲਾਂ ਦੀ ਗੱਲ ਚੱਲੀ ਤਾਂ ਉਹ ਬੋਲੇ, 'ਮੇਰੀ ਹੱਥਲੀ ਫ਼ਿਲਮ ਦਾ ਤਾਂ ਸਭ ਕੁਝ ਸੈੱਟ ਹੈ। ਸ਼ੂਟਿੰਗ ਤਾਂ ਅਜੇ ਅੱਧੀ ਰਹਿੰਦੀ ਹੈ ਪਰ ਗੀਤ ਸਾਰੇ ਬਹੁਤ ਪਹਿਲਾਂ ਰਿਕਾਰਡ ਹੋ ਚੁੱਕੇ ਨੇ। ਬਹੁਤੇ ਗੀਤਾਂ ਦੀ ਤਾਂ ਸ਼ੂਟਿੰਗ ਵੀ ਨਿੱਬੜ ਗਈ...'

ਜਗਦੀਪ ਹੈਰਾਨ ਹੋਈ ਤੇ ਗੱਲ ਟੋਕ ਕੇ ਕਹਿਣ ਲੱਗੀ, 'ਫ਼ਿਲਮ ਅੱਧੀ ਬਣੀ ਹੈ ਪਰ ਗੀਤਾਂ ਸਾਰਿਆਂ ਦੀ ਸ਼ੂਟਿੰਗ ਹੋ ਗਈ?'

ਚੋਪੜਾ ਜੀ ਖੁੱਲ੍ਹ ਕੇ ਹੱਸੇ, 'ਜਗਦੀਪ ਜੀ, ਇਹ ਤੁਸੀਂ ਹੀ ਨਹੀਂ, ਸਭ ਲੋਕ ਸੋਚਦੇ ਨੇ, ਫ਼ਿਲਮ ਦੀ ਸ਼ੂਟਿੰਗ ਪਹਿਲੇ ਸੀਨ ਤੋਂ ਸ਼ੁਰੂ ਹੋ ਕੇ, ਜਿਵੇਂ-ਜਿਵੇਂ ਫ਼ਿਲਮ ਪਰਦੇ ਉੱਤੇ ਦਿਸਦੀ ਹੈ, ਓਵੇਂ-ਓਵੇਂ ਹੁੰਦੀ ਜਾਂਦੀ ਹੈ। ਇਹ ਇੰਜ ਨਹੀਂ ਹੁੰਦਾ। ਜੋ-ਜੋ ਸੀਨ ਮੁਮਕਿਨ ਹੁੰਦੇ ਜਾਂਦੇ ਨੇ, ਨਿੱਬੜਦੇ ਜਾਂਦੇ ਨੇ। ਹੁਣ ਜੇ ਫ਼ਿਲਮ ਦੇ ਸ਼ੁਰੂ, ਦਰਮਿਆਨ ਤੇ ਅਖ਼ੀਰ ਵਿਚ ਸਵਿਟਜ਼ਰਲੈਂਡ ਦੇ ਦ੍ਰਿਸ਼ ਨੇ, ਫ਼ਿਲਮਸਾਜ਼ ਸ਼ੂਟਿੰਗ ਕਰਨ ਉਥੇ ਤਿੰਨ ਵਾਰ ਥੋੜ੍ਹੋ ਜਾਵੇਗਾ! ਉਹ ਇਕ ਵਾਰ ਗਿਆ ਕੰਮ ਮੁਕਦਾ ਕਰ ਆਉਂਦਾ ਹੈ।'

ਸੋਢੀ ਨੇ ਗੱਲ ਵਿਚ ਗੱਲ ਜੋੜੀ, 'ਗੀਤ ਤਾਂ ਆਮ ਕਰਕੇ ਪਹਿਲਾਂ ਹੀ ਨਿਬੇੜ ਲਏ ਜਾਂਦੇ ਨੇ। ਗੀਤਕਾਰ, ਸੰਗੀਤਕਾਰ, ਗਾਇਕ, ਸਭ ਦਾ ਕੰਮ ਮੁਕਦਾ ਹੁੰਦਾ ਏ।'

ਚੋਪੜਾ ਜੀ ਮੁਸਕਰਾਏ, 'ਵੱਡੇ ਐਕਟਰ, ਖਾਸ ਕਰਕੇ ਹੀਰੋ ਤੇ ਹੀਰੋਇਨ ਬੜਾ ਤੰਗ ਕਰਦੇ ਨੇ ਜੀ। ਉਹ ਭਾਵੇਂ ਕੋਆਪਰੇਟਿਵ ਵੀ ਹੋਣ, ਤੰਗ ਨਾ ਵੀ ਕਰਨਾ ਚਾਹੁਣ, ਉਹਨਾਂ ਦੀਆਂ ਆਪਣੀਆਂ ਡੇਟਾਂ ਦੀਆਂ, ਵਕਤ ਦੀਆਂ ਮਜਬੂਰੀਆਂ ਹੁੰਦੀਆਂ ਨੇ। ਫ਼ਿਲਮਾਂ ਬਹੁਤੀਆਂ ਫੜ ਬੈਠਦੇ ਨੇ। ਹਰ ਵਕਤ ਡਰਦੇ ਰਹਿੰਦੇ ਨੇ, ਕੀ ਪਤਾ ਮਸ਼ਹੂਰੀ ਦਾ ਸੂਰਜ ਕਦੋਂ ਢਲਣ ਲੱਗੇ। ਭੱਜੇ-ਭੱਜੇ ਆਉਂਦੇ ਨੇ, ਸੀਨ ਕਰਵਾ ਕੇ ਦੂਜੇ ਸਟੂਡੀਓ ਵੱਲ ਭਜਦੇ ਨੇ। ਇਸ ਕਰਕੇ ਜਦੋਂ ਕਦੀ ਕਾਬੂ ਆ ਜਾਣ, ਉਹਨਾਂ ਦੇ ਜਿੰਨੇ ਸੀਨ ਹੋ ਸਕਣ, ਮੁਕਾ ਛੱਡੀਂਦੇ ਨੇ। ਕਿੱਸਾ-ਕੋਤਾਹ, ਕਈ ਵਾਰ ਤਾਂ ਫ਼ਿਲਮ ਦੀ ਮਹੂਰਤ ਅੰਤਲੇ ਸੀਨ ਨਾਲ ਹੁੰਦੀ ਹੈ, ਬਾਕੀ ਸਾਰੀ ਫ਼ਿਲਮ ਬਾਅਦ ਵਿਚ ਬਣਦੀ ਹੈ।'

ਸੋਢੀ ਹੱਸਿਆ, 'ਜਗਦੀਪ ਜੀ, ਇਹ ਫ਼ਿਲਮੀ ਦੁਨੀਆ ਉਲਟੀ ਦੁਨੀਆ ਹੈ, ਸਿਰ-ਭਾਰ ਖੜ੍ਹੀ ਦੁਨੀਆ। ਹੁਣ ਵਾਹ ਪਵੇਗਾ ਤਾਂ ਜਾਣ ਜਾਉਗੇ।'

ਚੋਪੜਾ ਜੀ ਸੋਢੀ ਦੀ ਗੱਲ ਤੋਂ ਹੱਸੇ, 'ਚਲੋ ਸੋਢੀ ਭਾਈ, ਆਪਣਾ ਪੇਟ ਆਪ ਹੀ ਕਿਉਂ ਨੰਗਾ ਕਰਨਾ ਹੋਇਆ!... ਹਾਂ, ਜਗਦੀਪ ਜੀ, ਸਾਡੀ ਮਿਊਜ਼ਿਕ ਯੂਨਿਟ ਨੂੰ ਆਖ ਕੇ ਪਹਿਲਾਂ ਮੈਂ ਤੁਹਾਡੇ ਤਿੰਨ-ਚਾਰ ਗੀਤ-ਗ਼ਜ਼ਲਾਂ ਹਿੰਦੀ ਵਿਚ ਕਰਵਾ ਲੈਂਦਾ ਹਾਂ। ਉਹ ਅਜਿਹੇ ਕੰਮ ਦਾ ਮਾਹਿਰ ਕੋਈ ਬੰਦਾ ਆਪੇ ਲੱਭ ਲੈਣਗੇ। ਤੁਸੀਂ ਫ਼ਿਕਰ ਨਾ ਕਰੋ, ਇਹ ਉਹਨਾਂ ਦਾ ਕੰਮ ਹੈ, ਉਹ ਬਾਖ਼ੂਬੀ ਕਰਨਗੇ।' ਉਹਨਾਂ ਨੇ ਡਾਇਰੀ ਖੋਲ੍ਹੀ, 'ਅਗਲੇ ਐਤਵਾਰ ਅਸੀਂ ਸ਼ੂਟਿੰਗ ਵਾਸਤੇ ਸਾਊਥ ਵੱਲ ਨਿੱਕਲ ਰਹੇ ਹਾਂ। ਮੈਂ ਕਹਾਂਗਾ, ਹਿੰਦੀ ਦਾ ਕੰਮ ਵੀਰਵਾਰ ਮੇਰੇ ਮੇਜ਼ ਉੱਤੇ ਪਹੁੰਚ ਜਾਵੇ। ਫੇਰ ਆਪਾਂ ਸ਼ੁੱਕਰਵਾਰ ਗਿਆਰਾਂ ਬਜੇ ਮਿਲਦੇ ਹਾਂ। ਹਾਂ, ਹੁਣ ਸੋਢੀ ਜੀ ਨੂੰ ਖੇਚਲ ਦੇਣ ਦੀ ਜ਼ਰੂਰਤ ਨਹੀਂ। ਇਹ ਤਾਂ ਇਹਨਾਂ ਦਾ ਵਡੱਪਨ ਹੈ ਕਿ ਸਾਡੇ ਦਫ਼ਤਰ ਤਸ਼ਰੀਫ਼ ਲਿਆਏ ਨੇ ਤੇ ਖੁੱਲ੍ਹਾ ਸਮਾਂ ਲੈ ਕੇ ਆਏ ਨੇ, ਵਰਨਾ ਇਥੇ ਕਿਸੇ ਨੂੰ ਕਿਸੇ ਆਪਣੇ ਵਾਸਤੇ ਵੀ ਵਿਹਲ ਕਿਥੇ! ਇਹ ਤਾਂ ਹਮੇਸ਼ਾ ਤੋਂ ਸਾਡੇ ਮਿਹਰਬਾਨ ਰਹੇ ਨੇ!'

'ਸਸਤਾ ਹੀ ਮਿਲਿਆ ਲਗਦਾ ਹੈ। ਕੀ ਭਾਅ ਮਿਲਿਆ?' ਸੋਢੀ ਨੇ ਅਚਾਨਕ ਪੁੱਛਿਆ।

ਉਹਦਾ ਟਿੱਚਰੀ ਸੁਭਾਅ ਜਾਣਦੇ ਹੋਣ ਦੇ ਬਾਵਜੂਦ ਚੋਪੜਾ ਜੀ ਸਮਝ ਨਾ ਸਕੇ। ਉਹ ਆਲੇ-ਦੁਆਲੇ ਦੇਖ ਕੇ ਬੋਲੇ, 'ਕੀ?'

'ਮੱਖਣ!'

ਚੋਪੜਾ ਜੀ ਦਾ ਬੇਰੋਕ ਹਾਸਾ ਛੁੱਟ ਪਿਆ। ਨਾਲ ਹੀ ਸਾਰੇ ਹੱਸ ਪਏ। ਉਹ ਖੜ੍ਹੇ ਹੋ ਕੇ ਹੱਥ ਮਿਲਾਉਂਦਿਆਂ ਬੋਲੇ, 'ਤੁਹਾਡੀ ਇਸੇ ਸੁਹਿਰਦਤਾ, ਇਸੇ ਅਪਣੱਤ ਨੇ ਸਾਨੂੰ ਮੁਰੀਦ ਬਣਾ ਛੱਡਿਆ ਹੈ। ਮੈਂ ਤਾਂ ਜਗਦੀਪ ਜੀ ਦਾ ਸ਼ੁਕਰੀਆ ਕਰਾਂਗਾ ਜਿਨ੍ਹਾਂ ਸਦਕਾ ਤੁਸੀਂ ਸਾਨੂੰ ਅੱਜ ਏਨਾ ਵਕਤ ਦੇ ਦਿੱਤਾ।' ਉਹ ਜਜ਼ਬਾਤੀ ਹੋ ਗਏ ਤੇ ਸੋਢੀ ਦਾ ਹੱਥ ਦੁਬਾਰਾ ਫੜ ਲਿਆ, 'ਸੋਢੀ, ਮੇਰੇ ਭਾਈ, ਅਸੀਂ ਕਿਸ ਨਿਕੰਮੇ ਕਿੱਤੇ ਵਿਚ ਪੈ ਗਏ, ਆਪਣਿਆਂ ਲਈ ਵੀ ਸਮਾਂ ਨਹੀਂ। ਦੱਸੋ, ਅੱਜ ਆਪਾਂ ਕਿੰਨੀਆਂ ਮੁੱਦਤਾਂ ਬਾਅਦ ਮਿਲੇ ਹਾਂ। ਕਦੇ ਗ਼ੈਰ-ਫ਼ਿਲਮੀ ਬੰਦੇ ਬਣ ਕੇ ਵੀ ਮਿਲਿਆ ਕਰੀਏ। ਮੈਂ ਵਾਪਸ ਆ ਜਾਵਾਂ, ਮਿਲਦੇ ਹਾਂ, ਫ਼ਿਲਮੀਆਂ ਵਾਂਗ ਨਹੀਂ, ਭਰਾਵਾਂ ਵਾਂਗ। ਹਾਂ, ਇਕ ਗੱਲ ਹੋਰ। ਸੋਢੀ ਜੀ, ਪਲੀਜ਼, 'ਮੋਹੇ ਅੰਗ ਲਗਾ ਲੋ' ਦਾ ਫ਼ੈਸਲਾ ਕਰੋ। ਜਾਂ ਆਪ ਬਣਾਉ ਜਾਂ ਮੇਰੀ ਇੱਛਾ ਪੂਰੀ ਕਰੋ। ਜੇ ਤੁਸੀਂ ਇਸੇ ਦੁਬਿਧਾ ਵਿਚ ਰਹੇ, ਮੈਂ ਸੱਚਮੁੱਚ ਤੁਹਾਨੂੰ ਦੱਸੇ-ਪੁੱਛੇ ਬਿਨਾਂ ਇਸ ਕਹਾਣੀ ਦੀ ਫ਼ਿਲਮ ਬਣਾ ਲੈਣੀ ਹੈ। ਮਗਰੋਂ ਜੋ ਮਰਜ਼ੀ ਕਰਿਉ, ਜੁਰਮਾਨਾ ਕਰਵਾਇਉ, ਕੈਦ ਵਿਚ ਸੁਟਵਾਇਉ ਤੇ ਭਾਵੇਂ ਗੁੰਡਿਆਂ ਤੋਂ ਪਿਟਵਾਇਉ!'

ਸੋਢੀ ਹੱਸਿਆ, 'ਜਨਾਬ, ਗੋਲੀ ਕੀਹਦੀ ਤੇ ਗਹਿਣੇ ਕੀਹਦੇ!'

ਬੂਹੇ ਤੱਕ ਵਿਦਾਅ ਕਰਦਿਆਂ ਚੋਪੜਾ ਜੀ ਨੇ ਕਿਹਾ, 'ਨਾ ਮੈਨੂੰ ਗੋਲੀ ਚਾਹੀਦੀ ਹੈ ਤੇ ਨਾ ਗਹਿਣੇ! ਬੱਸ ਮੈਨੂੰ ਮੇਰੀ ਮਨਚਾਹੀ ਕਹਾਣੀ ਦੇ ਦਿਉ!'

* * *

ਸਮੁੰਦਰ ਕਿਨਾਰੇ ਦਿਨ ਚੜ੍ਹਾਉਣ ਦੀ ਸੋਚ ਕੇ ਅਗਲੀ ਸਵੇਰ ਜਗਦੀਪ ਤੇ ਚਰਨਜੀਤ ਸੁਵਖ਼ਤੇ ਹੀ ਜਾਗ ਪਏ। ਅੱਗੇ ਵਧਦੇ, ਪਿੱਛੇ ਹਟਦੇ ਪਾਣੀ ਦੇ ਨਾਲ-ਨਾਲ ਉਹ ਕਿੰਨੀ ਹੀ ਦੂਰ ਤੁਰਦੇ ਗਏ। ਸੁਹਣੀ ਜਿਹੀ ਥਾਂ ਦੇਖ ਕੇ ਜਗਦੀਪ ਕਹਿੰਦੀ, ਬੈਠ ਜਾਈਏ। ਚਰਨਜੀਤ ਦੀ ਇੱਛਾ ਸੀ, ਹੋਰ ਅੱਗੇ ਤੱਕ ਚਲਦੇ ਹਾਂ। ਜਗਦੀਪ 'ਅੱਛਾ ਤੂੰ ਅੱਗੇ ਹੋ ਆ, ਮੈਂ ਇਥੇ ਬੈਠਦੀ ਹਾਂ' ਆਖ ਕੇ ਸਿੱਲ੍ਹੇ ਬਰੇਤੇ ਉੱਤੇ ਬੈਠ ਗਈ। ਸਮੁੰਦਰ ਸ਼ਾਂਤ ਸੀ। ਲਹਿਰਾਂ ਕਿਸੇ ਕਾਹਲੀ ਤੋਂ ਬਿਨਾਂ ਇਕ ਦੂਜੀ ਦਾ ਪਿੱਛਾ ਕਰ ਰਹੀਆਂ ਸਨ। ਜਗਦੀਪ ਦੂਰ ਕਿਸੇ ਲਹਿਰ ਉੱਤੇ ਨਜ਼ਰ ਟਿਕਾਉਂਦੀ ਤੇ ਟਿਕਾਈ ਰਖਦੀ। ਕਦਮ-ਕਦਮ ਉਹ ਲਹਿਰ ਵਧਦੀ ਆਉਂਦੀ, ਵਧਦੀ ਆਉਂਦੀ ਤੇ ਆਖ਼ਰ ਸਫ਼ਰ ਮੁਕਾ ਕੇ ਸਾਹਿਲ ਨੂੰ ਚੁੰਮ ਆਪਣੀ ਮੰਜ਼ਿਲ ਪਾ ਲੈਂਦੀ।

ਜਗਦੀਪ ਦੀਆਂ ਇੱਛਾਵਾਂ ਤੇ ਵਿਉਂਤਾਂ ਇਹਨਾਂ ਲਹਿਰਾਂ ਵਾਂਗ ਜਾਗ ਪਈਆਂ ਤੇ ਇਕ-ਇਕ ਕਰ ਕੇ ਮੰਜ਼ਿਲ ਨੂੰ ਪਛਾਨਣ ਲੱਗੀਆਂ। ਜੇ ਹਿੰਦੀ ਵਿਚ ਹੋ ਕੇ ਆਏ ਗ਼ਜ਼ਲ ਤੇ ਗੀਤ ਚੋਪੜਾ ਜੀ ਨੂੰ ਤੇ ਉਹਨਾਂ ਦੇ ਸੰਗੀਤਕਾਰ ਨੂੰ ਪਸੰਦ ਆ ਜਾਣ, ਇਹ ਕੰਮ ਤਾਂ ਮੁੱਕੇ। ਉਹ ਹੋਰ ਗੀਤ-ਗ਼ਜ਼ਲਾਂ ਉਹਨਾਂ ਨੂੰ ਸੌਂਪ ਕੇ ਮੁਕਤ ਹੋਵੇਗੀ, ਆਪੇ ਸੰਗੀਤਕਾਰ ਦੀਆਂ ਧੁਨਾਂ ਵਿਚ ਢਲਦੀਆਂ ਰਹਿਣਗੀਆਂ। ਹੱਥਲੀ ਫ਼ਿਲਮ ਦੀ ਸ਼ੂਟਿੰਗ ਤਾਂ ਉਹ ਸਾਊਥ ਵਾਲੇ ਇਸ ਸ਼ਡਿਊਲ ਦੇ ਨਾਲ ਹੀ ਮੁਕੰਮਲ ਹੋ ਜਾਣੀ ਦਸਦੇ ਸਨ। ਵੱਡਾ ਪ੍ਰੋਡਕਸ਼ਨ ਹਾਊਸ ਹੈ, ਇਹਨਾਂ ਦੀਆਂ ਫ਼ਿਲਮਾਂ ਤਾਂ ਦਹਾਕਿਆਂ ਤੋਂ ਲਹਿਰਾਂ ਵਾਂਗ ਅਟੁੱਟ ਲੜੀ ਵਿਚ ਅੱਗੜ-ਪਿੱਛੜ ਆਉਂਦੀਆਂ ਹੀ ਰਹਿੰਦੀਆਂ ਨੇ। ਇਹਦੇ ਮੁਕਦਿਆਂ ਹੀ ਅਗਲੀ ਨੇ ਸ਼ੁਰੂ ਹੋ ਜਾਣਾ ਹੈ। ਅਚਾਨਕ ਉਹਦੇ ਕੰਨਾਂ ਵਿਚ ਆਵਾਜ਼ ਗੂੰਜੀ, ਅਬ ਆਪ ਨੌਸ਼ਾਦ ਕੀ ਧੁਨ ਪਰ ਲਤਾ ਮੰਗੇਸ਼ਕਰ ਕਾ ਗਾਇਆ ਔਰ ਜਗਦੀਪ ਕੀ ਜਾਦੂਗਰ ਕਲਮ ਕਾ ਲਿਖਾ ਹੂਆ ਗੀਤ ਸੁਨੀਏ। ਇਸ ਜਾਗਦੇ ਸੁਪਨੇ ਸਮੇਂ ਉਹਦੀ ਨਜ਼ਰ ਜਿਸ ਲਹਿਰ ਉੱਤੇ ਟਿਕੀ ਹੋਈ ਸੀ, ਗੀਤ ਦੀ ਧੁਨ ਸ਼ੁਰੂ ਹੋਣ ਦੇ ਨਾਲ ਹੀ ਉਹ ਸਾਹਿਲ ਨੂੰ ਪਰਾਪਤ ਕਰ ਕੇ ਧੰਨ ਹੋ ਗਈ।

ਉਹਦੀ ਨਜ਼ਰ ਇਕ ਹੋਰ ਲਹਿਰ ਉੱਤੇ ਟਿਕ ਗਈ। ਚੋਪੜਾ ਜੀ ਫ਼ਿਲਮ ਬਣਾਉਣ ਵਾਸਤੇ ਸੋਢੀ ਦੀ 'ਮੋਹੇ ਅੰਗ ਲਗਾ ਲੋ' ਮੰਗ ਰਹੇ ਸਨ ਜੋ, ਲਗਦਾ ਹੈ, ਉਹ ਦੇਣ ਵਾਸਤੇ ਤਿਆਰ ਨਹੀਂ ਸਨ। ਵਾਪਸ ਆਉਂਦਿਆਂ ਕਾਰ ਵਿਚ ਜਗਦੀਪ ਨੇ ਕਿਹਾ ਸੀ, 'ਸੋਢੀ ਜੀ, 'ਮੋਹੇ ਅੰਗ ਲਗਾ ਲੋ' ਵਰਗੀ ਖ਼ੂਬਸੂਰਤ ਕਹਾਣੀ ਨੂੰ ਚੋਪੜਾ ਜੀ ਵਰਗਾ ਫ਼ਿਲਮਸਾਜ਼ ਫ਼ਿਲਮ ਦਾ ਰੂਪ ਦੇਵੇ, ਕਮਾਲ ਹੀ ਹੋ ਜਾਵੇ। ਉਹ ਏਨੇ ਉਤਾਵਲੇ ਨੇ, ਤੁਸੀਂ ਦੇ ਕਿਉਂ ਨਹੀਂ ਦਿੰਦੇ?'

ਸੋਢੀ ਹੱਸਿਆ ਸੀ, 'ਜਗਦੀਪ, ਤੂੰ ਤਾਂ ਅਜੇ ਇਸ ਦੁਨੀਆ ਵਿਚ ਪੈਰ ਵੀ ਨਹੀਂ ਰੱਖਿਆ। ਤੁਸੀਂ ਦੋਵੇਂ ਤਾਂ ਇਸ ਤਮਾਸ਼ੇ ਦੇ ਦੂਰ ਖਲੋਤੇ ਦਰਸ਼ਕ ਹੋ। ਇਸ ਦੀ ਸਮਝ ਤੈਨੂੰ ਹੌਲੀ-ਹੌਲੀ ਹੀ ਆਵੇਗੀ। ਬੜੀ ਅਜੀਬ ਦੁਨੀਆ ਹੈ ਇਹ, ਗੋਰਖਧੰਦਾ ਵੀ ਤੇ ਬੇਕਿਰਕ ਵੀ। ਗਲ-ਕੱਟ ਮੁਕਾਬਲੇਬਾਜ਼ ਦੁਨੀਆ ਹੈ ਇਹ! ਇਕ ਤਾਂ 'ਮੋਹੇ ਅੰਗ ਲਗਾ ਲੋ' ਦੀ ਫ਼ਿਲਮ ਮੈਂ ਆਪ ਬਣਾਉਣੀ ਚਾਹੁੰਦਾ ਹਾਂ। ਮੇਰੀ ਚਾਹਨਾ ਹੈ, ਆਪਣੀਆਂ ਕੁਛ ਕਹਾਣੀਆਂ ਦੀਆਂ ਫ਼ਿਲਮਾਂ ਆਪਣੀ ਇੱਛਾ ਤੇ ਰੀਝ ਅਨੁਸਾਰ ਬਣਾਵਾਂ। ਹੋਰ ਲੋਕ ਉਹਨਾਂ ਵਿਚ ਵਪਾਰਕ ਨਜ਼ਰੀਏ ਤੋਂ ਤਬਦੀਲੀਆਂ ਕਰ ਦਿੰਦੇ ਨੇ। ਕਰਦੇ ਭਾਵੇਂ ਮੈਨੂੰ ਪੁੱਛ ਕੇ ਹੀ ਨੇ ਪਰ ਦਿਲੋਂ ਬੁਰਾ ਲਗਦਾ ਹੈ। ਮੈਂ ਸਮਝਦਾ ਹਾਂ, ਸ਼ੁਰੂਆਤ ਕਰਨ ਲਈ 'ਮੋਹੇ ਅੰਗ ਲਗਾ ਲੋ' ਵਧੀਆ ਰਹੇਗੀ। ਜਗਦੀਪ ਜੀ, ਇਕ ਭੇਤ ਹੋਰ ਵੀ ਹੈ। ਬਹੁਤ ਸਫ਼ਲ ਫ਼ਿਲਮ ਦਾ ਮਸਾਲਾ ਹੋਣ ਕਰਕੇ ਛਪਦਿਆਂ ਹੀ ਕਈਆਂ ਦੀ ਨਜ਼ਰ ਚੜ੍ਹ ਗਈ। ਇਥੇ ਇਹ ਹੁੰਦਾ ਹੈ, ਲੇਖਕ ਨੂੰ ਕੁਛ ਪੈਸੇ ਪੇਸ਼ਗੀ ਦੇ ਕੇ ਕਹਾਣੀ ਖ਼ਰੀਦ ਲਵੋ। ਜਦੋਂ ਬਣਾਉਣੀ ਹੋਈ, ਦੇਖਾਂਗੇ, ਪਰ ਕੋਈ ਹੋਰ ਤਾਂ ਨਾ ਬਣਾ ਸਕੇਗਾ। ਇਸ ਨਗਰੀ ਵਿਚ ਇਹਨੂੰ ਕਹਾਣੀ ਦੀ ਫ਼ਿਲਮ ਬਣਾਉਣਾ ਨਹੀਂ ਕਹਿੰਦੇ, ਕਹਾਣੀ ਬਲੌਕ ਕਰਨਾ ਕਹਿੰਦੇ ਨੇ! ਭਾਵੇਂ ਚੋਪੜਾ ਜੀ ਨੇਕ ਬੰਦੇ ਨੇ, ਮਿਥ ਕੇ ਅਜਿਹਾ ਨਹੀਂ ਕਰਨਗੇ ਪਰ ਇਸ ਦੁਨੀਆ ਦੀਆਂ ਆਪਣੀਆਂ ਮਜਬੂਰੀਆਂ ਵੀ ਨੇ ਜੋ ਚੰਗਿਆਂ-ਚੰਗਿਆਂ ਦੀ ਪੇਸ਼ ਨਹੀਂ ਜਾਣ ਦਿੰਦੀਆਂ।'

'ਸਾਨੂੰ ਫ਼ਿਲਮਾਂ ਤੋਂ ਬਾਹਰਲੇ ਲੋਕਾਂ ਨੂੰ ਤਾਂ ਇਹਨਾਂ ਦਾ ਪਤਾ ਹੀ ਨਹੀਂ, ਬੜੀਆਂ ਅਜੀਬ ਗੱਲਾਂ ਨੇ ਇਹ!' ਜਗਦੀਪ ਹੈਰਾਨ ਹੋਈ।

'ਪਰ ਸੋਢੀ ਜੀ', ਚਰਨਜੀਤ ਦੇ ਮਨ ਵਿਚ ਸਵਾਲ ਜਾਗਿਆ, 'ਕਹਾਣੀ, ਸਕਰੀਨਪਲੇਅ, ਡਾਇਆਲਾਗ, ਗੀਤ-ਗ਼ਜ਼ਲਾਂ...ਫ਼ਿਲਮ ਦਾ ਪੂਰੇ ਦਾ ਪੂਰਾ ਸਟਰਕਚਰ ਤਾਂ ਸਾਹਿਤ ਉੱਤੇ ਹੀ ਖੜ੍ਹਾ ਹੁੰਦਾ ਹੈ?'

'ਬਿਲਕੁਲ ਠੀਕ ਕਿਹਾ ਤੁਸੀਂ। ਪਰ ਵਚਿੱਤਰ ਸੱਚ ਇਹ ਹੈ ਕਿ ਇਸ ਸਭ ਕੁਛ ਨੂੰ ਲੈ ਕੇ ਬੁਣੀ ਹੋਈ ਹੋਣ ਦੇ ਬਾਵਜੂਦ ਫ਼ਿਲਮ ਦੀ ਦੁਨੀਆ ਸਾਹਿਤ ਦੀ ਦੁਨੀਆ ਤੋਂ ਬਿਲਕੁਲ ਵੱਖਰੀ ਹੈ। ਜ਼ਰੂਰੀ ਨਹੀਂ, ਕਾਮਯਾਬ ਸਾਹਿਤਕ ਰਚਨਾ ਤੋਂ ਬਣੀ ਫ਼ਿਲਮ ਵੀ ਕਾਮਯਾਬ ਹੀ ਹੋਵੇ। ਅਨੇਕ ਬਹੁਤ ਖ਼ੂਬਸੂਰਤ ਕਹਾਣੀਆਂ ਪਰਦੇ ਉੱਤੇ ਠੁੱਸ ਹੋ ਜਾਂਦੀਆਂ ਨੇ। ਇਕ ਬਹੁਤ ਵੱਡਾ ਫ਼ਰਕ ਹੋਰ ਹੈ। ਲਿਖਣ ਸਮੇਂ ਪਾਠਕ ਲੇਖਕ ਦੀ ਨਜ਼ਰ ਵਿਚ ਨਹੀਂ ਹੁੰਦਾ, ਉਸਦੀ ਲਿਖਤ ਨੂੰ ਪ੍ਰਭਾਵਿਤ ਨਹੀਂ ਕਰਦਾ। ਫ਼ਿਲਮਸਾਜ਼ ਦੇ ਕਹਾਣੀ ਚੁਣਨ ਤੋਂ ਲੈ ਕੇ ਫ਼ਿਲਮ ਰੀਲੀਜ਼ ਹੋਣ ਤੱਕ ਦੇ ਪੂਰੇ ਸਫ਼ਰ ਵਿਚ ਦਰਸ਼ਕ ਉਹਦੇ ਮੋਢਿਆਂ ਉੱਤੇ ਸਵਾਰ ਰਹਿੰਦਾ ਹੈ।' ਸੋਢੀ ਨੇ ਆਪਣੀ ਗੱਲ ਜਾਰੀ ਰੱਖੀ, 'ਕਿਤਾਬ ਛਪ ਗਈ, ਲੇਖਕ ਦਾ ਮਨੋਰਥ ਪੂਰਾ ਹੋਇਆ। ਪਾਠਕ ਖਰੀਦ ਕੇ ਪੂਰੀ ਪੜ੍ਹੇ ਜਾਂ ਨਾ ਪੜ੍ਹੇ, ਪਸੰਦ ਕਰੇ ਜਾਂ ਰੱਦੀ ਵਿਚ ਵੇਚੇ, ਲੇਖਕ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਕਿਉਂਕਿ ਪਾਠਕ ਦੀ ਗੱਲ ਦਾ ਮੂੰਹੋਂ-ਮੂੰਹ ਅਸਰ ਕੋਈ ਬਹੁਤੀ ਦੂਰ ਤੱਕ ਨਹੀਂ ਜਾਂਦਾ। ਫ਼ਿਲਮਾਂ ਦੀ ਗੱਲ ਬਿਲਕੁਲ ਉਲਟੀ ਹੈ। ਫ਼ਿਲਮ ਦੀ ਕਾਮਯਾਬੀ ਦਾ ਦਾਰੋਮਦਾਰ ਸਭ ਤੋਂ ਸਸਤੀ ਟਿਕਟ ਵਾਲੇ ਦਰਸ਼ਕ ਉੱਤੇ ਹੁੰਦਾ ਹੈ। ਜੇ ਉਹ 'ਕਿਆ ਬਕਵਾਸ ਬਨਾਈ ਹੈ ਸਾਲੋਂ ਨੇ' ਕਹਿੰਦਾ ਸਿਨਮੇ ਦੇ ਬੂਹਿਉਂ ਬਾਹਰ ਨਿੱਕਲੇ, ਸਮਝੋ ਸੱਤਿਆਨਾਸ! ਤੇ ਜੇ, ਰੱਬ ਨਾ ਕਰੇ, ਉਹ ਫ਼ਿਲਮ ਦੇ ਵਿਚਾਲਿਉਂ ਉੱਠ ਕੇ ਆ ਜਾਵੇ, ਸਮਝੋ, ਸਵਾ ਸੱਤਿਆਨਾਸ!'

'ਤੇ ਸਿਆਣੇ ਦਰਸ਼ਕ? ਅਖ਼ਬਾਰਾਂ ਵਿਚ ਵਡਿਆਈ ਕਰਨ ਵਾਲੇ ਕਰਿਟਿਕ?' ਜਗਦੀਪ ਨੇ ਪੁੱਛਿਆ।

'ਸਿਆਣੇ ਦਰਸ਼ਕ ਚੁੱਪਚਾਪ ਘਰ ਚਲੇ ਜਾਂਦੇ ਨੇ ਤੇ ਅਖ਼ਬਾਰਾਂ ਦੀਆਂ ਗੱਲਾਂ ਤਾਂ ਵੈਸੇ ਹੀ ਅਖ਼ਬਾਰੀ ਹੁੰਦੀਆਂ ਨੇ। ਸਭ ਜਾਣਦੇ ਨੇ, ਪੈਸੇ ਦੇ ਕੇ ਜੋ ਮਰਜ਼ੀ ਲਿਖਵਾ ਲਵੋ, ਫੇਰ ਉਹਨਾਂ ਦੇ ਲਿਖੇ ਦੀ ਕੀ ਅਹਿਮੀਅਤ ਰਹਿ ਜਾਂਦੀ ਹੈ। ਸਾਹਿਤ ਦਾ ਕਰਿਟੀਸਿਜ਼ਮ ਵੀ ਤਾਂ ਆਮ ਕਰਕੇ ਦਾਰੂ ਪੀ ਕੇ ਹੀ ਕੀਤਾ ਜਾਂਦਾ ਹੈ। ਚੰਗੀ ਰਾਇ ਪੜ੍ਹ ਕੇ ਕਿੰਨੇ ਕੁ ਪਾਠਕ ਕਿਤਾਬ ਖਰੀਦਦੇ ਨੇ? ਮੁਸ਼ਕਲ ਨਾਲ ਦਸ-ਵੀਹ ਦਾ ਫ਼ਰਕ ਪੈਂਦਾ ਹੋਵੇਗਾ। ਮੇਰੀ 'ਆਹਟ' ਵਧੀਆ ਕਹਾਣੀ ਸੀ, ਉਸ ਨਾਲੋਂ ਵੀ ਵਧੀਆ ਫ਼ਿਲਮ ਬਣੀ। ਮੈਂ ਪੂਰਾ ਜ਼ੋਰ ਲਾ ਦਿੱਤਾ। ਪਰ ਇਸ ਮੂਹਰਲੀ ਕਤਾਰ ਵਾਲੇ ਦਰਸ਼ਕ ਕਾਰਨ ਪਿਟ ਗਈ। ਫ਼ਾਈਨੈਂਸਰ ਨੂੰ ਵਿਆਜ ਦੀਆਂ ਕਿਸਤਾਂ ਭਰ ਰਿਹਾ ਹਾਂ, ਮੂਲ ਕਦੋਂ ਤੇ ਕਿਵੇਂ ਮੁੜੇਗਾ, ਪਤਾ ਨਹੀਂ! ਕਾਰੋਬਾਰੀ ਨਜ਼ਰੀਏ ਤੋਂ ਮੈਂ ਜੇ ਪੂਰਾ ਬਰਬਾਦ ਨਹੀਂ, ਨੀਮ ਬਰਬਾਦ ਤਾਂ ਹੋ ਹੀ ਗਿਆ! ਇਸ ਕਰਕੇ ਇਸ ਦੁਨੀਆ ਵਿਚ ਵੱਡੇ ਤੋਂ ਵੱਡਾ ਫੰਨੇਖਾਂ ਪ੍ਰੋਡਿਊਸਰ, ਡਾਇਰੈਕਟਰ ਵੀ ਸੌ ਵਾਰ ਸੋਚ ਕੇ ਕੋਈ ਕਦਮ ਚੁਕਦਾ ਹੈ।' ਸੋਢੀ ਨੂੰ ਖ਼ਿਆਲ ਆਇਆ, ਕਿਤੇ ਇਹ ਅਜਿਹਾ ਨਾ ਸੋਚਣ, ਮੈਂ ਇਹਨਾਂ ਨੂੰ ਡਿਸਕਰਿੱਜ ਕਰ ਰਿਹਾ ਹਾਂ, 'ਪਰ ਇਹਦਾ ਇਹ ਮਤਲਬ ਵੀ ਨਹੀਂ, ਚੰਗੇ ਸਾਹਿਤ ਦੇ ਪਾਰਖੂ ਜੌਹਰੀਆਂ ਦਾ ਇਥੇ ਕੋਈ ਵਜੂਦ ਹੀ ਨਹੀਂ। ਬਥੇਰੇ ਪਾਰਖੂ ਹੈਗੇ ਨੇ, ਚੰਗੀ ਰਚਨਾ ਦੇ ਕਦਰਦਾਨ।'

###


## ਸੁਖ਼ਨਵਰ ਜਿਓਣ ਮਰ ਕੇ ਵੀ...

# 'ਲੋਹ ਪੁਰਸ਼' ਅਮੋਲਕ ਸਿੰਘ ਜੰਮੂ ਨੂੰ ਜਨਮ ਦਿਨ 'ਤੇ ਯਾਦ ਕਰਦਿਆਂ...

ਪੰਜਾਬੀ ਪੱਤਰਕਾਰੀ ਅਤੇ ਸਾਹਿਤ ਦੇ ਖੇਤਰ ਵਿਚ ਅਮੋਲਕ ਸਿੰਘ ਜੰਮੂ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ 'ਕੁੱਤੇਵੱਢ' ਦੇ ਜੰਮਪਲ, 'ਪੰਜਾਬ ਟਾਈਮਜ਼' ਦੇ ਬਾਨੀ ਦੀ ਗੱਲ ਅਗਾਂਹ ਤੋਰਨ ਤੋਂ ਪਹਿਲਾਂ, ਪੰਜਾਬ ਦੇ ਸਿਰਮੌਰ ਸਾਹਿਤਕਾਰ ਗੁਰਭਜਨ ਗਿੱਲ ਦੀਆਂ ਕੁਝ ਖ਼ੂਬਸੂਰਤ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਬਣਦੀਆਂ ਹਨ... ਜੋ ਉਸ ਨੇ ਅਮੋਲਕ ਜੰਮੂ ਨੂੰ ਸਮਰਪਿਤ ਕੀਤੀਆਂ ਹਨ...

ਮਨ ਵਿਹੜੇ ਵਿਚ ਮਰੂਆ ਮਹਿਕੇ,
ਬੂਹੇ ਖਿੜੀ ਚੰਬੇਲੀ ਜੀਕਣ।
ਜਗ ਮਗ ਜਗ ਮਗ
ਹਿੰਮਤੀ, ਕਣ ਕਣ।
ਯਾਰ ਅਮੋਲਕ,
ਤੇਰੇ ਰਾਹੀਂ,
ਹਿੰਮਤ ਨੂੰ ਮੈਂ ਅੱਖੀ ਡਿੱਠਾ
ਕੌਣ ਆਖਦੈ?
'ਲੋਹੇ ਦਾ ਬੰਦਾ' ਨਹੀਂ ਹੁੰਦਾ।

ਸੂਝਵਾਨ ਪਾਠਕ ਜਾਣਦੇ ਹਨ ਕਿ ਲੋਹ ਪੁਰਸ਼ ਅਤੇ ਪੁਰਸ਼ ਵਿਚ ਕਾਫੀ ਅੰਤਰ ਹੁੰਦਾ ਹੈ। ਬੰਦਿਆਂ ਨਾਲ ਭਰੇ ਇਸ ਜਹਾਨ ਵਿਚ ਸਿਰਫ਼ ਮੁੱਠੀ ਭਰ ਇਨਸਾਨ ਯਾਦਗਾਰੀ ਮਿਸਾਲ ਬਣਦੇ ਹਨ। ਅਮੋਲਕ ਸਿੰਘ ਜੰਮੂ ਵਰਗੀ ਸਿਰਮੌਰ ਸ਼ਖ਼ਸੀਅਤ ਨੂੰ ਦੋ-ਚਾਰ ਲਾਈਨਾਂ ਵਿਚ ਬੰਦ ਕਰਨਾ ਉਸ ਨਾਲ ਇਨਸਾਫ ਨਹੀਂ ਹੋਵੇਗਾ। ਕੁੱਜਿਆਂ ਵਿਚ ਸਮੁੰਦਰ ਬੰਦ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਨਹੀਂ ਹੁੰਦੇ ਤੇ ਨਾ ਹੀ ਅਮੋਲਕ ਜੰਮੂ ਵਰਗੇ ਵਿਸ਼ਾਲ ਦਿਲ ਵਾਲੇ ਦਿਲਦਾਰ ਹੀ। 1978 ਤੋਂ 'ਪੰਜਾਬੀ ਟ੍ਰਿਬਿਊਨ' ਵਿਚ ਪੱਤਰਕਾਰੀ ਦਾ ਲੰਮਾ ਕੈਰੀਅਰ ਸ਼ੁਰੂ ਕਰਨ ਵਾਲੇ ਅਮੋਲਕ ਸਿੰਘ ਜੰਮੂ, ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਅਤੇ ਪੱਤਰਕਾਰੀ ਦੇ ਪੋਸਟ ਗਰੈਜੂਏਟ ਸਨ।

ਪੰਜਾਬੀ ਅਖ਼ਬਾਰ ਦੀ ਸ਼ੁਰੂਆਤ ਕਰਨਾ ਅਤੇ ਉਹ ਵੀ ਪਰਦੇਸ ਵਿਚ ਕੋਈ ਸੌਖਾ ਕਾਰਜ ਨਹੀਂ ਹੈ। ਸਿਰੜੀ, ਹਿੰਮਤੀ ਅਤੇ ਦੂਰਦਰਸ਼ੀ ਸੋਚ ਦੇ ਮਾਲਕ ਅਮੋਲਕ ਜੰਮੂ ਨੇ ਢਾਈ ਕੁ ਦਹਾਕੇ ਪਹਿਲਾਂ ਲਏ 'ਪੰਜਾਬ ਟਾਈਮਜ਼' ਦੇ ਸੁਪਨੇ ਨੂੰ ਸਿਰਫ਼ ਰੂਹ ਨਾਲ ਸਾਕਾਰ ਹੀ ਨਹੀਂ ਕੀਤਾ, ਬਲਕਿ, ਬੁਲੰਦੀਆਂ ਤੱਕ ਵੀ ਪਹੁੰਚਾਇਆ। ਇਹ ਪੇਪਰ ਲੇਖਕਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੀ ਰੂਹ ਦੀ ਖ਼ੁਰਾਕ ਹੈ।

'ਬੋਲਦੇ ਅੱਖਰਾਂ' ਵਾਲਾ 'ਪੰਜਾਬ ਟਾਈਮਜ਼' ਮਹਿਜ਼ ਇੱਕ ਅਖ਼ਬਾਰ ਹੀ ਨਹੀਂ, ਸਗੋਂ, ਪਾਏਦਾਰ ਸਾਹਿਤਕ ਸਮੱਗਰੀ ਨਾਲ ਭਰਪੂਰ ਵਿਲੱਖਣ ਖਜ਼ਾਨਾ ਹੈ। 4 ਪੰਨਿਆਂ ਤੋਂ ਸ਼ੁਰੂ ਹੋਏ ਇਸ ਪੇਪਰ ਦਾ ਪੰਨਾ-ਪੰਨਾ ਪੜ੍ਹਨਯੋਗ ਹੁੰਦਾ ਹੈ। ਦੁਨੀਆ ਭਰ ਦੇ ਸੁਲਝੇ ਹੋਏ ਲਿਖਾਰੀ ਅਤੇ ਸਾਹਿਤ ਪ੍ਰੇਮੀ ਇਸਦਾ ਹਿੱਸਾ ਬਣਨਾ ਆਪਣਾ ਮਾਣ ਸਮਝਦੇ ਹਨ।

ਅਮੋਲਕ ਜੰਮੂ ਨੇ ਆਪਣੀ ਪੱਤਰਕਾਰੀ ਦਾ ਮੁੱਢਲਾ ਸਮਾਂ ਪੰਜਾਬੀ ਟ੍ਰਿਬਿਊਨ ਦੇ ਲੇਖੇ ਲਾਇਆ। ਇਸ ਲੇਖੇ-ਜੋਖੇ ਦੇ 12 ਸਾਲ ਪਰੂਫ ਰੀਡਰ ਤੋਂ ਸਬ-ਐਡੀਟਰ ਵਾਲੀ ਪੌੜੀ ਚੜ੍ਹਦਿਆਂ ਲੱਗ ਗਏ। ਘੱਟ ਮਿੱਠੇ ਤੇ ਬਹੁਤੇ ਕੌੜੇ ਤਜਰਬਿਆਂ, ਸੌੜੀਆਂ ਰਾਜਨੀਤਕ ਚਾਲਾਂ, ਯੂਨੀਅਨ ਦੇ ਦਬਾਓ, ਤਰੱਕੀਆਂ ਲਈ ਲੱਗੀਆਂ ਜੰਗਾਂ ਅਤੇ 'ਬਾਰਾਂ ਸਾਲ ਬਾਅਦ ਰੂੜੀ ਦੇ ਸੁਣੇ ਜਾਣ' ਦੌਰਾਨ ਉਸ ਨੇ ਐਮ. ਫਿਲ., ਲਾਅ, ਮਾਸ ਕਮਿਊਨੀਕੇਸ਼ਨ ਦੀਆਂ ਡਿਗਰੀਆਂ ਵੀ ਪੂਰੀਆਂ ਕਰ ਲਈਆਂ ਅਤੇ ਟ੍ਰਾਂਸਲੇਸ਼ਨ ਦਾ ਡਿਪਲੋਮਾ ਵੀ ਹਾਸਲ ਕਰ ਲਿਆ। ਪਲ-ਪਲ ਚੁੱਭਦੇ ਕੰਡਿਆਂ ਨੂੰ ਜਰਦੇ ਰਹੇ ਤੇ ਤਿਮਾਹੀ-ਛਿਮਾਹੀ ਖਿੜਦੇ ਅਤੇ ਮਹਿਕਦੇ ਫੁੱਲਾਂ ਦੀ ਖੁਸ਼ਬੂ ਨੂੰ ਮਾਣਦੇ ਰਹੇ। 'ਜ਼ਿੰਦਗੀ ਦੇ ਰੰਗ ਸੱਜਣਾ... ਅੱਜ ਹੋਰ ਤੇ ਕੱਲ੍ਹ ਨੂੰ ਹੋਰ' ਸੋਚਦਿਆਂ ਕਠਿਨਾਈਆਂ ਤੇ ਅਟਕਲਾਂ ਦੌਰਾਨ ਵੀ ਧੁਰ ਰੂਹ ਤੋਂ ਮੁਸਕਰਾਉਂਦੇ ਰਹੇ।

ਪੰਜਾਬੀ ਟ੍ਰਿਬਿਊਨ ਨਾਲ ਪਈ ਮੁਹੱਬਤ ਬਾਰੇ ਉਹ ਫਿਰ ਵੀ ਆਖ ਛੱਡਦੇ,... 'ਸੱਜਣ-ਮਿੱਤਰ ਅਤੇ ਪੜ੍ਹਨ ਵਾਲੇ ਅਕਸਰ ਕਹਿ ਦਿੰਦੇ ਨੇ ਕਿ 'ਪੰਜਾਬ ਟਾਈਮਜ਼' ਵਿਚੋਂ 'ਪੰਜਾਬੀ ਟ੍ਰਿਬਿਊਨ' ਵਰਗਾ ਸਾਹਿਤਕ ਰਸ ਆਉਂਦਾ ਹੈ ਤੇ ਟ੍ਰਿਬਿਊਨ ਦਾ ਝਉਲਾ ਵੀ ਪੈਂਦਾ ਹੈ...। ਮੈਂ ਕਿਵੇਂ ਸਮਝਾਵਾਂ ਉਨ੍ਹਾਂ ਸੱਜਣਾ-ਮਿੱਤਰਾਂ ਨੂੰ ਕਿ 'ਪੰਜਾਬੀ ਟ੍ਰਿਬਿਊਨ' ਤਾਂ ਮੇਰੀ ਰੂਹ ਅਤੇ ਹੱਡਾਂ ਵਿਚ ਰਚਿਆ ਹੋਇਆ ਹੈ!' ਪੰਜਾਬੀ ਟ੍ਰਿਬਿਊਨ ਵਿਚ ਬਿਤਾਇਆ ਵਕਤ ਅਤੇ ਤਜਰਬਾ 'ਪੰਜਾਬ ਟਾਈਮਜ਼' ਦਾ ਨੀਂਹ ਪੱਥਰ ਬਣ ਗਿਆ।

ਸੰਸਾਰ ਪ੍ਰਸਿੱਧ ਸਾਇੰਸਦਾਨ 'ਸਟੀਫਨ ਹਾਕਿੰਗ' ਨੂੰ ਅਮੋਲਕ ਜੀ ਆਪਣਾ ਰੋਲ ਮਾਡਲ ਮੰਨਦੇ ਸਨ। ਅਮੋਲਕ ਜੰਮੂ ਨੂੰ ਜਾਨਣ ਵਾਲੇ ਉਸ ਨੂੰ 'ਪੰਜਾਬੀਆਂ ਦਾ ਸਟੀਫਨ ਹਾਕਿੰਗ' ਆਖਦੇ ਹਨ। ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਜਿਸ ਨੇ ਦ੍ਰਿੜ ਵਿਸ਼ਵਾਸ, ਸੱਚੀ ਲਗਨ ਅਤੇ ਹਿੰਮਤ ਨਾਲ ਆਪਣੀ ਮੰਜ਼ਿਲ ਪਾਉਣ ਦੀ ਵਿਲੱਖਣ ਮਿਸਾਲ ਕਾਇਮ ਕੀਤੀ। ਸੰਘਰਸ਼ ਭਰਪੂਰ ਜੀਵਨ ਜਿਉਂਦਿਆਂ ਵੀ ਲਗਨ, ਚੜ੍ਹਦੀ ਕਲਾ ਅਤੇ ਜ਼ਿੰਦਾਦਿਲੀ ਅਮੋਲਕ ਜੰਮੂ ਜੀ ਦੀ ਰੂਹ ਅੰਦਰ ਹਮੇਸ਼ਾ ਕਾਇਮ ਰਹਿੰਦੀ ਸੀ। ਜਿਉਂਦੇ ਜੀਅ... ਪਰਬਤਾਂ ਦੀ ਹਿੱਕ ਵਿਚੋਂ ਫੁੱਟੇ ਚਸ਼ਮੇ ਵਾਂਗ ਉਹ ਖ਼ੁਦ ਦੇ ਪੈਂਡੇ ਖ਼ੁਦ ਬਣਾਉਂਦੇ ਰਹੇ ਅਤੇ ਆਪਣੀ ਤੋਰੇ ਨਿਰੰਤਰ ਵਹਿੰਦੇ ਰਹੇ...।

ਭਾਈ ਵੀਰ ਸਿੰਘ ਦੀਆਂ ਇਹ ਖ਼ੂਬਸੂਰਤ ਸਤਰਾਂ ਮੈਨੂੰ ਅਕਸਰ ਹੀ ਅਮੋਲਕ ਜੰਮੂ ਦੀ ਜ਼ਿੰਦਗੀ ਨੂੰ ਬਿਆਨ ਕਰਦੀਆਂ ਲੱਗਦੀਆਂ ਰਹਿੰਦੀਆਂ ਹਨ...

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਹ ਕਰ ਅਰਾਮ ਨਹੀਂ ਬਹਿੰਦੇ।
ਨਿਉਂ ਵਾਲੇ ਨੈਣਾਂ ਕੀ ਨੀਂਦਰ
ਓਹ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲੱਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

ਇਹ ਗੱਲ ਬਿਲਕੁਲ ਦਰੁਸਤ ਹੈ ਕਿ ਦੁਨੀਆ ਦੀ ਲੰਮੀ-ਚੌੜੀ ਭੀੜ ਵਿਚ ਉਹ ਸ਼ਖ਼ਸ ਤੁਹਾਡਾ ਆਪਣਾ ਹੀ ਹੁੰਦਾ ਹੈ ਜਿਸ ਨਾਲ ਗੱਲਬਾਤ ਕਰਦਿਆਂ ਮਨ ਦਾ ਦੁੱਖ ਘਟ ਜਾਏ.. ਅਤੇ ਖ਼ੁਸ਼ੀ ਕਈ ਗੁਣਾ ਵਧ ਜਾਏ। ਅਮੋਲਕ ਸਿੰਘ ਜੰਮੂ ਨੂੰ ਕਰੀਬ ਤੋਂ ਜਾਨਣ ਵਾਲੇ ਵੀ ਉਨ੍ਹਾਂ ਬਾਰੇ ਕੁਝ ਇੰਜ ਹੀ ਆਖਦੇ ਨੇ!! ਮੇਰਾ ਉਨ੍ਹਾਂ ਨਾਲ ਆਹਮੋ-ਸਾਹਮਣੇ ਮੇਲ ਮਿਲਾਪ ਤਾਂ ਨਾ ਹੋ ਸਕਿਆ, ਪਰ ਈ-ਮੇਲ ਰਾਹੀਂ ਗੱਲਾਂ-ਬਾਤਾਂ ਅਕਸਰ ਹੁੰਦੀਆਂ ਰਹੀਆਂ, ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ ਅਤੇ ਰਾਬਤਾ ਕਾਇਮ ਰਿਹਾ।

'ਪੰਜਾਬ ਟਾਈਮਜ਼' ਅਤੇ ਪੰਜਾਬੀ ਸਾਹਿਤ ਵਿਚ ਮੇਰੀ ਰੁਚੀ ਨੂੰ ਜਾਣਦਿਆਂ ਉਨ੍ਹਾਂ ਕਈ ਵਾਰ ਤਾਕੀਦ ਕੀਤੀ,...

'ਤੁਸੀਂ ਕੁਝ ਲਿਖ ਸਕਦੇ ਹੋ। ਜ਼ਰੂਰ ਲਿਖਿਆ ਕਰੋ! ਲਿਖ ਕੇ ਪੰਜਾਬ ਟਾਈਮਜ਼ ਨੂੰ ਭੇਜਿਆ ਵੀ ਕਰੋ!'

ਇੱਕ ਵਾਰ ਮੈਂ ਪੁੱਛ ਹੀ ਲਿਆ,...

'ਜੇ ਕੁਝ ਲਿਖਿਆ ਅਤੇ ਭੇਜਿਆ... ਤਾਂ ਛਾਪੋਗੇ ਵੀ?'

ਅੱਗੋਂ ਜਵਾਬ ਆਇਆ,...

'ਹਾਂ... ਬਿਲਕੁਲ ਛਾਪਾਂਗੇ... ਜੇਕਰ 'ਛਾਪਣ ਵਾਲਾ' ਲਿਖਿਆ ਹੋਵੇਗਾ... ਤਾਂ..ਹੀ!!'

ਅਮੋਲਕ ਜੰਮੂ ਦੇ ਵਿਦਿਆਰਥੀ ਜੀਵਨ ਦੀਆਂ ਦਿਲਚਸਪ ਯਾਦਾਂ ਵਾਲੇ ਚਰਚਿਤ ਕਾਲਮ 'ਕਮਲਿਆਂ ਦਾ ਟੱਬਰ' ਸਮੇਤ 'ਪੰਜਾਬ ਟਾਈਮਜ਼' ਪੇਪਰ ਨੂੰ ਮੈਂ ਹਮੇਸ਼ਾ ਪੜ੍ਹਦਾ ਰਿਹਾ ਹਾਂ।



ਅੱਜ ਵੀ ਪੜ੍ਹਦਾ ਹਾਂ, ਪਰ ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਅਮੋਲਕ ਜੀ ਦੇ ਜਿਉਂਦੇ-ਜੀਅ ਮੈਂ ਕੁਛ ਨਾ ਲਿਖ ਸਕਿਆ। ਇਸ ਗੱਲ ਦਾ ਮੈਨੂੰ ਪਛਤਾਵਾ ਰਹੇਗਾ।

ਅਮੋਲਕ ਜੀ ਬੜੇ ਸਿਰੜੀ ਇਨਸਾਨ ਸਨ। ਉਨ੍ਹਾਂ ਦੀ ਦਲੇਰਾਨਾ ਸੋਚ ਤੇ ਸਿਰੜੀ ਸੁਭਾਅ ਦੀ ਇੱਕ ਝਲਕ ਇਸ ਸਕਾਰਾਤਮਕ ਸੁਨੇਹੇ ਅੰਦਰ ਸਾਫ ਝਲਕਦੀ ਹੈ, ਜੋ ਉਨ੍ਹਾਂ ਮੈਨੂੰ 25 ਫ਼ਰਵਰੀ 2017 ਨੂੰ ਈ-ਮੇਲ ਰਾਹੀਂ ਭੇਜਿਆ ਸੀ...

**Bath Sahib,**

**Thanks for your kind words of sympathy.This will encourage me to fight with my problem. By the way Stephen Hawkins is my role model. He is fighting with ALS since more than 52 years and I am fighting with it since 42 years.**

**I am determined to keep the fight on.**

**Thanks.**

**Amolak Singh Jammu**

ਜਹਾਨ ਨੂੰ ਖ਼ਬਰਾਂ ਦੇਣ ਵਾਲੇ 'ਲੋਹੇ ਦੇ ਬੰਦੇ' ਦੇ ਖ਼ੁਦ ਹੀ ਤੁਰ ਜਾਣ ਦੀ ਖ਼ਬਰ ਪਰਿਵਾਰ ਸਮੇਤ ਉਸ ਦੇ ਜਾਣੂਆਂ, ਸਾਹਿਤ ਪ੍ਰੇਮੀਆਂ ਅਤੇ ਦੋਸਤਾਂ-ਮਿੱਤਰਾਂ ਦੀ ਰੂਹ ਕੱਢ ਕੇ ਲੈ ਗਈ!

ਉਸ ਦਿਨ ਅੰਬਰ ਕਾਲਾ ਹੋਇਆ, ਜਿਸ ਦਿਨ ਸਾਡਾ ਯਾਰ ਤੁਰ ਗਿਆ।

ਹਾਸੇ ਤੁਰ ਗਏ, ਮਹਿਫ਼ਲ ਛੱਡ ਕੇ, ਸਾਡੇ 'ਚੋਂ ਸਰਦਾਰ ਤੁਰ ਗਿਆ।

... ਗੁਰਭਜਨ ਗਿੱਲ

ਭਾਵੇਂ ਜੰਮੂ ਜੀ ਸਰੀਰਕ ਤੌਰ 'ਤੇ ਸਾਡੇ ਤੋਂ ਵਿਛੜ ਗਏ, ਪਰ ਕਿਹਾ ਇਹ ਵੀ ਜਾਂਦਾ ਹੈ ਕਿ ਵਿਛੜਨ ਵਾਲੇ ਮੁਹੱਬਤੀ ਇਨਸਾਨ ਪੂਰੀ ਤਰ੍ਹਾਂ ਕਦੇ ਵੀ ਨਹੀਂ ਵਿਛੜਦੇ। ਉਨ੍ਹਾਂ ਦਾ ਕੁਝ ਹਿੱਸਾ ਸਾਡੇ ਦਿਲਾਂ ਅੰਦਰ ਰਹਿ ਜਾਂਦਾ ਹੈ ਅਤੇ ਸਾਡਾ 'ਕੁਛ ਨਾ ਕੁਛ' ਉਹ ਆਪਣੇ ਨਾਲ ਲੈ ਜਾਂਦੇ ਹਨ। ਅਮੋਲਕ ਸਿੰਘ ਜੰਮੂ ਵੀ ਇਹੋ ਜਿਹੀ ਸ਼ਖ਼ਸੀਅਤ ਹੀ ਸਨ ਜੋ ਜਾ ਕੇ ਵੀ ਕਦੀ ਨਹੀਂ ਗਏ... ਹਿੰਮਤੀ ਅਤੇ ਸਿਰੜੀ ਸੁਖ਼ਨਵਰ... ਸੁਰਜੀਤ ਪਾਤਰ ਜੀ ਦੇ ਕਹਿਣ ਵਾਂਗ...

ਜਦੋਂ ਤਕ ਲਫਜ਼ ਜਿਊਂਦੇ ਨੇ ਸੁਖਨਵਰ ਜਿਓਣ ਮਰ ਕੇ ਵੀ।

ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ

ਅਮੋਲਕ ਜੰਮੂ ਜੀ ਮਿਠ-ਬੋਲੜੇ, ਮਿਲਣਸਾਰ, ਮੁਹੱਬਤੀ, ਖ਼ੂਬਸੂਰਤ ਸ਼ਖ਼ਸੀਅਤ ਅਤੇ ਵਧੀਆ ਇਨਸਾਨ ਸਨ ਜੋ ਸਮਾਜ ਨੂੰ ਖ਼ੂਬਸੂਰਤ ਬਣਾਉਣ ਨੂੰ ਆਪਣਾ ਫ਼ਰਜ਼ ਸਮਝਦੇ ਸਨ। ਇਹੋ ਜਿਹੇ ਜ਼ਿੰਦਾ-ਦਿਲ ਤੇ ਮੁਹੱਬਤੀ ਵਣਜਾਰੇ ਬਹੁਤਾਤ ਵਿਚ ਨਹੀਂ ਹੁੰਦੇ... ਜੋ ਆਪਣੀ ਮੁਹੱਬਤ, ਸਾਹਿਤਕ ਸਫ਼ਰਾਂ ਦੀਆਂ ਪੈੜਾਂ, ਸਮਾਜਿਕ ਅਤੇ ਸੱਭਿਆਚਾਰਕ ਕਾਰਜਾਂ ਕਾਰਨ ਲੋਕਾਂ ਦੇ ਮਨਾਂ ਵਿਚ ਜਿਉਂਦੇ-ਵੱਸਦੇ ਰਹਿੰਦੇ ਹਨ।

ਭਾਵੇਂ...
ਕਦੇ ਕਦਾਈਂ ਹੀ ਸਹੀ
ਪਰ ਕੁਝ ਕੁ ਜ਼ਿੰਦਾ-ਦਿਲ ਲੋਕ
ਮਿਲਦੇ ਹਨ ਤਾਂ ਮਹਿਕਾਂ ਫੈਲਾ ਜਾਂਦੇ ਨੇ
ਲੰਘਦੇ-ਵੜਦੇ ਸੰਦਲੀ ਪੈੜਾਂ ਪਾ ਜਾਂਦੇ ਨੇ
ਜ਼ਿੰਦਾਦਿਲੀ ਦੀ ਜਿਉਂਦੀ ਮਿਸਾਲ ਬਣ ਜਾਂਦੇ ਨੇ
ਚਿੱਟੀ ਧੁੱਪ ਦੀਆਂ ਕਣੀਆਂ ਵਿਚ ਖਿੜ-ਖਿੜ
ਹੱਸਦੇ ਫੁੱਲਾਂ ਵਾਂਗ ਮੁਹੱਬਤਾਂ ਵੰਡਦੇ ਜਾਂਦੇ ਨੇ

ਉਂਜ...
ਐਸੇ ਖੁੱਲ੍ਹ-ਦਿਲੇ ਲੋਕ
ਕਿਤੇ ਕਿਤੇ ਈ ਮਿਲਦੇ ਹਨ
ਬੰਦਿਆਂ ਦੀਆਂ ਲੰਮੀਆਂ ਚੌੜੀਆਂ
ਭੀੜਾਂ ਵਿਚੋਂ ਐਸੇ ਮੁਹੱਬਤੀ ਵਣਜਾਰਿਆਂ ਨੂੰ
ਢੂੰਡਣਾ ਮੁਸ਼ਕਲ ਹੁੰਦਾ ਹੈ
ਛੱਡਣਾ ਹੋਰ ਮੁਸ਼ਕਲ ਹੁੰਦਾ ਹੈ
ਵਿਛੜਨਾ ਉਸ ਤੋਂ ਵੀ ਮੁਸ਼ਕਲ ਹੁੰਦਾ ਹੈ
ਭੁੱਲਣਾ ਤਾਂ ਨਾਮੁਮਕਿਨ ਹੀ ਹੁੰਦਾ ਹੈ !!

ਅਮੋਲਕ ਸਿੰਘ ਜੰਮੂ ਨੇ ਆਪਣੀ ਜ਼ਿੰਦਗੀ ਨੂੰ ਪੰਜਾਬੀ ਸਾਹਿਤ, ਸਮਾਜ, ਅਤੇ ਸੱਭਿਆਚਾਰ ਦੇ ਲੇਖੇ ਲਾਉਂਦਿਆਂ 'ਪੰਜਾਬ ਟਾਈਮਜ਼' ਦਾ ਜੋ ਬੀਜ ਬੀਜਿਆ ਸੀ ਉਹ ਅੱਜ ਇੱਕ ਛਾਂ-ਦਾਰ ਅਤੇ ਫ਼ਲ-ਦਾਰ ਬਿਰਖ ਬਣ ਕੇ ਉਸ ਦੀ ਮੁਹੱਬਤੀ ਰੂਹ ਦੇ ਸੰਗ ਝੂਲ ਰਿਹਾ ਹੈ...!

ਸਾਹਿਤਕ ਹਲਕਿਆਂ ਵਿਚ ਅਮੋਲਕ ਜੰਮੂ ਅਤੇ 'ਪੰਜਾਬ ਟਾਈਮਜ਼' ਦਾ ਨਿਵੇਕਲਾ ਸਥਾਨ ਹੈ। ਜੰਮੂ ਜੀ ਦੇ ਸਰੀਰਕ ਤੌਰ 'ਤੇ ਵਿਛੜ ਜਾਣ ਤੋਂ ਬਾਅਦ ਉਨ੍ਹਾਂ ਦੀ ਜੀਵਨ ਸਾਥਣ ਜਸਪ੍ਰੀਤ ਕੌਰ ਅਤੇ 'ਪੰਜਾਬ ਟਾਈਮਜ਼' ਦੀ ਪੂਰੀ ਟੀਮ ਪੂਰੀ ਮਿਹਨਤ ਅਤੇ ਲਗਨ ਨਾਲ ਇਸ 'ਲੋਹ ਪੁਰਸ਼' ਦੇ ਮਿਸ਼ਨ ਨੂੰ ਹੋਰ ਅੱਗੇ ਤੋਰ ਰਹੇ ਹਨ।

ਏਸ ਮੁਹੱਬਤੀ ਇਨਸਾਨ ਨੂੰ ਯਾਦ ਕਰਦਿਆਂ...

ਆਸ ਅਤੇ ਅਰਦਾਸ ਹੈ ਕਿ ਉਹ ਜਿੱਥੇ ਵੀ ਹਨ,... ਹਮੇਸ਼ਾ ਖੁਸ਼ ਰਹਿਣ!!


ਜ਼ਿੰਦਗੀ ਜ਼ਿੰਦਾਬਾਦ।

---

# ਅਮੋਲਕ ਹੁੰਦੇ ਮੁੱਲਵਾਨ, ਨਾਮ ਹੀ ਦੱਸਦਾ

## ਮਿੱਤਰ-ਪਿਆਰਾ ਹਮੇਸ਼ਾਂ, ਚੇਤਿਆਂ ਵਿਚ ਰਹੇਗਾ ਵੱਸਦਾ!

ਅਚਾਨਕ ਹੀ ਮਿਲਿਆ 1980 ਵਿਚ, ਆਕਰਸ਼ਕ ਸ਼ਖਸੀਅਤ ਦਾ ਮਾਲਕ, ਅਚਾਨਕ ਹੀ ਪੰਜ ਸਾਲ ਪਹਿਲੇ ਵਿਛੋੜਾ ਦੇ ਗਿਆ। ਪਹਿਲੀ ਵਾਰ ਮਿਲਿਆ ਸੀ ਮੇਰੇ ਪਿੰਡ ਦੇ ਨੇੜੇ ਨਿਦਾਮਪੁਰ ਬੱਸ ਅੱਡੇ 'ਤੇ। ਸਿਰਸਾ-ਚੰਡੀਗੜ੍ਹ ਰੂਟ ਦੀ ਬੱਸ, ਛੋਟੇ ਅੱਡਿਆਂ 'ਤੇ ਨਹੀਂ ਸੀ ਰੁਕਦੀ। ਮੈਂ ਹੱਥ ਦਾ ਇਸ਼ਾਰਾ ਕੀਤਾ ਰੁਕਣ ਲਈ, ਬਹੁਤੀ ਸਵਾਰੀ ਨਹੀਂ ਸੀ ਬੱਸ ਵਿਚ, ਤੇਜ਼ ਰਫ਼ਤਾਰ ਬੱਸ ਰੁਕਦਿਆਂ-




**ਅਮਰਜੀਤ ਸਿੰਘ ਤੂਰ**
**ਫੋਨ: 98784-69639**

ਰੁਕਦਿਆਂ, ਵੀਹ ਗਜ਼ ਅੱਗੇ ਜਾ ਕੇ ਰੁਕੀ।

ਮੇਰੇ ਕੋਲ 50 ਕਿਲੋ ਕਣਕ ਦੀ ਬੋਰੀ ਅਤੇ ਬੈਗ ਸਨ। ਮੈਂ ਦੌੜ ਕੇ ਪਹਿਲਾਂ ਕਣਕ ਦੀ ਬੋਰੀ, ਬੱਸ ਦੀ ਪਿਛਲੀ ਵਿੰਡੋ ਵਿਚ ਸੁੱਟ ਦਿੱਤੀ, ਅੰਦਰੋਂ ਅਮੋਲਕ ਸਿੰਘ ਉੱਠ ਕੇ ਆਇਆ, ਉਸਨੇ ਮੇਰੀ ਬੋਰੀ ਫੜੀ, ਮੈਂ ਦੁਬਾਰਾ ਦੌੜ ਕੇ ਕੱਪੜਿਆਂ ਵਾਲਾ ਬੈਗ ਚੁੱਕ ਕੇ ਲਿਆਂਦਾ, ਬੜੀ ਮੁਸ਼ਕਿਲ ਨਾਲ ਬੱਸ ਵਿਚ ਚੜ੍ਹਿਆ। ਮੈਂ ਵੀ ਚੰਡੀਗੜ੍ਹ ਹੀ ਪਹੁੰਚਣਾ ਸੀ। ਅਮੋਲਕ ਸਿੰਘ ਨਾਲ ਖੁੱਲ੍ਹ ਕੇ ਗੱਲਾਂ ਹੋਈਆਂ ਇਹ ਸੀ ਮੇਰੀ ਪਹਿਲੀ ਮੁਲਾਕਾਤ।

ਇਸ ਤੋਂ ਬਾਅਦ ਵੀ ਅਮੋਲਕ ਸਿੰਘ ਨਾਲ ਪੰਜਾਬੀ ਟ੍ਰਿਬਿਊਨ ਦੇ ਦਫਤਰ ਵਿਚ ਮੁਲਾਕਾਤ ਹੁੰਦੀ ਰਹਿੰਦੀ ਸੀ। 1983-84 ਵਿਚ ਉਨ੍ਹਾਂ ਦੀ ਸ਼ਾਦੀ ਹੋ ਗਈ, ਮੈਂ ਪਰਿਵਾਰ ਸਮੇਤ 15 ਸੈਕਟਰ ਕਿਰਾਏ 'ਤੇ ਰਹਿੰਦਾ ਸੀ। ਉਹ ਮੇਰੇ ਕੋਲ ਆਏ ਕਿ ਮਕਾਨ ਕਿਰਾਏ ਵਾਸਤੇ ਚਾਹੀਦਾ ਹੈ। ਵਿਚਕਾਰਲੀ ਮੰਜ਼ਿਲ ਉੱਤੇ ਇੱਕ ਸੈਟ ਖਾਲੀ ਸੀ, ਮੇਰੇ ਨਾਲ ਦੇ ਸੈਟ ਵਿਚ ਹੀ ਉਨ੍ਹਾਂ ਨੇ ਡੇਰਾ ਲਾ ਲਿਆ। ਉੱਥੇ ਹੀ ਉਨ੍ਹਾਂ ਦੀ ਪਤਨੀ ਨਾਲ, ਮੇਰੀ ਮੁਲਾਕਾਤ ਹੋਈ। ਤਿੰਨ-ਚਾਰ



ਮਹੀਨੇ ਬਾਅਦ ਉਨ੍ਹਾਂ ਨੂੰ ਟ੍ਰਿਬਿਊਨ ਕਲੋਨੀ ਵਿਚ ਹੀ ਮਕਾਨ ਅਲਾਟ ਹੋ ਗਿਆ। ਮੈਂ ਫੋਟੋ ਕੈਪਸ਼ਨ ਵਿਚ ਵੀ ਭਾਗ ਲੈਂਦਾ ਸੀ, ਅਤੇ ਹੋਰ ਰਚਨਾਵਾਂ ਵੀ ਉਨ੍ਹਾਂ ਦੇ ਰਾਹੀਂ ਟ੍ਰਿਬਿਊਨ ਵਿਚ ਛਪਦੀਆਂ ਰਹੀਆਂ।

1990-91 ਵਿਚ ਮੇਰਾ ਰਾਬਤਾ ਉਨ੍ਹਾਂ ਨਾਲ ਟੁੱਟ ਗਿਆ। ਕਈ ਥਾਵਾਂ ਤੋਂ ਪੁੱਛ-ਪੜਤਾਲ ਕਰਨ ਤੋਂ ਬਾਅਦ ਵੀ ਪਤਾ ਨਾ ਚੱਲਿਆ। ਫਿਰ ਇੱਕ ਆਰਟੀਕਲ ਉਨ੍ਹਾਂ ਦੇ ਪਿਤਾ ਜੀ ਨੂੰ ਸ਼ਰਧਾਂਜਲੀ ਦੇ ਤੌਰ 'ਤੇ ਛਪਿਆ ਉਸ ਤੋਂ ਪਤਾ ਲੱਗਿਆ ਕਿ ਉਨ੍ਹਾਂ ਨੇ ਆਪਣਾ 'ਪੰਜਾਬ ਟਾਈਮਜ਼' ਦਾ ਹਫਤਾਵਾਰੀ ਅਖਬਾਰ ਯੂ.ਐਸ.ਏ. ਤੋਂ ਛਾਪਣਾ ਸ਼ੁਰੂ ਕਰ ਦਿੱਤਾ ਹੈ। ਕੈਪਸ਼ਨ ਮੁਕਾਬਲੇ ਵਾਲਾ ਕਾਲਮ 'ਪੰਜਾਬੀ ਟ੍ਰਿਬਿਊਨ' ਨੇ ਬੰਦ ਕਰ ਦਿੱਤਾ ਸੀ। ਫਿਰ 'ਪੰਜਾਬ ਟਾਈਮਜ਼' ਵਿਚ ਕੈਪਸ਼ਨ ਮੁਕਾਬਲਾ ਅਤੇ ਮੇਰੀਆਂ ਹੋਰ ਰਚਨਾਵਾਂ ਛਪਦੀਆਂ ਰਹੀਆਂ।

21 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੂੰ ਏਐਲਐਸ ਨਾਮ ਦੀ ਨਾਮੁਰਾਦ ਬਿਮਾਰੀ ਨੇ ਘੇਰ ਲਿਆ। ਅਪ੍ਰੈਲ 2021 ਵਿਚ ਉਹ ਇਸ ਫਾਨੀ ਦੁਨੀਆ ਤੋਂ ਕੂਚ ਕਰ ਗਏ। ਸਦਾ ਲਈ ਅਮਰ ਹੋ ਗਏ। ਹੁਣ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰਨਗੇ।

# ਨਿਰੰਤਰ ਸਫ਼ਲਤਾ ਦਾ ਸਿਰਨਾਵਾਂ ਸੁਨੰਦਾ ਸ਼ਰਮਾ

**ਕਲਾ ਪਰਿਕਰਮਾ**

ਅਜੀਤਪਾਲ ਜੀਤੀ



ਸੁਨੰਦਾ ਸ਼ਰਮਾ ਪੰਜਾਬੀ ਗਾਇਕੀ ਤੇ ਅਦਾਕਾਰੀ ਦੇ ਖੇਤਰ ਵਿਚ ਵੱਡੀਆਂ ਸੰਭਾਵਨਾਵਾਂ ਸਮੋਈ ਬੈਠੀ ਹੈ। ਉਸ ਦੇ ਹੁਣ ਤੱਕ ਦੇ ਸਫ਼ਰ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਦੀ ਮੰਜ਼ਿਲ-ਏ-ਮਕਸੂਦ ਅਸਮਾਨ ਹੈ। ਜੇਕਰ ਇਮਾਨਦਾਰੀ ਨਾਲ ਉਸ ਦੀ ਸ਼ਖ਼ਸੀਅਤ ਦਾ ਮੁਲਾਂਕਣ ਕੀਤਾ ਜਾਵੇ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਉਹ ਬਣੀ ਹੀ ਕਲਾ ਲਈ ਹੈ। ਦੂਜੇ ਪਾਸੇ- ਇਹ ਵੀ ਮੰਨਣਾ ਪਵੇਗਾ ਕਿ ਉਹ ਕਿਸਮਤ ਵਾਲੀ ਵੀ ਬਹੁਤ ਹੈ। ਸੂਰਜ ਦੀ ਤਰ੍ਹਾਂ ਦਗਦੇ ਉਸ ਦੇ ਚਿਹਰੇ 'ਤੇ ਐਨਾ ਜਲੌਅ ਖੇਡਦਾ ਰਹਿੰਦਾ ਹੈ ਕਿ ਉਸ ਨੂੰ ਵੇਖਣ ਵਾਲੇ ਤਮਾਮ ਲੋਕ ਵੀ ਊਰਜਾਵਾਨ ਹੋ ਜਾਂਦੇ ਹਨ।

ਸਕਾਰਾਤਮਕਤਾ ਸੁਨੰਦਾ ਸ਼ਰਮਾ ਦਾ ਮੀਰੀ ਗੁਣ ਆਖਿਆ ਜਾ ਸਕਦਾ ਹੈ। ਲੱਖਾਂ ਲੋਕਾਂ ਦੇ ਦਿਲਾਂ ਦੇ ਰਾਜ਼ ਕਰਨ ਦੇ ਨਾਲ ਉਹ ਪਿਛਲੇ ਸਮੇਂ ਦੌਰਾਨ ਕੁਝ ਪਰਿਵਾਰਕ ਦਰਦਾਂ ਨਾਲ ਵੀ ਦੋ-ਚਾਰ ਹੁੰਦੀ ਰਹੀ ਹੈ ਪਰ ਉਹ ਹਰ ਘਟਨਾ ਵਿੱਚੋਂ ਪਹਿਲਾਂ ਦੇ ਮੁਕਾਬਲਤਨ ਹੋਰ ਮਜ਼ਬੂਤ ਹੋ ਕੇ ਨਿਕਲਦੀ ਰਹੀ ਹੈ। ਇਸ ਵੇਲੇ ਉਸ ਦੌਲਤ ਤੇ ਸ਼ੋਹਰਤ ਦੀ ਕੋਈ ਵੀ ਕਮੀ ਨਹੀਂ ਪਰ ਕੁਦਰਤ ਦੀ ਰਹਿਮਤ ਇਹ ਵੀ ਹੈ ਕਿ ਉਹ ਅੱਤ ਦਰਜੇ ਦੀ ਹਲੀਮੀ ਤੇ



ਨਿਮਰਤਾ ਬਰਕਰਾਰ ਰੱਖਣ ਵਾਲੀ ਕੁੜੀ ਸਾਬਤ ਹੋਈ ਹੈ। ਅਸਲ ਵਿਚ ਸੁਨੰਦਾ ਦੀ ਵੱਡੀ ਸੰਗੀਤ ਕੰਪਨੀ ਨਾਲ ਸੰਗਤ ਉਸ ਲਈ ਸੋਨੇ 'ਤੇ ਸੁਹਾਗਾ ਹੋ ਨਿੱਬੜੀ। ਬੇਸ਼ੱਕ ਸੋਨਾ ਤਾਂ ਸੁਨੰਦਾ ਪਹਿਲਾਂ ਹੀ ਸੀ ਪਰ ਉਸ ਦਾ ਮਨਮੋਹਕ ਗਹਿਣਾ ਨਿਪੁੰਨ ਕਾਰੀਗਰਾਂ ਦੇ ਮੁਬਾਰਕ ਹੱਥਾਂ ਨੇ ਬਣਾਇਆ।

ਪਹਿਲੇ ਗੀਤ 'ਬਿੱਲੀ ਅੱਖ' ਤੋਂ ਪਹਿਲਾਂ ਲਗਾਤਾਰ 18-18 ਘੰਟੇ ਸੁਨੰਦਾ ਨੂੰ ਬਾਕਾਇਦਾ ਤਾਲੀਮ ਦਿੱਤੀ ਜਾਂਦੀ ਰਹੀ। ਵੱਡੀ ਗੱਲ ਇਹ ਹੈ ਕਿ ਸੁਨੰਦਾ ਕਦੇ ਵੀ ਮਿਹਨਤ ਕਰਨ ਤੋਂ ਨਹੀਂ ਭੱਜੀ। ਟੀਮ ਤੋਂ ਪਹਿਲਾਂ ਹੀ ਸੁਨੰਦਾ ਤਿਆਰੀ ਲਈ ਤਿਆਰ ਬਰ ਤਿਆਰ ਰਹਿੰਦੀ ਹੈ। ਬੇਸ਼ੱਕ ਪਹਿਲੇ ਗੀਤ ਤੋਂ ਬਾਅਦ ਹੀ ਸੁਨੰਦਾ ਦੇ ਹਿੱਸੇ ਵੱਡਾ ਸਟਾਰਡਮ ਆ ਗਿਆ ਸੀ ਪਰ ਉਸ ਨੇ ਮਿਹਨਤ ਹੋਰ ਵੀ ਸਖ਼ਤ ਕਰ ਦਿੱਤੀ। ਉਸ ਦੇ ਨੇੜੇ ਰਹਿਣ ਵਾਲੇ ਦੱਸਦੇ ਕਿ ਉਹ ਅੱਜ ਵੀ ਨਵੇਂ ਗੀਤ ਦੀ ਤਿਆਰੀ ਸਮੇਂ ਆਪਣੇ ਆਪ ਨੂੰ ਮੁੱਢਲੇ ਪੜਾਅ 'ਤੇ ਹੀ ਮਹਿਸੂਸ ਕਰ ਕੇ ਮੁਸ਼ੱਕਤ ਕਰਦੀ ਹੈ। ਆਪਣੀ ਹਰੇਕ ਸਫਲਤਾ ਨੂੰ ਉਹ ਪੜਾਅ ਦਾ ਦਰਜਾ ਹੀ ਦਿੰਦੀ ਹੈ। ਜੇਕਰ ਇਹ ਵੀ ਆਖ ਦੇਈਏ ਕਿ ਉਹ ਹਰ ਗੀਤ ਨੂੰ ਗਾਉਣ ਸਮੇਂ ਖ਼ੁਦ ਗੀਤ ਬਣ ਜਾਂਦੀ ਹੈ ਤਾਂ ਵੀ ਕੋਈ ਅੱਤਕਥਨੀ ਨਹੀਂ ਹੋਵੇਗੀ। ਜਿਥੇ ਉਸ ਦੇ ਸੁਭਾਅ ਵਿਚ ਕਲ-ਕਲ ਵਗਦੇ ਪਾਣੀਆਂ ਵਰਗੀ ਸ਼ਾਂਤੀ ਹੈ, ਉਥੇ ਜ਼ਿੰਦਗੀ ਨੂੰ ਰੱਜ ਕੇ ਜਿਊਣ ਦਾ ਜਜ਼ਬਾ ਵੀ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਆਪਣੇ ਮਕਸਦ ਤੋਂ ਸੁਨੰਦਾ ਕਦੇ ਇਕ ਰੱਤੀ ਵੀ ਆਸ-ਪਾਸ ਨਹੀਂ ਗਈ। ਖ਼ਾਸ ਕਿਸਮ ਦੀ ਮਾਸੂਮੀਅਤ ਉਸ ਦੀ ਹਸਤੀ ਨੂੰ ਹੋਰ ਵੀ ਚਾਰ ਚੰਨ ਲਗਾ ਦਿੰਦੀ ਹੈ। ਸਟੇਜ 'ਤੇ ਜਾਂ ਰੂਬਰੂ ਸਮੇਂ ਗਾਉਣ ਦੇ ਨਾਲ-ਨਾਲ ਸੁਨੰਦਾ ਦਾ ਬੋਲਣ ਦਾ ਮਖ਼ਸੂਸ ਅੰਦਾਜ਼ ਵੀ ਲੋਕਾਂ 'ਤੇ ਜਾਦੂਈ ਅਸਰ ਕਰਦਾ ਹੈ। ਮਿੱਠੇ-ਮਿੱਠੇ ਲਫਜ਼ਾਂ ਦਾ ਉਸ ਦੇ ਮੁਖ਼ਾਰ ਬਿੰਦ ਵਿੱਚੋਂ ਉਚਾਰਣ ਇੰਜ ਅਹਿਸਾਸ ਕਰਵਾਉਂਦਾ ਹੈ, ਜਿਵੇਂ ਉਸ ਦੇ ਬੋਲਣ ਸਮੇਂ ਫੁੱਲ ਕਿਰਦੇ ਹੋਣ। ਸੁਨੰਦਾ ਦਾ ਮਨਮੋਹਕ ਹਾਸਾ ਤਾਂ ਕਹਿੰਦੀਆਂ-ਕਹਾਉਂਦੀਆਂ ਅਦਾਕਾਰਾਂ ਨੂੰ ਮਾਤ ਦਿੰਦਾ ਹੈ। ਅਨੇਕ ਰੁਝੇਵਿਆਂ ਦੀ ਥਕਾਵਟ ਕਦੇ ਵੀ ਉਸ ਨੇ ਮਹਿਸੂਸ ਨਹੀਂ ਕੀਤੀ। ਕੁਦਰਤ ਤੇ ਕਾਦਰ ਵਿਚ ਉਸ ਦਾ ਪੂਰਾ ਵਿਸ਼ਵਾਸ ਹੈ। ਸੁਨੰਦਾ ਮੰਨਦੀ ਹੈ ਕਿ ਗੀਤਾਂ ਵਿਚ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਚੁਣੌਤੀਆਂ ਦੀ ਗੱਲ ਵੀ ਹੋਣੀ ਚਾਹੀਦੀ ਹੈ।

ਸੁਨੰਦਾ ਮੂਲ ਰੂਪ ਵਿਚ ਬੇਹੱਦ ਸੰਵੇਦਨਸ਼ੀਲ ਰੂਹ ਹੈ। ਸਮਾਜ ਦਾ ਦਰਦ ਉਸ ਨੂੰ ਕਈ ਵਾਰ ਪੂਰੀ ਤਰ੍ਹਾਂ ਝੰਜੋੜ ਦਿੰਦਾ ਹੈ। ਲੋਕਾਂ ਦੇ ਦਰਦ ਵਿਹਾਜਣ ਲਈ ਵਕਤ ਵੀ ਜ਼ਰੂਰ ਕੱਢਦੀ ਹੈ। ਕਦੇ ਉਹ ਮੰਦਬੁੱਧੀ ਤੇ ਲਾਵਾਰਿਸ ਬੱਚਿਆਂ ਨਾਲ ਵਕਤ ਗੁਜ਼ਾਰਦੀ ਹੈ ਅਤੇ ਕਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਨਤਮਸਤਕ ਹੋਣ ਲਈ ਵੀ ਲੰਬਾ ਪੈਂਡਾ ਸਰ ਕਰਦੀ ਹੈ। ਇਹ ਵੀ ਸਨਦ ਰਹੇ ਕਿ ਸੁਨੰਦਾ ਜਿਥੇ ਦੋ ਪੈਰ ਵੱਧ ਤੁਰ ਰਹੀ ਹੈ, ਉਥੇ ਤੁਰ ਵੀ ਪੂਰੀ ਮੜਕ ਨਾਲ ਰਹੀ ਹੈ। ਉਸ ਦਾ ਅਕਸ ਨਿਰੰਤਰ ਵੱਡਾ ਹੋ ਰਿਹਾ ਹੈ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ. ਕਿ ਫਿਲਮਾਂ ਵਾਲੇ ਤੇ ਦੁਨੀਆ ਭਰ ਦੇ ਪਰਮੋਟਰ ਸੁਨੰਦਾ ਨਾਲ ਕੰਮ ਕਰਨ ਨੂੰ ਆਪਣੇ ਧੰਨਭਾਗ ਸਮਝਦੇ ਹਨ।



ਪੰਜਾਬ ਦੇ ਸਭ ਤੋਂ ਵੱਡੇ ਹੀਰੋ ਮੰਨੇ ਜਾਂਦੇ ਦਿਲਜੀਤ ਦੋਸਾਂਝ ਨਾਲ 'ਸੱਜਣ ਸਿੰਘ ਰੰਗਰੂਟ' ਵਰਗੀ ਵੱਡੀ ਫਿਲਮ ਵਿਚ ਕੰਮ ਕਰਨਾ ਸੁਨੰਦਾ ਦੀ ਪ੍ਰਤਿਭਾ ਦਾ ਇਕ ਖ਼ਾਸ ਤਸਦੀਕਸ਼ੁਦਾ ਪ੍ਰਮਾਣ ਹੈ। ਹਾਂ, ਬੇਸ਼ੱਕ ਅੱਜ ਉਹ ਅਸਮਾਨ ਨੂੰ ਛੂਹ ਰਹੀ ਹੈ ਪਰ ਪੈਰ ਉਸ ਦੇ ਸਰਜ਼ਮੀਂ 'ਤੇ ਹੀ ਹਨ। ਆਪਣੀਆਂ ਜੜ੍ਹਾਂ ਦੀ ਅਹਿਮੀਅਤ ਕਦੇ ਵੀ ਉਸ ਨੇ ਜ਼ਿੰਦਗੀ ਵਿੱਚੋਂ ਮਨਫ਼ੀ ਨਹੀਂ ਹੋਣ ਦਿੱਤੀ। ਅੰਮ੍ਰਿਤਸਰ ਜ਼ਿਲ੍ਹੇ ਦਾ ਕਸਬਾ ਫਤਹਿਗੜ੍ਹ ਚੂੜੀਆਂ ਉਸ ਦੀ ਜਨਮ ਭੂਮੀ ਹੈ ਅਤੇ ਕਰਮ ਭੂਮੀ ਸ਼ੁਰੂ ਤੋਂ ਹੀ ਮੋਹਾਲੀ ਰਹੀ ਹੈ। ਸੁਨੰਦਾ ਇਕੱਲੇ ਪੰਜਾਬ ਜਾਂ ਭਾਰਤ ਦੀ ਨਹੀਂ ਸਗੋਂ ਵਿਸ਼ਵ ਭਰ ਵਿਚ ਪੰਜਾਬੀਆਂ ਤੇ ਗ਼ੈਰ-ਪੰਜਾਬੀਆਂ ਦੀ ਗਾਇਕਾ ਤੇ ਨਾਇਕਾ ਸਾਬਿਤ ਹੋ ਰਹੀ ਹੈ। ਦਿੱਲੀ, ਰਾਂਚੀ, ਮੁੰਬਈ, ਰਾਜਸਥਾਨ ਤੋਂ ਲੈ ਕੇ ਦੇਸ਼ ਦੇ ਹਰ ਰਾਜ ਵਿਚ ਉਸ ਦੇ ਸ਼ੋਅ ਹੋਏ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਰਪ ਸਮੇਤ ਹਰ ਛੋਟੇ-ਵੱਡੇ ਦੇਸ਼ ਵਿਚ ਸੁਨੰਦਾ ਸ਼ੋਅ ਸੋਲਡਆਊਟ ਰਹੇ ਹਨ।

ਸੁਨੰਦਾ ਦੀ ਇਕ ਹੋਰ ਵੱਡੀ ਪ੍ਰਾਪਤੀ ਹੈ ਉਸ ਦਾ ਗੀਤ 'ਪਟਾਕੇ'। ਇਸ ਗੀਤ ਦੀ ਸਫਲਤਾ ਨੇ ਤਾਂ ਪੰਜਾਬੀ ਸੰਗੀਤ ਖੇਤਰ ਦੀਆਂ ਸੀਮਾਵਾਂ ਹੀ ਹੋਰ ਮਿਥ ਦਿੱਤੀਆਂ ਹਨ। ਪਿੰਡਾਂ ਦੇ ਟਰੈਕਟਰਾਂ ਤੋਂ ਲੈ ਕੇ ਕਰੋੜਾਂ ਰੁਪਏ ਦੀਆਂ ਗੱਡੀਆਂ ਵਿਚ ਇਹ ਗਾਣਾ ਨਿਰੰਤਰ ਵਜਦਾ ਸੁਣਿਆ ਜਾ ਸਕਦਾ ਹੈ। 'ਜਾਨੀ ਤੇਰਾ ਨਾਂਅ' ਅਤੇ 'ਮੋਰਨੀ' ਵੀ ਸੁਨੰਦਾ ਦੇ ਯਾਦਗਾਰੀ ਟਰੈਕ ਆਖੇ ਜਾ ਸਕਦੇ ਹਨ। ਵਿਆਹਾਂ ਵਿਚ ਸੁਨੰਦਾ ਦਾ ਸ਼ੋਅ ਕਰਵਾਉਣਾ ਜਿਥੇ ਲੋਕਾਂ ਲਈ 'ਸਟੇਟਸ ਸਿੰਬਲ' ਬਣ ਗਿਆ ਹੈ, ਉਥੇ ਜਨਤਕ ਸਮਾਗਮਾਂ ਵਾਲਿਆਂ ਲਈ 'ਕਰਾਊਡ ਪੁੱਲਰ ਕਲਾਕਾਰਾ ਦਾ ਖ਼ਿਤਾਬ ਵੀ ਉਸ ਦੇ ਹਿੱਸੇ ਆਉਂਦਾ ਹੈ। ਪੰਜਾਬੀ ਸੰਗੀਤ ਦੀ ਸਫਲਤਾ ਤੋਂ ਬਾਅਦ ਸੁਨੰਦਾ ਲਈ ਬਾਲੀਵੁੱਡ ਦਾ ਰਾਹ ਵੀ ਪੂਰੀ ਤਰ੍ਹਾਂ ਸਾਫ਼ ਹੋ ਚੁੱਕਾ ਹੈ।

> **ਸੁਨੰਦਾ ਦੀ ਇਕ ਹੋਰ ਵੱਡੀ ਪ੍ਰਾਪਤੀ ਹੈ ਉਸ ਦਾ ਗੀਤ 'ਪਟਾਕੇ'। ਇਸ ਗੀਤ ਦੀ ਸਫਲਤਾ ਨੇ ਤਾਂ ਪੰਜਾਬੀ ਸੰਗੀਤ ਖੇਤਰ ਦੀਆਂ ਸੀਮਾਵਾਂ ਹੀ ਹੋਰ ਮਿਥ ਦਿੱਤੀਆਂ ਹਨ। ਪਿੰਡਾਂ ਦੇ ਟਰੈਕਟਰਾਂ ਤੋਂ ਲੈ ਕੇ ਕਰੋੜਾਂ ਰੁਪਏ ਦੀਆਂ ਗੱਡੀਆਂ ਵਿਚ ਇਹ ਗਾਣਾ ਨਿਰੰਤਰ ਵਜਦਾ ਸੁਣਿਆ ਜਾ ਸਕਦਾ ਹੈ। 'ਜਾਨੀ ਤੇਰਾ ਨਾਂਅ' ਅਤੇ 'ਮੋਰਨੀ' ਵੀ ਸੁਨੰਦਾ ਦੇ ਯਾਦਗਾਰੀ ਟਰੈਕ ਆਖੇ ਜਾ ਸਕਦੇ ਹਨ।**

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜੁਲਾਈ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-751



*ਕਰ ਗਿਆ ਮੇਰਾ ਦੇਸ਼ ਤਰੱਕੀ, ਹਾਲੇ ਹਾ.ਲੀ ਪਾ.ਲੀ ਉਹੀਓ ਹੈ,*
*ਹਿੰਮਤ ਰਹੀ ਨ ਬਲਦ ਖਰੀਦੇ, ਪਰ ਗ.ਲ ਪੰਜਾ.ਲੀ ਉਹੀਓ ਹੈ।*
*ਚਾਹੇ ਵਤਨ ਪਹੁੰਚਿਆ ਮੰਗਲ, ਸ਼ਬ ਹਨ੍ਹੇਰੀ ਕਾ.ਲੀ ਉਹੀਓ ਹੈ,*
*ਦਿਨ ਬਦਲੇ ਨੇਤਾਵਾਂ ਦੇ 'ਕੱਲੇ, ਸਾਡੇ ਈਦ ਦੀਵਾ.ਲੀ ਉਹੀਓ ਹੈ।*

## ਕੈਪਸ਼ਨ ਮੁਕਾਬਲਾ-749



ਰਹਿੰਦੀਆਂ ਸੀ ਕਦੇ ਘਰ ਹੀ ਵੜੀਆਂ।
ਕਹਿੰਦੇ ਸਨ ਉਨ੍ਹਾਂ ਕੁੜੀਆਂ ਚਿੜੀਆਂ।
ਹੁੰਦੀਆਂ ਨਹੀਂ ਸਨ ਬਹੁਤਾ ਪੜ੍ਹੀਆਂ।
ਚੁਲ੍ਹੇ ਸਾਂਭਣ ਜਿੰਨਾ ਗੂੜ੍ਹੀਆਂ ਰੜ੍ਹੀਆਂ।
ਬਦਲਿਆ ਸਮਾਂ ਨਜ਼ਰੀਏ ਹਾਲਾਤ।
ਘਰੋਂ ਨਿਕਲ ਉਨ੍ਹਾਂ ਮਾਰੀ ਝਾਤ।
ਚੜ੍ਹਿਆ ਦਿਨ ਸ਼ੁਭ, ਗੁਜ਼ਰੀ ਰਾਤ।
ਮਰਦ ਔਰਤਾਂ ਕਰਨ ਖੜ੍ਹ ਬਾਤ।
ਖੇਡ ਮੈਦਾਨਾਂ ਵਿਚ ਆ ਖੜ੍ਹੀਆਂ।
ਨਾਲ ਮਰਦ ਪੁਲਾੜ ਜਾ ਚੜ੍ਹੀਆਂ।
ਫ਼ੌਜੀ ਬਣ ਕੇ ਸਰਹੱਦ 'ਤੇ ਲੜੀਆਂ।
ਰਫ਼ਤਾਰ ਇੰਨੀ, ਜਾਣ ਨਾ ਫੜੀਆਂ।

***-ਗੁਰਬਖਸ਼ ਸਿੰਘ 'ਨਾਕਾਮ'***

---

ਹੱਥਾਂ ਵਿਚ ਨਿਸ਼ਾਨ ਜਿੱਤ ਦਾ
ਚਿਹਰੇ ਉੱਪਰ ਚਮਕ ਹੈ ਛਾਈ।
ਜੇਤੂ ਪੈਰ ਟਿਕਾ ਕੇ ਬਾਲ 'ਤੇ
ਨਾ.ਲ ਮਾਣ ਤਸਵੀਰ ਖਿਚਾਈ।
ਸ਼ਾਬਾਸ਼ ਧੀਏ! ਅੰਬਰ ਛੂਹੇਂ
ਹੋਰਨਾਂ ਲਈ ਮਿਸਾਲ ਬਣਾਈ।

***-ਜਗਮੀਤ ਸਿੰਘ ਪੰਧੇਰ***

---

ਕਈ ਅਰਸੇ ਦੁਰਕਾਰਦੇ ਰਹੇ
ਲੋਕ ਧੀਆਂ ਨੂੰ
ਅੱਜ ਸਾਬਤ ਹੋ ਗਿਆ
ਅਰਸ਼ ਅਤੇ ਫਰਸ਼ 'ਤੇ
ਧੀਆਂ ਕਿਸੇ ਤੋਂ ਘੱਟ ਨਹੀਂ
ਪੁਲਾੜ 'ਚ ਹਰ ਮੁਸ਼ਕਲ ਕੰਮ 'ਚ
ਹਰ ਖਿੱਤੇ 'ਚ ਪੁਲਿੰਗ ਇਸਤਰੀ ਲਿੰਗ
ਕੋਈ ਕਿਸੇ ਤੋਂ ਘੱਟ ਨਹੀਂ
ਖੇਡਾਂ 'ਚ ਤਾਂ ਅੱਜ ਸਭ ਤੋਂ ਅੱਗੇ
ਦੁਨੀਆ ਦੀ ਕਾਇਨਾਤ
ਵੰਸ਼ ਹੀ ਖਤਮ ਹੋ ਜਾਂਦੇ
ਜੇ ਇਸਤਰੀ ਹੀ ਨਾ ਹੁੰਦੀ।

***-ਦਰਸ਼ਨ ਪਾਲ ਦੋਸਾਂਝ***

## ਭੂਆ ਦਾ ਸਤਗੁਰ

*ਸ਼ਾਮ ਨੂੰ ਰਹਿਰਾਸ ਸਮੇਂ ਭਾਈ ਜੀ ਸਾਡੇ ਘਰ ਦੇ ਨੇੜੇ ਬਣੇ ਗੁਰੂ ਦੇ ਸਪੀਕਰ ਵਿਚ ਸ਼ਬਦ ਗਾਇਨ ਕਰ ਰਹੇ ਸੀ ਸਤਿਗੁਰ ਮੇਰਾ-ਸਤਿਗੁਰ ਮੇਰਾ..!!!*

*ਮੇਰੇ ਮਾਮੇ ਦਾ ਮੁੰਡਾ ਗਲੀ ਚੋਂ ਖੇਡਦਾ ਹੋਇਆ ਭੱਜਿਆ-ਭੱਜਿਆ ਅੰਦਰ ਆ ਵੜਿਆ ਉਸਦੇ ਚਿਹਰੇ ਦੀ ਰੰਗਤ ਬਦਲੀ ਹੋਈ ਸੀ, ਆਉਣ ਸਾਰ ਮੇਰੀ ਮਾਂ ਦੀ ਗੋਦ ਵਿੱਚ ਬੈਠਦਿਆਂ ਰੋਣ-ਹੱਕਾ ਹੋ ਕੇ ਕਹਿਣ ਲੱਗਾ। ਭੂਆ ਮੈਂ ਤਾਂ ਤੇਰਾ, ਮੇਰੀ ਮਾਂ ਨੇ ਹੈਰਾਨ ਹੁੰਦਿਆਂ ਉਸਨੂੰ ਕਲਾਵੇ 'ਚ ਲੈਂਦਿਆਂ ਕਿਹਾ, ਹਾਂ ਪੁੱਤ ਤੂੰ ਮੇਰਾ ਹੀ ਹੈਂ ਕੀ ਹੋਇਆ...?*

*ਤੂੰ ਪਰੇਸ਼ਾਨ ਕਿਉਂ ਹੋ ਰਿਹੈਂ, ਕਿਸੇ ਨੇ ਕੁਝ ਕਿਹਾ ਤੈਨੂੰ। ਉਹ ਹੌਲੀ ਜਿਹੇ ਬੋਲਿਆ ਗੁਰਦੁਆਰੇ ਵਾਲਾ ਬਾਬਾ ਕਹਿੰਦਾ ਸਤਗੁਰ ਮੇਰਾ, ਸਤਗੁਰ ਮੇਰਾ। ਮੈਂ ਤਾਂ ਤੇਰਾਂ। ਉਸਨੇ ਇਹ ਕਹਿੰਦਿਆਂ ਆਪਣੀ ਭੂਆ ਨੂੰ ਘੁੱਟ ਕੇ ਜੱਫੀ ਪਾ ਲਈ। ਸਾਡਾ ਸਾਰਿਆਂ ਦਾ ਹਾਸਾ ਨਿੱਕਲ ਗਿਆ।*

***-ਰਛਪਾਲ ਸਿੰਘ ਰੈਸਲ***

# ਸਮੱਸਿਆਵਾਂ ਨਾਲ ਜੂਝਦੇ ਸ਼ਹਿਰ

ਕੁੱਝ ਕੁ ਸਾਲ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵੈਬੀਨਾਰ ਵਿਚ ਆਖਿਆ ਸੀ ਕਿ ਆਜ਼ਾਦੀ ਦੇ ਇੰਨੇ ਵਰ੍ਹੇ ਬੀਤਣ ਤੋਂ ਬਾਅਦ ਵੀ ਸ਼ਹਿਰਾਂ ਦਾ ਚੰਗੀ ਤਰ੍ਹਾਂ ਵਿਕਾਸ ਨਹੀਂ ਹੋ ਪਾਇਆ ਹੈ। ਕਰੋੜਾਂ ਰੁਪਏ ਖ਼ਰਚਣ ਦੇ ਬਾਵਜੂਦ ਅੱਜ ਸ਼ਹਿਰ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ।



**ਸੰਜੀਵ ਸੈਣੀ**

ਹਰ ਮੌਨਸੂਨ 'ਚ ਦੇਸ਼ ਦੇ ਲੋਕ ਬਰਸਾਤ ਸਬੰਧੀ ਸਮੱਸਿਆਵਾਂ ਨਾਲ ਜੂਝਦੇ ਹਨ। ਦੇਸ਼ ਦੇ ਛੋਟੇ-ਵੱਡੇ ਸ਼ਹਿਰ ਪਾਣੀ ਭਰਨ ਨਾਲ ਜੂਝ ਰਹੇ ਹਨ। ਮੌਨਸੂਨ ਦੀ ਪਹਿਲੀ ਬਾਰਿਸ਼ ਕਈ ਥਾਵਾਂ 'ਤੇ ਆਫ਼ਤ ਲੈ ਕੇ ਆਈ ਹੈ। ਲਗਾਤਾਰ ਮੀਂਹ ਪੈਣ ਕਾਰਨ ਕਈ ਥਾਵਾਂ 'ਤੇ ਪਾਣੀ ਭਰਨ ਨਾਲ ਹਾਦਸੇ ਹੁੰਦੇ ਹਨ, ਟਰੈਫਿਕ ਜਾਮ ਹੋ ਜਾਂਦੀ ਹੈ। ਸੜਕਾਂ ਟੁੱਟ ਜਾਂਦੀਆਂ ਹਨ। ਖੁੱਲ੍ਹੇ ਮੈਨਹੋਲਾਂ ਵਿਚ ਵੀ ਕਈ ਲੋਕ ਜਾ ਡਿੱਗਦੇ ਹਨ। ਨਦੀਆਂ-ਨਾਲਿਆਂ ਦੀ ਚੰਗੀ ਤਰ੍ਹਾਂ ਸਫਾਈ ਤੱਕ ਨਹੀਂ ਹੋਈ। ਬਿਜਲੀ ਦੇ ਖੰਭਿਆਂ ਵਿਚ ਕਰੰਟ ਆਉਣ ਕਾਰਨ ਅਣਸੁਖਾਵੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਪਹਾੜੀ ਖੇਤਰਾਂ ਵਿਚ ਲਗਾਤਾਰ ਬੱਦਲ ਫਟਣ ਦੀਆਂ ਖਬਰਾਂ ਅਸੀਂ ਆਮ ਸੁਣਦੇ ਹਾਂ। ਅੱਗੇ ਜਦੋਂ ਹੋਰ ਲਗਾਤਾਰ ਬਾਰਿਸ਼ ਹੋਣੀ ਹੈ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ। ਮੁੰਬਈ ਵਿਚ ਹੋ ਰਹੀ ਲਗਾਤਾਰ ਬਾਰਿਸ਼ ਦੀਆਂ ਖਬਰਾਂ ਅਸੀਂ ਆਮ ਸੁਣ ਰਹੇ ਹਾਂ। ਪਹਾੜੀ ਖੇਤਰਾਂ ਵਿਚ ਲੈਂਡਸਲਾਈਡ ਜਾਂ ਢਿੱਗਾਂ ਡਿੱਗਣ ਦੀਆਂ ਖਬਰਾਂ ਪੜ੍ਹਦੇ ਹਾਂ। ਅੱਜ ਵੱਡੇ ਮਹਾਂ ਨਗਰਾਂ ਨੂੰ ਬਾਰਿਸ਼ ਦੌਰਾਨ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੇਂਡੂ ਸ਼ਹਿਰੀ ਕਸਬਿਆਂ ਦਾ ਤਾਂ ਕੀ ਹਾਲ ਹੋਵੇਗਾ? ਯੋਜਨਾਬੱਧ ਤਰੀਕੇ ਨਾਲ ਵਿਕਾਸ ਨੂੰ ਤਰਜੀਹ ਨਹੀਂ ਦਿੱਤੀ ਗਈ। ਕਈ ਸ਼ਹਿਰਾਂ ਵਿਚ ਗੰਦਗੀ ਦੇ ਢੇਰ ਲੱਗੇ ਹੋਏ ਹਨ। ਕੋਈ ਵਿਰਲਾ ਹੀ ਸ਼ਹਿਰ ਹੋਣਾ, ਜਿਸ ਵਿਚ ਸੀਵਰੇਜ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਵਧੀਆ ਹੋਵੇ। ਨਹੀਂ ਤਾਂ ਵੱਡੇ-ਵੱਡੇ ਪ੍ਰਾਪਰਟੀ ਡੀਲਰਜ਼ ਨੇ ਸਿਆਸੀ ਲੋਕਾਂ ਨਾਲ ਮਿਲ ਕੇ ਅਣ-ਅਧਿਕਾਰਤ ਕਲੋਨੀਆਂ ਕੱਟੀਆਂ ਹੋਈਆਂ ਹਨ, ਜੋ ਅਨੇਕ ਸਮੱਸਿਆਵਾਂ ਨਾਲ ਘਿਰੀਆਂ ਹੋਈਆਂ ਹਨ। ਨਾ ਤਾਂ ਉੱਥੇ ਪੀਣ ਵਾਲੇ ਪਾਣੀ ਦੀ ਚੰਗੀ ਤਰ੍ਹਾਂ ਸਪਲਾਈ ਹੈ, ਤੇ ਨਾ ਹੀ ਸੀਵਰੇਜ ਦਾ ਕੋਈ ਢੁਕਵਾਂ ਪ੍ਰਬੰਧ ਹੈ। ਸੀਵਰ ਓਵਰ-ਫਲੋ ਕਰਕੇ ਗਲੀਆਂ ਵਿਚ ਜਾ ਰਿਹਾ ਹੈ। ਪਿੱਛੇ ਜਿਹੇ ਇੰਦੌਰ ਸ਼ਹਿਰ ਵਿਚ ਸੀਵਰ ਦਾ ਗੰਦਾ ਪਾਣੀ ਪੀਣ ਵਾਲੇ ਪਾਣੀ ਵਿਚ ਮਿਲਣ ਕਾਰਨ ਕਈ ਜਾਨਾਂ ਗਈਆਂ। ਹਾਲਾਂਕਿ ਸਫਾਈ ਪੱਖੋਂ ਇੰਦੌਰ ਹਮੇਸ਼ਾ ਪਹਿਲੇ ਨੰਬਰ 'ਤੇ ਰਿਹਾ। ਕਈ ਜਗ੍ਹਾ 'ਤੇ ਟਰੀਟਮੈਂਟ ਪਲਾਂਟ ਵੀ ਚਿੱਟਾ ਹਾਥੀ ਸਾਬਤ ਹੋ ਰਹੇ ਹਨ। ਨਤੀਜੇ ਵਜੋਂ ਸ਼ਹਿਰ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਘਟਣ ਦੇ ਕੋਈ ਆਸਾਰ ਦਿਖਦੇ ਨਹੀਂ ਹਨ। ਟੁੱਟੀਆਂ ਸੜਕਾਂ ਤੇ ਚਿੱਕੜ ਵਾਲੀਆਂ ਗਲੀਆਂ ਵਿਚੋਂ ਲੋਕ ਲੰਘਣ ਲਈ ਮਜਬੂਰ ਹਨ। ਸਫਾਈ ਮੁਲਾਜ਼ਮਾਂ ਨੂੰ ਤਨਖਾਹਾਂ ਲਈ ਹੜਤਾਲਾਂ ਕਰਨੀਆਂ ਪੈਂਦੀਆਂ ਹਨ।

ਸ਼ਹਿਰਾਂ ਮੂਹਰੇ ਅਨੇਕਾਂ ਸਮੱਸਿਆਵਾਂ ਚਟਾਨ ਵਾਂਗੂੰ ਖੜ੍ਹੀਆਂ ਹਨ। ਵਿਚਾਰਨ ਵਾਲੀ ਗੱਲ ਹੈ ਕਿ ਲੋਕ ਪ੍ਰਾਪਰਟੀ ਟੈਕਸ ਭਰਦੇ ਹਨ, ਪਰ ਅਜਿਹੀਆਂ ਬਹੁਤ ਸਾਰੀਆਂ ਕਲੋਨੀਆਂ ਹਨ, ਜਿੱਥੇ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਬਰਸਾਤਾਂ ਦੌਰਾਨ ਸੜਕਾਂ 'ਤੇ ਪਾਣੀ ਖੜ੍ਹਾ ਹੋ ਜਾਂਦਾ ਹੈ। ਫੁੱਟਪਾਥਾਂ 'ਤੇ ਨਾਜਾਇਜ਼ ਕਬਜ਼ੇ ਹਨ, ਜਿਸ ਕਾਰਨ ਰਾਹਗੀਰਾਂ ਨੂੰ ਚੱਲਣ ਵਿਚ ਮੁਸ਼ਕਲ ਆਉਂਦੀ ਹੈ। ਮੋਦੀ ਜੀ ਨੇ ਸੰਬੋਧਨ ਕਰਦਿਆਂ ਕਿਹਾ ਸੀ ਕਿ ਨਗਰ ਕੌਂਸਲ, ਨਗਰ ਨਿਗਮ, ਨਗਰ ਪੰਚਾਇਤਾਂ ਸਥਾਨਕ ਸਰਕਾਰਾਂ ਦੇ ਅਧੀਨ ਆਉਂਦੀਆਂ ਹਨ, ਅਜੇ ਤੱਕ ਵੀ ਇਹ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਰਹੀਆਂ। ਸ਼ਹਿਰਾਂ ਦਾ ਵਿਕਾਸ ਕਰਨਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ। ਮੋਦੀ ਜੀ ਨੇ ਕਿਹਾ ਕਿ ਆਜ਼ਾਦੀ ਦੇ ਇੰਨੇ ਵਰ੍ਹੇ ਬਾਅਦ ਵੀ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਵੀ ਨਹੀਂ ਮਿਲ ਰਿਹਾ, ਜਿਸ ਕਾਰਨ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਪ੍ਰਭਾਵਿਤ ਹਨ। ਸ਼ਹਿਰੀ ਸਮੱਸਿਆਵਾਂ ਨਾ ਸਿਰਫ ਲੋਕਾਂ ਦੀ ਸਰੀਰਕ ਸਿਹਤ ਬਲਕਿ ਉਨ੍ਹਾਂ ਦੀ ਦਿਮਾਗੀ ਸਿਹਤ 'ਤੇ ਵੀ ਮਾੜਾ ਪ੍ਰਭਾਵ ਪਾ ਰਹੀਆਂ ਹਨ। ਭ੍ਰਿਸ਼ਟਾਚਾਰ ਵੀ ਬਹੁਤ ਗੰਭੀਰ ਮੁੱਦਾ ਹੈ। ਸਮਾਰਟ ਸਿਟੀ ਯੋਜਨਾ ਤਹਿਤ ਸ਼ਹਿਰਾਂ ਨੂੰ ਗਰਾਂਟਾਂ ਵੀ ਵੰਡੀਆਂ ਜਾਂਦੀਆਂ ਹਨ। ਅੰਦਾਜ਼ੇ ਤੋਂ ਤਾਂ ਇਹੀ ਜਾਪਦਾ ਹੈ ਕਿ ਗਰਾਂਟਾਂ ਦੀ ਸਹੀ ਵਰਤੋਂ ਨਹੀਂ ਹੁੰਦੀ ਹੈ। ਅਜਿਹੇ ਕਾਲੋਨਾਈਜ਼ਰ ਦੀਆਂ ਕਾਲੋਨੀਆਂ ਸਥਾਨਕ ਸਰਕਾਰਾਂ ਦੇ ਅਧਿਕਾਰੀਆਂ ਨੂੰ ਬਿਲਕੁਲ ਵੀ ਪਾਸ ਨਹੀਂ ਕਰਨੀਆਂ ਚਾਹੀਦੀਆਂ। ਵੋਟਾਂ ਖ਼ਾਤਰ ਕਈ ਨੇਤਾ ਅਜਿਹੇ ਕਾਲੋਨਾਈਜ਼ਰ ਦਾ ਸਾਥ ਦਿੰਦੇ ਹਨ। ਹਾਲਾਂਕਿ ਅਣ-ਅਧਿਕਾਰਿਤ ਕਾਲੋਨੀਆਂ ਦੀਆਂ ਰਜਿਸਟਰੀਆਂ ਵੀ ਬੰਦ ਹਨ, ਫ਼ਿਰ ਵੀ ਕਈ ਜਗ੍ਹਾ ਅਧਿਕਾਰੀਆਂ ਰਾਹੀਂ ਪੈਸੇ ਲੈ ਕੇ ਰਜਿਸਟਰੀਆਂ ਕਰਨ ਦੀਆਂ ਖ਼ਬਰਾਂ ਸੁਣਦੇ ਹਾਂ। ਅਜਿਹੀਆਂ ਖ਼ਬਰਾਂ ਆਉਂਦੀਆਂ ਹਨ ਕਿ ਅੱਜ ਸਾਡੇ ਸ਼ਹਿਰ ਪ੍ਰਦੂਸ਼ਣ, ਸੀਵਰੇਜ, ਗੰਦਗੀ, ਕੂੜੇ-ਕਰਕਟ ਦੇ ਢੇਰ, ਆਵਾਜਾਈ ਸਮੱਸਿਆ ਨਾਲ ਜੂਝ ਰਹੇ ਹਨ। ਕਾਲੋਨਾਈਜ਼ਰ ਆਮ ਨਾਗਰਿਕਾਂ ਨੂੰ ਝੂਠ, ਬੋਲ ਕੇ ਆਪਣੇ ਜਾਲ ਵਿਚ ਫਸਾ ਲੈਂਦੇ ਹਨ। ਪੈਸੇ ਲੈ ਕੇ ਆਪ ਤਿੱਤਰ ਹੋ ਜਾਂਦੇ ਹਨ ਤੇ ਜੋ ਲੋਕ ਉੱਥੇ ਰਹਿੰਦੇ ਹਨ ਉਨ੍ਹਾਂ ਨੂੰ ਸਾਰੀ ਉਮਰ ਲਈ ਪਿੱਟਣਾ ਪੈ ਜਾਂਦਾ ਹੈ। ਵਿਕਸਿਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਵਧੀਆ ਸ਼ਹਿਰੀ ਬੁਨਿਆਦੀ ਢਾਂਚਾ ਹੋਣਾ ਜ਼ਰੂਰੀ ਹੈ। ਵਧੀਆ ਸ਼ਹਿਰੀਕਰਨ ਲਈ ਸੰਸਦਾਂ ਨੂੰ ਮਾਹਿਰਾਂ ਦੀ ਰਾਏ ਲੈਣੀ ਚਾਹੀਦੀ ਹੈ। ਨਗਰ ਨਿਗਮ ਦੇ ਅਧਿਕਾਰੀਆਂ ਤੇ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਯੋਜਨਾਬੱਧ ਵਿਕਾਸ ਨਾਲ ਹੀ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਿਲ ਕੀਤਾ ਜਾ ਸਕਦਾ ਹੈ।

## ਗੱਲ ਬਣੀ ਕਿ ਨਹੀਂ

**-ਐਸ. ਅਸ਼ੋਕ ਭੌਰਾ**



### ਟਿੰਡ 'ਚ ਕਾਨ੍ਹਾ

ਘੱਗਰਾ ਘੁਮਾਈ ਰੱਖ,
ਗੇੜਾ ਜਿਹਾ ਲਾਈ ਰੱਖ-
ਵਿਹਲਿਆਂ ਦੇ ਨਾਲੋਂ
ਕਾਨ੍ਹਾ ਟਿੰਡ ਵਿੱਚ ਪਾਈ ਰੱਖ...।

ਲੀਡਰਾਂ ਨੂੰ ਛੱਡ ਹੁਣ ਇਨ੍ਹਾਂ ਦਾ ਵਸਾਹ ਨੀ
ਨਿੱਤ ਲੈਂਦੇ ਸਿਰ ਨਵੀਂ ਟੋਪੀ 'ਚ ਫਸਾ ਨੀ
ਤੇਰਾ ਈ ਕਸੂਰ ਏ
ਕਾਹਨੂੰ ਰਿਹਾਂ ਝੂਰ ਏ
ਝੋਰਿਆਂ ਦੇ ਵਿਹੜੇ ਵਿਚ ਮੰਜਾ ਬਸ ਡਾਹੀ ਰੱਖ
ਘੱਗਰਾ...।

ਮਿਲ ਦੀਆਂ ਮੁਫਤ ਵਿਚ ਰਿਉੜੀਆਂ ਨੇ ਖਾਣ ਨੂੰ
ਭੁੱਲ ਨਾ ਤੂੰ ਜਾਈਂ ਕਿਤੇ ਐਸ਼ ਜਿਹੀ ਉਡਾਉਣ ਨੂੰ
ਚਿੱਟਾ ਏ ਜਾਂ ਕਾਲਾ ਏ
ਮਿਲਦਾ ਸੁਖਾਲਾ ਏ
ਨਿੱਕੇ ਨਿੱਕੇ ਲਾਲਚਾਂ ਨਾਲ ਪੁੱਤ ਮਰਵਾਈ ਰੱਖ-
ਘੱਗਰਾ...।

ਸਿਆਸਤ ਦੀ ਖੋਲ੍ਹੀ ਇਨ੍ਹਾਂ ਸਾਂਝੀ ਹੀ ਦੁਕਾਨ ਏ
ਹਾਲੇ ਤੱਕ ਥੋਨੂੰ ਇਹੋ ਆਈ ਨੀ ਪਛਾਣ ਏ
ਬੋਚੀ ਜਾਵੋ ਬੁਰਕੀਆਂ
ਸਹੀ ਜਾਵੋ ਘੁਰਕੀਆਂ
ਗੁੱਡੀ ਵਾਂਗ ਸੁਪਨੇ ਵੀ ਹਵਾ 'ਚ ਉਡਾਈ ਰੱਖ-
ਘੱਗਰਾ...।

ਜਿੰਦਾਬਾਦ ਆਖ ਆਖ ਪਾਈ ਜਾਓ ਬੋਲੀਆਂ
ਇਨ੍ਹਾਂ ਹੀ ਤਾਂ ਸੱਜਣਾਂ ਨੇ ਜਹਿਰਾਂ ਭੌਰੇ ਘੋਲੀਆਂ
ਉੱਚਾ ਐਵੇਂ ਬੋਲੀ ਨਾ
ਭੇਦ ਸਾਰੇ ਖੋਲੀਂ ਨਾ
ਜਿੰਦਾਂ ਕੋਈ ਨੱਚਦਾ ਏ ਉਵੇਂ ਹੀ ਨਚਾਈ ਰੱਖ-
ਘੱਗਰਾ...।

# ਰਣਨੀਤਕ ਖ਼ੁਦਮੁਖਤਿਆਰੀ ਨੂੰ ਖੋਰਾ

***ਦੇਸ਼ ਵਿਚ ਸਾਵਾਂ ਤੇ ਟਿਕਾਊ ਵਿਕਾਸ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਸਾਡੀ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਨੀਤੀ ਦੇਸ਼ ਦੀਆਂ ਹਕੀਕਤਾਂ ਅਤੇ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਅਤੇ ਲਾਗੂ ਕੀਤੀ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਦੇਸ਼ ਦੀ ਚੁਣੀ ਹੋਈ ਸਰਕਾਰ ਲੋਕਾਂ ਅਤੇ ਦੇਸ਼ ਦੀਆਂ ਲੋੜਾਂ ਅਨੁਸਾਰ ਸਟੈਂਡ ਲੈਂਦੀ ਹੈ।***

ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਮਿਲਣ 'ਤੇ ਸਾਡੇ ਦੇਸ਼ ਵਿਚ ਜਮਹੂਰੀਅਤ ਕਾਇਮ ਕਰਨ ਦਾ ਐਲਾਨ ਕੀਤਾ ਗਿਆ ਸੀ। ਹਰ ਬਾਲਗ ਨਾਗਰਿਕ ਲਈ ਬਗੈਰ ਕਿਸੇ ਭੇਦ-ਭਾਵ ਵੋਟ ਪਾਉਣ ਅਤੇ ਚੋਣ ਲੜਨ ਦਾ ਅਧਿਕਾਰ ਸੰਵਿਧਾਨਕ ਤੌਰ 'ਤੇ ਯਕੀਨੀ ਬਣਾਇਆ ਗਿਆ ਅਤੇ ਦੇਸ਼ ਵਿਚ ਜਮਹੂਰੀ, ਧਰਮ-ਨਿਰਪੱਖ ਅਤੇ ਸੁਤੰਤਰ ਗਣਤੰਤਰ ਕਾਇਮ ਕੀਤਾ ਗਿਆ। ਇਹ ਕਾਰਜ 26 ਜਨਵਰੀ 1950 ਵਿਚ ਸੰਵਿਧਾਨ ਲਾਗੂ ਕਰਕੇ ਰਸਮੀ ਤੌਰ 'ਤੇ ਪੂਰਾ ਕੀਤਾ ਗਿਆ ਸੀ। ਸੰਸਦ ਅਤੇ ਵਿਧਾਨ ਸਭਾਵਾਂ ਦੀਆਂ 1952 'ਚ ਹੋਈਆਂ ਚੋਣਾਂ ਦੌਰਾਨ ਇਸ ਨੂੰ ਅਮਲੀ ਰੂਪ ਵਿਚ ਲਾਗੂ ਕਰ ਦਿੱਤਾ ਗਿਆ।

ਪੇਂਡੂ ਖੇਤਰਾਂ ਵਿਚ ਭੂਮੀ ਸੁਧਾਰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ। ਜ਼ਮੀਨ ਦੀ ਮਾਲਕੀ ਦੀ ਵੱਧ ਤੋਂ ਵੱਧ ਸੀਮਾ ਨਿਰਧਾਰਿਤ ਕੀਤੀ ਗਈ ਅਤੇ ਵਾਧੂ ਜ਼ਮੀਨ ਨੂੰ ਬੇਜ਼ਮੀਨੇ ਕਿਸਾਨਾਂ ਵਿਚ ਵੰਡਣ ਦੇ ਉਪਰਾਲੇ ਕੀਤੇ ਗਏ। ਮੁਜ਼ਾਰਿਆਂ ਦੀ



**ਸੁੱਚਾ ਸਿੰਘ ਗਿੱਲ**

ਸੁਰੱਖਿਆ ਵਾਸਤੇ ਕਾਨੂੰਨ ਪਾਸ ਕੀਤੇ ਗਏ। ਉਦਯੋਗਿਕ ਨੀਤੀਆਂ ਅਨੁਸਾਰ ਕੁੰਜੀਵਤ ਅਤੇ ਰਣਨੀਤਕ ਉਦਯੋਗਿਕ ਇਕਾਈਆਂ ਨੂੰ ਜਨਤਕ ਖੇਤਰ ਵਾਸਤੇ ਰਾਖਵਾਂ ਕੀਤਾ ਗਿਆ।

ਘਰੇਲੂ ਅਤੇ ਛੋਟੀਆਂ ਦਸਤਕਾਰੀਆਂ ਨੂੰ ਖ਼ਾਸ ਰਿਆਇਤਾਂ ਦੇਣ ਦਾ ਐਲਾਨ ਕੀਤਾ ਗਿਆ। ਉਦਯੋਗਿਕ ਅਤੇ ਵਪਾਰਕ ਖੇਤਰ ਵਿਚ ਅਜ਼ਾਰੇਦਾਰੀ ਨੂੰ ਰੋਕਣ ਵਾਸਤੇ ਵੱਡੀਆਂ ਕੰਪਨੀਆਂ ਨੂੰ ਲਾਇਸੈਂਸ ਜਾਰੀ ਕਰਨ ਵੇਲੇ ਕੁਝ ਸ਼ਰਤਾਂ ਲਗਾਈਆਂ ਗਈਆਂ। 1950ਵਿਆਂ ਅਤੇ 1960ਵਿਆਂ ਦੌਰਾਨ ਲੀਡਰਸ਼ਿਪ ਦਾ ਵਿਚਾਰ ਸੀ ਕਿ ਦੇਸ਼ ਵਿਚ ਆਰਥਿਕ ਅਤੇ ਸਮਾਜਿਕ ਬਰਾਬਰੀ ਅਤੇ ਲੋਕ ਕਲਿਆਣ ਤੋਂ ਬਗੈਰ ਜਮਹੂਰੀਅਤ ਅਤੇ ਗਣਤੰਤਰ ਨੂੰ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ। ਇਸ ਵਿਚਾਰ ਦੇ ਮੁੱਖ ਵਿਆਖਿਆਕਾਰ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਨ। ਸੰਵਿਧਾਨ ਦੇ ਲਾਗੂ ਹੋਣ ਤੋਂ ਦੋ ਦਹਾਕਿਆਂ ਤੱਕ ਇਸ ਵਿਚਾਰ 'ਤੇ ਦੇਸ਼ ਵਿਚ ਆਮ ਸਹਿਮਤੀ ਬਣੀ ਹੋਈ ਸੀ।

ਇਸ ਸਮੇਂ ਦੌਰਾਨ ਯੋਜਨਾ ਕਮਿਸ਼ਨ (1960) ਦੀ ਅਗਵਾਈ ਹੇਠ ਦੇਸ਼ ਵਿਚ ਆਰਥਿਕ-ਸਮਾਜਿਕ ਵਿਕਾਸ ਦਾ ਮੁੱਢ ਬੱਝਿਆ। ਜਨਤਕ ਖੇਤਰ ਦੇ ਵਿਕਾਸ ਨਾਲ ਰੁਜ਼ਗਾਰ ਦੀ ਗੁਣਵੱਤਾ ਵਿਚ ਸੁਧਾਰ ਹੋਇਆ। ਕੁੰਜੀਵਤ ਅਤੇ ਰਣਨੀਤਕ ਖੇਤਰਾਂ ਤੋਂ ਅਗਾਂਹ 1969 ਵਿਚ ਵੱਡੇ ਪ੍ਰਾਈਵੇਟ ਬੈਂਕਾਂ ਦਾ ਕੌਮੀਕਰਨ ਕਰਕੇ ਜਨਤਕ ਖੇਤਰ ਦਾ ਪਸਾਰ ਕੀਤਾ ਗਿਆ। ਜਿਸ ਨੂੰ ਮਿਸ਼ਰਤ ਆਰਥਿਕਤਾ ਦਾ ਨਾਮ ਦਿੱਤਾ ਗਿਆ। ਆਰਥਿਕਤਾ ਦੇ ਇਸ ਮਾਡਲ ਨਾਲ ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਤਕੜੀਆਂ ਹੋਈਆਂ ਅਤੇ ਦੇਸ਼ ਦੀ ਜਮਹੂਰੀਅਤ ਮਜ਼ਬੂਤ ਹੋਈ। ਇਸ ਮਾਡਲ ਨੂੰ ਮਜ਼ਬੂਤੀ ਨਾਲ ਲਾਗੂ ਕਰਨ ਵਿਚ ਮੁਸ਼ਕਿਲਾਂ ਆਈਆਂ ਅਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਤੇ ਘਰਾਣੇ ਕਾਨੂੰਨੀ ਚੋਰ-ਮੋਰੀਆਂ ਦਾ ਫ਼ਾਇਦਾ ਉਠਾ ਕੇ ਆਪਣਾ ਕਾਰੋਬਾਰ ਫੈਲਾਉਣ ਵਿਚ ਕਾਮਯਾਬ ਰਹੇ।

ਇਸ ਵਿਕਾਸ ਮਾਡਲ ਨੂੰ 1974 ਵਿਚ ਘਰੇਲੂ ਅਤੇ ਵਿਦੇਸ਼ੀ ਦਬਾਅ ਹੇਠ ਗੰਭੀਰ ਚੁਣੌਤੀਆਂ ਨੇ ਆਣ ਘੇਰਿਆ। ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਨੇ ਮੁਦਰਾ-ਸਫ਼ੀਤੀ ਦੀ ਸਮੱਸਿਆ ਪੈਦਾ ਕਰ ਦਿੱਤੀ। ਅਲਾਹਾਬਾਦ ਹਾਈਕੋਰਟ ਦੇ ਜੱਜ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੰਸਦੀ ਚੋਣ ਨੂੰ ਰੱਦ ਕਰ ਦਿੱਤਾ ਸੀ। ਇਸ ਕਰਕੇ ਵਿਰੋਧੀਆਂ ਵੱਲੋਂ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੀ ਮੰਗ ਉੱਠਣ 'ਤੇ ਦੇਸ਼ ਵਿਚ ਅੰਦਰੂਨੀ ਐਮਰਜੈਂਸੀ ਲਗਾ ਦਿੱਤੀ ਗਈ। ਇੱਕ ਲੱਖ ਦੇ ਲਗਪਗ ਵਿਰੋਧੀ ਪਾਰਟੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਸੀ। ਅਖ਼ਬਾਰਾਂ 'ਤੇ ਸੈਂਸਰਸ਼ਿਪ ਲਗਾ ਦਿੱਤੀ ਗਈ, ਪਰ ਐਮਰਜੈਂਸੀ ਦਾ ਵਿਰੋਧੀ ਪਾਰਟੀਆਂ ਨੇ ਸਖ਼ਤ ਵਿਰੋਧ ਕੀਤਾ ਸੀ। ਅਖ਼ਬਾਰਾਂ ਵੱਲੋਂ ਸੈਂਸਰ ਕਾਰਨ ਰੋਕੀਆਂ ਖ਼ਬਰਾਂ ਦੀ ਜਗ੍ਹਾ ਖਾਲੀ ਛੱਡ ਕੇ 'ਸੈਂਸਰ ਦੀ ਭੇਟ' ਲਿਖ ਕੇ ਵਿਰੋਧ ਕੀਤਾ ਜਾਂਦਾ ਸੀ। 21 ਮਾਰਚ 1977 ਨੂੰ ਐਮਰਜੈਂਸੀ ਹਟਾ ਦਿੱਤੀ ਗਈ ਅਤੇ ਇਸ ਮਗਰੋਂ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। 1980 ਵਿਚ ਕਾਂਗਰਸ ਮੁੜ ਸੱਤਾ ਵਿਚ ਆਈ। ਉਸ ਵੇਲੇ ਵਿਦੇਸ਼ੀ ਸਿੱਕੇ ਦੀ ਘਾਟ ਕਾਰਨ ਕੌਮਾਂਤਰੀ ਮੁਦਰਾ ਕੋਸ਼ ਤੋਂ ਵੱਡਾ ਕਰਜ਼ਾ ਲਿਆ ਗਿਆ ਅਤੇ ਸ਼ਰਤਾਂ ਅਨੁਸਾਰ ਆਰਥਿਕਤਾ ਵਿਚ ਵਿਦੇਸ਼ੀ ਤੇ ਘਰੇਲੂ ਸਰਮਾਏ ਵਾਸਤੇ ਖੁੱਲ੍ਹਾਂ ਮਨਜ਼ੂਰ ਕੀਤੀਆਂ ਗਈਆਂ। ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ। ਇਸ ਮਗਰੋਂ 1991 ਵਿਚ ਵੱਡੇ ਝਟਕੇ ਨਾਲ ਨਵੀਂ ਆਰਥਿਕ ਨੀਤੀ ਅਪਣਾਈ ਗਈ ਅਤੇ ਦੇਸ਼ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਣਿਆਂ ਲਈ ਪੂਰੀ ਤਰ੍ਹਾਂ ਖੋਲ੍ਹ ਕੇ ਵਿਸ਼ਵ ਆਰਥਿਕਤਾ ਨਾਲ ਜੋੜ ਦਿੱਤਾ ਗਿਆ। ਪਹਿਲੀ ਜਨਵਰੀ 1996 ਵਿਚ ਵਿਸ਼ਵ ਵਪਾਰ ਸੰਸਥਾ ਦੇ ਹੋਂਦ ਵਿਚ ਆਉਣ ਮਗਰੋਂ ਭਾਰਤ ਦੀ ਆਰਥਿਕਤਾ ਹੋਰ ਜ਼ਿਆਦਾ ਪੱਧਰ 'ਤੇ ਵਿਸ਼ਵ ਆਰਥਿਕਤਾ ਨਾਲ ਜੁੜੀ। ਹੌਲੀ-ਹੌਲੀ ਆਰਥਿਕ ਬਰਾਬਰੀ ਦੇ ਵਿਕਾਸ ਦੇ ਸਿਧਾਂਤ ਦੇ ਉਲਟ ਕਾਰਪੋਰੇਟ ਆਧਾਰਿਤ ਨਾਬਰਾਬਰੀ ਦੇ ਆਰਥਿਕ ਵਿਕਾਸ ਦੇ ਸਿਧਾਂਤ ਨੂੰ ਅਪਣਾ ਲਿਆ ਗਿਆ।

ਇਸ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਸਿੱਖਿਆ ਦਾ ਅਧਿਕਾਰ, ਸੂਚਨਾ ਦਾ ਅਧਿਕਾਰ, ਖੁਰਾਕ ਸੁਰੱਖਿਆ ਅਤੇ ਮਨਰੇਗਾ ਐਕਟ ਪਾਸ ਕੀਤੇ ਗਏ। ਇਨ੍ਹਾਂ ਕਾਨੂੰਨਾਂ ਨੂੰ 2014 ਤੋਂ ਬਾਅਦ ਬੇਅਸਰ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਯੋਜਨਾ ਕਮਿਸ਼ਨ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਨਵੀਂ ਆਰਥਿਕ ਨੀਤੀ ਦੇ ਪ੍ਰਭਾਵਾਂ ਖ਼ਿਲਾਫ਼ ਲੋਕਾਂ ਦੇ ਗੁੱਸੇ ਨੂੰ ਰੋਕਣ ਵਾਸਤੇ ਸਖ਼ਤ ਕਾਨੂੰਨ ਬਣਾਏ ਗਏ ਹਨ ਅਤੇ ਲੋਕ ਲਹਿਰਾਂ 'ਤੇ ਸੁਰੱਖਿਆ ਬਲਾਂ ਵੱਲੋਂ ਸਖ਼ਤੀ ਵਰਤੀ ਜਾਂਦੀ ਹੈ। ਸਮਾਜਿਕ ਕਾਰਕੁਨਾਂ 'ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਮੀਡੀਆ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾ ਰਿਹਾ ਹੈ। ਜਮਹੂਰੀਅਤ ਦੇ ਥੰਮ੍ਹ ਕਮਜ਼ੋਰ ਕੀਤੇ ਜਾ ਰਹੇ ਹਨ। ਸਮਾਜਿਕ ਲਹਿਰ ਦੇ ਕਾਰਕੁਨਾਂ ਅਤੇ ਸਰਕਾਰ ਨੂੰ ਸਵਾਲ ਕਰਨ ਵਾਲਿਆਂ ਨੂੰ ਸ਼ਹਿਰੀ ਨਕਸਲੀ, ਪਰਜੀਵੀ, ਦੇਸ਼ ਵਿਰੋਧੀ ਆਦਿ ਕਿਹਾ ਜਾਂਦਾ ਹੈ। ਕਿਰਤ ਕਾਨੂੰਨਾਂ ਨੂੰ ਕਮਜ਼ੋਰ ਕਰਨ ਲਈ ਚਾਰ ਨਵੇਂ ਕੋਡ ਤਿਆਰ ਕੀਤੇ ਗਏ ਹਨ। ਜਮਹੂਰੀਅਤ ਦੇ ਬੁਨਿਆਦੀ ਸਿਧਾਂਤ 'ਲੋਕ ਸਰਕਾਰ ਨੂੰ ਚੁਣਦੇ ਹਨ' ਦੇ ਉਲਟ ਸਰਕਾਰ ਇਹ ਫੈਸਲਾ ਲੈ ਰਹੀ ਹੈ ਕਿ 'ਕੌਣ ਵੋਟਾਂ ਪਾ ਸਕਦੇ ਹਨ'। ਮੌਜੂਦਾ ਹਾਲਾਤ ਦਾ ਅਧਿਐਨ ਕਰਨ ਤੋਂ ਬਾਅਦ ਸਵੀਡਨ ਦੀ ਸੰਸਥਾ ਵੀ ਡੈਮ ਦੀ ਰਿਪੋਰਟ 2026 ਨੇ ਭਾਰਤ ਨੂੰ ਇੱਕ ਚੁਣੀ ਹੋਈ ਤਾਨਾਸ਼ਾਹੀ (Elected Autocracy) ਕਰਾਰ ਦਿੱਤਾ ਹੈ। ਇਸ ਦੇ ਪੰਜ ਮੁੱਖ ਲੱਛਣ ਹਨ: (1) ਆਪਣੇ ਵਿਚਾਰ ਰੱਖਣ ਦੀ ਆਜ਼ਾਦੀ 'ਤੇ ਰੋਕ, (2) ਜਥੇਬੰਦੀਆਂ ਬਣਾਉਣ ਅਤੇ ਚਲਾਉਣ ਦੀ ਆਜ਼ਾਦੀ ਦੀ ਘਾਟ, (3) ਪਾਰਟੀਆਂ ਦੇ ਸਿਆਸੀ ਮੁਕਾਬਲੇ ਦੀ ਅਣਹੋਂਦ, (4) ਚੋਣਵੀਂ ਮੀਡੀਆ ਸੈਂਸਰਸ਼ਿਪ ਅਤੇ ਨਾਗਰਿਕ ਸਮਾਜਸੇਵੀ ਜਥੇਬੰਦੀਆਂ 'ਤੇ ਸਖ਼ਤੀ ਅਤੇ (5) ਅਕਾਦਮਿਕ ਤੇ ਧਾਰਮਿਕ ਆਜ਼ਾਦੀ 'ਤੇ ਰੋਕ। ਇਹ ਬਹੁਤ ਗੰਭੀਰ ਦਾ ਵਿਸ਼ਾ ਹੈ। ਰਾਜਨੀਤੀ ਵਿਚ ਇੱਕ ਹੋਰ ਮਹੱਤਵਪੂਰਨ ਤਬਦੀਲੀ ਦੇਸ਼ ਵਿਚ ਵਧ ਰਿਹਾ ਫ਼ਿਰਕੂ ਧਰੁਵੀਕਰਨ ਹੈ।

ਬਹੁਗਿਣਤੀ ਧਾਰਮਿਕ ਭਾਈਚਾਰੇ ਨੂੰ ਘੱਟਗਿਣਤੀਆਂ ਖ਼ਿਲਾਫ਼ ਲਾਮਬੰਦ ਕੀਤਾ ਜਾ ਰਿਹਾ ਹੈ। ਇਸ ਆਧਾਰ 'ਤੇ ਕ੍ਰਿਸਟੋਵ ਜੈਫਰੇਲੋਟ; ਸੈਮੀ ਸਮੂਹਾ ਅਨੁਸਾਰ ਦੇਸ਼ ਵਿਚ 'ਹਿੰਦੂ ਰਾਸ਼ਟਰਵਾਦ ਅਤੇ ਨਸਲੀ ਜਮਹੂਰੀਅਤ ਦੀ ਉਤਪਤੀ' ਹੋ ਚੁੱਕੀ ਹੈ।


ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਦੀ ਪ੍ਰਭੂਸੱਤਾ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਕਿਸੇ ਦੇਸ਼ ਤੋਂ ਕਿਹੜੀ ਵਸਤੂ ਭਾਰਤ ਨੇ ਮੰਗਵਾਉਣੀ ਹੈ, ਇਸ ਵਿਚ ਅਮਰੀਕਾ ਦਖਲਅੰਦਾਜ਼ੀ ਕਰ ਰਿਹਾ ਹੈ। ਭਾਰਤ ਕੂਟਨੀਤਕ ਫ਼ੈਸਲੇ ਲੈਣ ਮੌਕੇ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਅਮਰੀਕਾ ਦੇ ਸਹਿਯੋਗੀ ਦੇਸ਼ ਭਾਵੇਂ ਇਸ ਨਾਲ ਸਹਿਮਤ ਨਹੀਂ ਹਨ, ਪਰ ਉਹ ਭਾਰਤ ਪ੍ਰਤੀ ਅਮਰੀਕਾ ਦੇ ਵਿਹਾਰ ਬਾਰੇ ਬੋਲਦੇ ਵੀ ਨਹੀਂ। ਕੂਟਨੀਤਕ ਖ਼ੁਦਮੁਖਤਿਆਰੀ ਨਾਲ ਸਮਝੌਤਾ ਕਰਨ ਨਾਲ ਦੇਸ਼ ਵਾਸਤੇ ਭਵਿੱਖ ਵਿਚ ਮਾੜੇ ਨਤੀਜੇ ਨਿਕਲਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਸਿਆਸੀ ਤੌਰ 'ਤੇ ਦੇਸ਼ ਦੀ ਆਜ਼ਾਦ ਹਸਤੀ ਅਤੇ ਗਣਤੰਤਰਤਾ ਨੂੰ ਠੇਸ ਪੁੱਜ ਸਕਦੀ ਹੈ। ਸਿੱਧਾ ਵਿਦੇਸ਼ੀ ਦਖ਼ਲ ਅਤੇ ਵਿਦੇਸ਼ੀ ਕੰਪਨੀਆਂ ਦਾ ਅਸਿੱਧਾ ਕੰਟਰੋਲ ਦੇਸ਼ ਦੀ ਆਰਥਿਕ ਅਤੇ ਸਮਾਜਿਕ ਦਿਸ਼ਾ ਤੇ ਦਸ਼ਾ ਨੂੰ ਪ੍ਰਭਾਵਿਤ ਕਰਕੇ ਲੋਕ ਵਿਰੋਧੀ ਰੂਪ ਧਾਰਨ ਕਰ ਸਕਦਾ ਹੈ। ਇਸ ਨਾਲ ਦੇਸ਼ ਦੀ ਆਰਥਿਕ ਨੀਤੀ ਘੜਨ ਅਤੇ ਲਾਗੂ ਕਰਨ ਵਿਚ ਮੁਸ਼ਕਿਲਾਂ ਆ ਸਕਦੀਆਂ ਹਨ। ਇਸ ਦੀ ਮੁੱਖ ਮਿਸਾਲ ਖੇਤੀ ਨਾਲ ਸਬੰਧਿਤ ਵਿਦੇਸ਼ੀ ਸਾਮਾਨ ਮੰਗਵਾਉਣ ਬਾਰੇ ਹੈ। ਵਿਸ਼ਵ ਵਪਾਰ ਸੰਸਥਾ ਬਣਨ ਤੋਂ 10 ਸਾਲ ਬਾਅਦ ਸਾਲ 2005 ਤੋਂ ਹੀ ਅਮਰੀਕਾ ਅਤੇ ਯੂਰੋਪੀ ਸੰਘ ਦਬਾਅ ਪਾ ਰਹੇ ਸਨ ਕਿ ਭਾਰਤ ਖੇਤੀ ਵਸਤਾਂ ਦੀ ਮੰਡੀ ਵਿਚ ਵਿਦੇਸ਼ੀ ਮਾਲ ਆਉਣ ਦੀ ਖੁੱਲ੍ਹ ਦੇਵੇ, ਪਰ ਭਾਰਤ ਸਰਕਾਰ ਨੇ ਇਸ ਦੀ ਇਜਾਜ਼ਤ ਨਹੀਂ ਸੀ ਦਿੱਤੀ ਪਰ ਹੁਣ ਅਮਰੀਕਾ-ਭਾਰਤ ਵਪਾਰ ਸਮਝੌਤੇ ਤਹਿਤ ਅਮਰੀਕਾ ਤੋਂ ਖੇਤੀ ਵਸਤਾਂ ਦੇ ਆਉਣ 'ਤੇ ਰੋਕ ਨੂੰ ਹਟਾਉਣ ਦੇ ਸੰਕੇਤ ਮਿਲ ਰਹੇ ਹਨ। ਇਸ ਦੀ ਮਾਰ ਭਾਰਤ ਦੀ ਛੋਟੀ ਕਿਸਾਨੀ 'ਤੇ ਪਵੇਗੀ। ਇਉਂ ਹੀ ਘਰੇਲੂ ਅਤੇ ਛੋਟੀਆਂ ਇਕਾਈਆਂ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਸਾਹਮਣੇ ਨਹੀਂ ਟਿਕ ਸਕਦੀਆਂ।

ਦੇਸ਼ ਵਿਚ ਸਾਵਾਂ ਤੇ ਟਿਕਾਊ ਵਿਕਾਸ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਸਾਡੀ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਨੀਤੀ ਦੇਸ਼ ਦੀਆਂ ਹਕੀਕਤਾਂ ਅਤੇ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਅਤੇ ਲਾਗੂ ਕੀਤੀ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਦੇਸ਼ ਦੀ ਚੁਣੀ ਹੋਈ ਸਰਕਾਰ ਲੋਕਾਂ ਅਤੇ ਦੇਸ਼ ਦੀਆਂ ਲੋੜਾਂ ਅਨੁਸਾਰ ਸਟੈਂਡ ਲੈਂਦੀ ਹੈ।

***-ਡਾ. ਸੁੱਚਾ ਸਿੰਘ ਗਿੱਲ ਉੱਘੇ ਅਰਥਵਿਗਿਆਨੀ ਹਨ।***

# ਕਾਵਿ-ਕਿਆਰੀ

ਅਮਰੀਕ ਸਿੰਘ
ਸ਼ਿਕਾਗੋ
(ਯੂ.ਐਸ.ਏ.)



## 'ਬੋਹੜ ਦੀ ਥਾਂ ਜਿਹੇ'

ਬੋਹੜਾਂ ਦੀ ਛਾਂ ਜਿਹੇ ਕਦੇ ਹੁੰਦੇ ਸੀ,
ਦੁੱਖਾਂ ਵਿਚ ਵੀ ਹੱਸਣਾ ਸਿਖਾ ਗਏ ਕੁਝ ਲੋਕ।
ਅੱਜ ਓਹੀ ਰੂਹਾਂ ਥੋਹਰ ਬਣ ਬੈਠੀਆਂ,
ਨੇੜੇ ਆ ਕੇ ਵੀ ਦੂਰ ਕਰਾ ਗਏ ਕੁਝ ਲੋਕ।

ਮੈਂ ਤਾਂ ਘਰ ਨਹੀਂ, ਦਿਲਾਂ ਵਿਚ ਵੱਸਿਆ ਸੀ,
ਸੋਚਿਆ ਸੀ ਮੇਰੇ ਲਈ ਵੀ ਕੋਈ ਬੂਹਾ ਖੁੱਲ੍ਹਾ ਹੋਵੇਗਾ।
ਪਰ ਜਦੋਂ ਵਕਤ ਦੀ ਧੁੱਪ ਨੇ ਘੇਰ ਲਿਆ,
ਹਰ ਸਾਇਆ ਆਪਣੇ ਘਰ ਨੂੰ ਮੁੜ ਗਿਆ।

'ਅਮਰ' ਲੱਭਦਾ ਰਿਹਾ ਸਰਨਾਮੇ ਤੇਰੀ,
ਕਿਤੋਂ ਸਾਰ ਨਾ ਮਿਲੇ, ਨਾ ਨਿਸ਼ਾਨ ਮਿਲੇ।
ਜਿਨ੍ਹਾਂ ਲਈ ਉਮਰ ਭਰ ਦੁਆਵਾਂ ਮੰਗੀਆਂ,
ਓਹੀ ਲੋਕ ਰਾਹਾਂ ਵਿਚ ਬੇਜ਼ੁਬਾਨ ਮਿਲੇ।

ਕਿੰਨੇ ਖ਼ਤ ਲਿਖੇ ਹਵਾਵਾਂ ਦੇ ਨਾਂ,
ਕਿੰਨੇ ਹੰਝੂ ਰਾਤਾਂ ਦੀ ਝੋਲੀ ਪਾਏ।
ਸਵੇਰ ਹੋਈ ਤਾਂ ਇਹੀ ਸਮਝ ਆਈ—
ਕੁਝ ਲੋਕ ਮੁੜਦੇ ਨਹੀਂ, ਸਿਰਫ਼ ਯਾਦਾਂ ਛੱਡ ਜਾਂਦੇ।

ਹੁਣ ਕਿਸੇ ਦੀਆਂ ਗੱਲਾਂ 'ਤੇ ਯਕੀਨ ਨਹੀਂ ਆਉਂਦਾ,
ਹਰ ਮੁਸਕਾਨ ਦੇ ਪਿੱਛੇ ਇੱਕ ਹਿਸਾਬ ਲੁਕਿਆ ਏ।
ਇੱਥੇ ਰਿਸ਼ਤਿਆਂ ਦੀ ਕੀਮਤ ਨਹੀਂ ਪੁੱਛੀ ਜਾਂਦੀ,
ਬੰਦੇ ਦੀ ਔਕਾਤ ਦਾ ਭਾਅ ਲਾਇਆ ਜਾਂਦਾ ਏ।
ਉਹ ਦਿਨ ਵੀ ਕਿੰਨੇ ਸੋਹਣੇ ਸਨ,
ਜਦੋਂ ਦਿਲਾਂ ਦੇ ਦਰਵਾਜ਼ੇ ਖੁੱਲ੍ਹੇ ਰਹਿੰਦੇ ਸਨ।
ਹੁਣ ਤਾਂ ਘਰ ਵੱਡੇ ਹੋ ਗਏ ਨੇ,
ਪਰ ਅੰਦਰਲੇ ਕਮਰੇ ਸੁੰਨੇ ਰਹਿੰਦੇ ਨੇ।

ਨਾ ਕੋਈ ਬੋਹੜ ਬਚਿਆ, ਨਾ ਉਹ ਛਾਂ,
ਹਰ ਪਾਸੇ ਥੋਹਰਾਂ ਦੀ ਹਕੂਮਤ ਵੇਖੀ।
ਜਿੱਥੇ ਪਿਆਰ ਦੇ ਫੁੱਲ ਖਿੜਦੇ ਸਨ,
ਉੱਥੇ ਨਫ਼ਰਤ ਦੀ ਖੇਤੀ ਵੇਖੀ।
ਕਬਰਾਂ ਚੁੱਪ ਨੇ, ਪਰ ਬੋਲਦੀਆਂ ਨੇ,
'ਜਿਉਂਦਿਆਂ ਨੇ ਮੁਰਦਿਆਂ ਨਾਲੋਂ ਵੱਧ ਦਫ਼ਨ ਕੀਤਾ।'
ਚਿਹਰੇ ਨਹੀਂ ਬਦਲੇ ਲੋਕਾਂ ਦੇ,
ਸਿਰਫ਼ ਜ਼ਮੀਰਾਂ ਨੇ ਕੱਪੜੇ ਬਦਲ ਲਏ।

ਮੈਂ ਅੱਜ ਵੀ ਦੁਆ ਕਰਦਾ ਹਾਂ,
ਕਿਸੇ ਦੇ ਹਿੱਸੇ ਇਹ ਵਿਛੋੜਾ ਨਾ ਆਵੇ।
ਜਿਸ ਨੂੰ ਆਪਣਾ ਕਹਿ ਕੇ ਰੂਹ ਸੌਂਪੋ,
ਉਹੀ ਇੱਕ ਦਿਨ ਅਜਨਬੀ ਨਾ ਬਣ ਜਾਵੇ।

'ਅਮਰ' ਅੱਜ ਵੀ ਬੋਹੜ ਲੱਭਦਾ ਫਿਰਦਾ ਏ,
ਕਿਸੇ ਥੱਕੇ ਮੁਸਾਫ਼ਿਰ ਨੂੰ ਛਾਂ ਦੇਣ ਲਈ।
ਪਰ ਇਸ ਮਤਲਬੀ ਜ਼ਮਾਨੇ ਨੇ ਇੱਕੋ ਸਬਕ ਦਿੱਤਾ—
ਬੋਹੜ ਬਣਨ ਵਾਲੇ ਕੱਟੇ ਜਾਂਦੇ ਨੇ,
ਥੋਹਰ ਬਣਨ ਵਾਲੇ ਬਚ ਜਾਂਦੇ ਨੇ।

---

## ਪੰਜਾਬ

ਜੀਣਾ ਹੋਏ ਮੁਹਾਲ ਨੇਤਾ ਰੱਖੇ ਨ ਖਿਆਲ,
ਵੋਟਾਂ ਨਾ ਜਗਾਈਆਂ ਸੁੱਤੀਆਂ ਤਕਦੀਰਾਂ।
ਇੱਕ ਨਸ਼ੇ ਦੀ ਮਾਰ ਉੱਤੋਂ ਕਰਜ਼ੇ ਦਾ ਭਾਰ,
ਖ਼ੁਦਕੁਸ਼ੀ ਦੀਆਂ ਨਿੱਤ ਛਪਣ ਤਸਵੀਰਾਂ।

ਕਿਤੇ ਮਜ਼ਹਬਾਂ ਦਾ ਰੌਲਾ ਪੁਜਾਰੀ ਬਣੇ ਭੋਲਾ,
ਜਾਤ-ਪਾਤ ਉਚ ਨੀਚ ਨਾ ਤੋੜੇ ਤਦਬੀਰਾਂ।

ਰਿਸ਼ਵਤ ਬੈਠੀ ਮੱਲ ਨਾ ਪਵੇ ਕਿਤੇ ਠੱਲ੍ਹ,
ਸਰਕਾਰਾਂ ਦੀਆਂ ਫੇਲ੍ਹ ਹੋਈਆਂ ਤਕਰੀਰਾਂ।

ਅੱਜ ਖੁਦ ਗਏ ਤੁਲ ਚੰਦ ਕੌਡੀਆਂ ਦੇ ਮੁੱਲ,
ਭੈੜੀਆਂ ਹੋਈਆਂ ਅੱਜ ਸਾਡੀਆਂ ਤਸੀਰਾਂ।

ਖ਼ੁਦਗਰਜ਼ੀ ਦਾ ਦੌਰ ਜਿਨ੍ਹੇਂ ਕੀਤਾ ਸਭ ਚੌੜ,
ਉੱਤੋਂ ਚੰਦਰੀ ਮਹਿੰਗਾਈ ਘੱਤੀਆਂ ਵਹੀਰਾਂ।

ਰੱਬ ਦਾ ਨਾਮ ਭੁੱਲੇ ਸਾਰੇ ਜਾਮ ਉਤੇ ਡੁੱਲ੍ਹੇ
ਛਿੱਲੇ ਜ਼ਖ਼ਮ ਮਨੁੱਖਤਾ ਦੇ ਵਾਂਗ ਕਰੀਰਾਂ।

ਵੇਚ ਕੇ ਜ਼ਮੀਰਾਂ ਜਿਹੜੇ ਲੈਂਦੇ ਨੇ ਜਗੀਰਾਂ,
ਰੁਲ ਗਏ ਆਪੇ ਕੌਮਾਂ ਹੋਈਆਂ ਨਾ ਤਮੀਰਾਂ।

*-ਸੇਵਾ ਸਿੰਘ 'ਨੂਰਪੁਰੀ'*

---

## ਵਕਤ

ਕਦੀ ਰੁਆਉਂਦਾ ਕਦੀ ਹਸਾਉਂਦਾ ਹੈ ਵਕਤ।
ਕਦੀ ਰੁਸਾਉਂਦਾ ਕਦੀ ਮਨਾਉਂਦਾ ਹੈ ਵਕਤ।
ਕਦੇ ਲੈ ਤੁਰਦਾ ਹੈ ਭਟਕਣ ਦੇ ਰਾਹਵਾਂ 'ਤੇ,
ਕਦੇ ਮੁਹੱਬਤ ਦੇ ਗੀਤ ਗੁਆਉਂਦਾ ਹੈ ਵਕਤ।

ਕਦੇ ਲੈ ਜਾਂਦਾ ਏ ਅਤੀਤ ਦੇ ਵਿਚ,
ਕਦੇ ਅੱਜ ਵਿਚ ਜੀਉਣਾ ਸਿਖਾਉਂਦਾ ਹੈ ਵਕਤ।
ਜਿਨ੍ਹਾਂ ਰਾਹਵਾਂ 'ਤੇ ਕਦੇ ਉਡੀਕਦਾ ਸੀ ਸੱਜਣ,
ਕਦੇ ਉਨ੍ਹਾਂ ਰਾਹਵਾਂ 'ਤੇ ਲਿਜਾਉਂਦਾ ਹੈ ਵਕਤ।
ਕਦੇ ਚਾੜ੍ਹ ਦਿੰਦਾ ਏ ਆਕਾਸ਼ 'ਤੇ ਗੁੱਡੀ,
ਕਦੇ ਗਲੀਆਂ ਦੇ ਵਿਚ ਰੁਲਾਉਂਦਾ ਹੈ ਵਕਤ।
ਕਦੇ ਕਿਸੇ ਨੂੰ ਬਿਠਾਉਂਦਾ ਏ ਤਖ਼ਤ 'ਤੇ ਇਹ,
ਕਦੇ ਕਿਸੇ ਨੂੰ ਤਖ਼ਤੇ 'ਤੇ ਚੜ੍ਹਾਉਂਦਾ ਹੈ ਵਕਤ।

ਕਦੇ ਕਿਸੇ ਨੂੰ ਭਰਦਾ ਏ ਹਉਮੈ ਦੇ ਨਾਲ,
ਕਦੇ ਕਿਸੇ ਨੂੰ ਹਲੀਮੀ ਸਿਖਾਉਂਦਾ ਹੈ ਵਕਤ।
ਗਿਲਾ ਨਾ ਕਰੀਂ 'ਨਾਗਰਾ' ਕਦੇ ਵਕਤ ਨਾਲ,
ਵਕਤ-ਵਕਤ 'ਤੇ ਰੰਗ ਵਿਖਾਉਂਦਾ ਹੈ ਵਕਤ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'*

---

## ਮੈਨੀ ਫੈਸਟੋ ਬਨਾਮ ਚੋਣ ਨਾਮਾ!

ਬੇਰ ਪੱਕ ਗਏ ਵੋਟਾਂ ਦੀਆਂ ਬੇਰੀਆਂ ਦੇ,
ਹੀਰ ਆਖਦੀ ਰਾਂਝਣਾਂ ਲਾਹ ਲਈਏ।
ਜੋ ਡੁੱਲ੍ਹ ਗਏ ਉਨ੍ਹਾਂ ਨੂੰ ਰਹਿਣ ਦੇਈਏ,
ਬਾਕੀ ਤੋੜ ਕੇ ਝੋਲੀ ਵਿਚ ਪਾ ਲਈਏ।
ਕਿਸੇ ਗੋਰਖ ਦੀ ਧੂਣੀ 'ਤੇ ਟੇਕ ਮੱਥਾ,
ਮੱਥੇ ਰਾਖ ਦਾ ਤਿਲਕ ਲੁਆ ਲਈਏ।
ਬਹੁਤ ਉਚੇ ਨੇ ਟੀਸੀ ਨੂੰ ਬੇਰ ਲੱਗੇ,
ਤੋੜਨ ਵਾਸਤੇ ਪੌੜੀਆਂ ਲਾ ਲਈਏ।
ਕਿਸੇ ਸੁੰਦਰਾਂ ਰਾਣੀ ਦੇ ਮਹਿਲ ਅੱਗੇ,
ਭੇਸ ਬਦਲ ਕੇ ਅਲਖ ਜਗਾ ਲਈਏ।
ਮੈਨੀਫੈਸਟੋ ਦੀ ਥਾਂ 'ਤੇ ਚੋਣ ਨਾਮਾ,
ਵਾਰਸ ਸ਼ਾਹ ਤੋਂ ਚੱਲ ਲਿਖਵਾ ਲਈਏ।

*-ਗੁਲਪੁਰ*

---

## ਪੰਜਾਬੀਅਤ ਦਾ ਗੀਤ

ਚੁੰਨੀਆਂ ਦੇ ਨਾਲ ਮੁਟਿਆਰਾਂ ਸੋਂਹਦੀਆਂ
ਪੱਗਾਂ ਨੇ ਪੰਜਾਬੀਆਂ ਦੀ ਸ਼ਾਨ ਹੁੰਦੀਆਂ
ਚੂੜੀਆਂ ਤੋਂ ਇੱਜ਼ਤਾਂ ਦੇ ਨਾਪ ਮਿਲਦੇ
ਕੜਿਆਂ ਤੋਂ ਅਣਖਾਂ ਪਛਾਣ ਹੁੰਦੀਆਂ।
ਪਾਇਆ ਚਿੱਟਾ ਚਾਦਰਾ ਕੜਿੱਲਾਂ ਕੱਢਦਾ
ਕੁੜਤਾ-ਪਜਾਮਾ ਪੂਰੀ ਛਾਪ ਛੱਡਦਾ
ਦਾਹੜੀ ਨਾਲ ਬੰਦਿਆਂ ਦਾ ਰੋਹਬ ਵੱਖਰਾ
ਮੁੱਛਾਂ ਤੋਂ ਆ ਚੜ੍ਹਤਾਂ ਬਿਆਨ ਹੁੰਦੀਆਂ
ਚੂੜੀਆਂ ਤੋਂ ਇੱਜ਼ਤਾਂ ਦੇ ਨਾਪ ਮਿਲਦੇ
ਕੜਿਆਂ ਤੋਂ ਅਣਖਾਂ ਪਛਾਣ ਹੁੰਦੀਆਂ

ਬਾਪੂ ਨਾਲ ਸਦਾ ਸਰਦਾਰੀ ਜੱਗ 'ਤੇ
ਮਾਂ ਜਿਹੀ ਚੀਜ਼ ਨਾ ਪਿਆਰੀ ਜੱਗ 'ਤੇ
ਹੌਂਸਲੇ ਬੁਲੰਦ ਰਹਿੰਦੇ ਪੁੱਤਾਂ ਕਰਕੇ
ਧੀਆਂ ਸਦਾ ਮਾਪਿਆਂ ਦੀ ਜਾਨ ਹੁੰਦੀਆਂ
ਚੂੜੀਆਂ ਤੋਂ ਇੱਜ਼ਤਾਂ ਦੇ ਨਾਪ ਮਿਲਦੇ
ਕੜਿਆਂ ਤੋਂ ਅਣਖਾਂ ਪਛਾਣ ਹੁੰਦੀਆਂ।
ਜਿਉਂਦਿਆਂ ਜ਼ਮੀਰਾਂ ਨਾਲ ਸੋਹਦੀ ਜ਼ਿੰਦਗੀ
ਗੀਤ ਕੁਰਬਾਨੀਆਂ ਦੇ ਗਾਉਂਦੀ ਜ਼ਿੰਦਗੀ
ਸਦਾ ਕਿਰਦਾਰਾਂ ਨਾਲ ਦਿਨ ਕੱਟੀਏ
ਅਣਖਾਂ ਨੇ ਬੰਦਿਆਂ ਦਾ ਮਾਣ ਹੁੰਦੀਆਂ
ਗੱਲਾਂ ਨਾਲ ਨਹੀਓਂ ਗੱਲਬਾਤ ਬਣਦੀ
ਛੱਜਾਂ ਨਾਲ ਘੁੰਡੀਆਂ ਨੀ ਛਾਣ ਹੁੰਦੀਆਂ
ਚੁੰਨੀਆਂ ਤੋਂ ਇੱਜ਼ਤਾਂ ਦੇ ਨਾਪ ਮਿਲਦੇ
ਪੱਗਾਂ ਤੋਂ ਨੇ ਅਣਖਾਂ ਪਛਾਣ ਹੁੰਦੀਆਂ।

ਯਾਰਾਂ ਨਾਲ ਸਦਾ ਹੀ ਚੜ੍ਹਾਈਆਂ ਰਹਿਨੀਆਂ
ਚੁੱਲਿਆਂ ਤੇ ਚੜ੍ਹੀਆਂ ਕੜ੍ਹਾਈਆਂ ਰਹਿਨੀਆਂ
'ਸਹੋਤਿਆ' ਸ਼ਹੀਦ ਹੋਏ ਕਿੰਨੇ ਕੌਮ ਦੇ
ਨੰਬਰਾਂ ਤੋਂ ਕੌਮਾਂ ਸਦਾ ਜਾਣ ਹੁੰਦੀਆਂ
ਚੁੰਨੀਆਂ ਤੋਂ ਇੱਜ਼ਤਾਂ ਦੇ ਨਾਪ ਮਿਲਦੇ
ਪੱਗਾਂ ਤੋਂ ਨੇ ਅਣਖਾਂ, ਪਛਾਣ ਹੁੰਦੀਆਂ।
ਕਰਕੇ ਬਰੀਕ ਲਾਉਣੇ ਪੈਂਦੇ ਛਾਨਣੇ
ਛੱਜਾਂ ਨਾਲ ਘੁੰਡੀਆਂ ਨੀ ਛਾਣ ਹੁੰਦੀਆਂ।

*-ਕੁਲਵੀਰ ਸਿੰਘ ਡਾਨਸੀਵਾਲ*

---

## ਹਾਏ ਮੇਰੇ ਪੰਜਾਬ!

ਮੈਨੂੰ ਗਏ ਪੰਜਾਬ ਦੀ ਭਾਲ ਕੁੜੇ।
ਕਦੇ ਹੈ ਸੀ ਜੋ ਮਾਲੋ-ਮਾਲ ਕੁੜੇ।
ਦੋਖੀ ਬੇੜੀ ਵੱਟੇ ਪਾਉਂਦੇ ਰਹੇ,
ਹੁਣ ਹੋ ਗਿਆ ਹਾਲੋਂ ਬੇਹਾਲ ਕੁੜੇ।
ਸਨ ਜੁੱਸਿਆਂ ਵਾਲੇ ਜਵਾਨ ਇਥੇ।
ਸੁੰਦਰ ਤ੍ਰੀਮਤਾਂ ਵਾਲੀ ਖਾਨ ਇਥੇ।
ਪੱਟੇ ਅਵੱਲਿਆਂ ਅਮਲਾਂ ਨੇ,
ਇਹ ਮੂੰਹ ਅੱਡ ਖੜ੍ਹਾ ਸਵਾਲ ਕੁੜੇ।
ਇਹਦਾ ਭੋਲਾਪਣ ਇਹਨੂੰ ਲੈ ਬੈਠਾ।
ਬਾਹਲਾ ਵੰਡਣ ਦਾ ਚਾਅ ਲੈ ਬੈਠਾ।
ਗੈਰਾਂ ਲਈ ਮਿਟ-ਮਿਟ ਜਾਂਦਾ ਇਹ,
ਖੜ੍ਹੇ ਵੈਰੀ ਅੱਗੇ ਬਣ ਢਾਲ ਕੁੜੇ।
ਥੱਲੇਂ ਭੋਂ ਆਪਣੀ ਪਾਣੀ ਕੱਢਦਾ ਹੈ।
ਲੱਖ ਦਰਿਆ ਬੇ-ਸ਼ੱਕ ਵਗਦਾ ਹੈ।

ਨਹੀਂ ਲੋੜ ਪਰ ਝੋਨਾ ਲਾਉਂਦਾ ਏ,
ਕਦੇ ਸੋਚ ਨਾ ਕਰੇ ਖ਼ਿਆਲ ਕੁੜੇ।
ਇਹਦੀ ਹੋਂਦ ਗੈਰਾਂ ਨੂੰ ਖਟਕਦੀ ਹੈ।
ਅੱਖੀਂ ਮਟਕ ਨਿਰਾਲੀ ਰੜਕਦੀ ਹੈ।
ਇਹਦਾ ਖੁਰਾ-ਖੋਜ ਮਿਟਾਵਣ ਨੂੰ,
ਦੋਖੀ ਚੱਲਣ ਗਹਿਰੀ ਚਾਲ ਕੁੜੇ।
ਇਹਦੇ ਵੈਰੀਆਂ ਹੱਥ ਪੈਰ ਬੰਨ੍ਹ ਲਏ।
ਉੱਤੋਂ ਘਰ-ਘਰ ਵੀ ਲੱਗ ਸੰਨ੍ਹ ਗਏ।
ਮੂੰਹ ਤਾਲੇ ਲੱਗ ਗਏ ਭਾਰੇ ਨੇ,
ਵਿੰਨ੍ਹਾ ਕਰਜ ਥੱਲੇ ਹਰ ਵਾਲ ਕੁੜੇ।
ਉੱਠੋ ਦਰਦਵੰਦੋ ਨਾ ਹੁਣ ਦੇਰ ਕਰੋ।
ਕਾਲੀ ਰਾਤ ਨੂੰ ਬਦਲ ਸਵੇਰ ਕਰੋ।
ਹਰ ਹੱਥ 'ਚ ਦੂਜਾ ਹੱਥ ਹੋਵੇ,
ਸੰਗ ਕਦਮ, ਕਦਮ ਦੀ ਤਾਲ ਜੁੜੇ।

*-ਗੁਰਬਖਸ਼ ਸਿੰਘ 'ਨਾਕਾਮ'*

# ਕੱਚੇ, ਪੱਕੇ, ਮਿੱਠੇ ਫਲ ਤੇ ਟਹਿਣੀਓਂ ਟੱਪਕੇ ਭੰਗੂ



## ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਅਜੋਕੇ ਪਿੱਛੇ ਤੇ ਪੱਕੇ ਹੋਏ ਫਲ ਦੇਖ ਕੇ ਆੜੂ, ਆਲੂਬੁਖਾਰਾ, ਜਾਮਣ, ਸੇਬ ਤੇ ਅੰਬਾਂ ਦੀ ਬਰਕਤਾ ਚੇਤੇ ਕਰਨ ਨੂੰ ਮਨ ਕਰ ਆਇਆ ਹੈ। ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਬਦਲਦਾ ਹੈ ਵਰਗੇ ਅਖਾਣ ਵੀ। ਹਰੇ, ਕਾਲੇ, ਪੀਲੇ ਜਾਂ ਨੀਲੇ ਹੋਣ, ਏਸ ਪਾਸੇ ਧਿਆਨ ਹੀ ਨਹੀਂ ਜਾਂਦਾ। 'ਗੋਰੇ ਰੰਗ ਨੂੰ ਝਰੀਟਾਂ ਪਾਈਆਂ, ਬੇਰੀਆਂ ਦੇ ਬੇਰ ਖਾਣੀਏ,' ਤਾਂ ਬਹੁਤ ਦੂਰ ਦੀ ਗੱਲ ਹੈ। ਮੌਸਮ ਬਦਲ ਰਿਹਾ ਹੈ ਤੇ ਮੌਸਮ ਵਲੋਂ ਆਪਣਾ ਰੰਗ ਦਿਖਾਉਣਾ ਵੀ ਜਾਰੀ ਹੈ। ਉੱਪਰ ਵਾਲੇ ਦੀ ਕੰਜੂਸੀ ਜਾਂ ਮਿਹਰਬਲ ਸਮੇਤ ਜਿਸਨੂੰ ਹਰਬੰਸ ਗਿੱਲ ਇਉਂ ਪੇਸ਼ ਕਰਦੀ ਹੈ:

ਰੱਬ ਭਰੋਸੇ ਦੁਨੀਆਂ ਵਸਦੀ
ਖਿੜੀਆਂ ਨੇ ਗੁਲਜ਼ਾਰਾਂ
ਅੰਬਰ ਧਰਤੀ ਸਭ ਨੇ ਉਹਦੇ
ਜਿਸ ਵਿਚ ਰੰਗ ਹਜ਼ਾਰਾਂ
ਕੁਦਰਤ ਦਾ ਵੀ ਮਾਲਕ ਰੱਬ ਹੈ
ਸਭ ਦਾ ਆਪ ਰਚੇਤਾ
ਮੌਸਮ ਰੁੱਤਾਂ ਹੁਨਰ ਨੇ ਉਸਦੇ
ਕੀ ਦਰਿਆ ਕੀ ਰੇਤਾ
ਓ ਬੰਦਿਆ ਤੂੰ ਬੰਦਾ ਬਣ ਜਾ
ਛੱਡ ਕੇ ਚੌਰ ਚੜ੍ਹਾਵੇ
ਕਿਸ ਕੰਮ ਤੈਨੂੰ ਰੱਬ ਨੇ ਘੱਲਿਆ
ਸਮਝ ਨਾ ਤੈਨੂੰ ਆਵੇ
ਦੋ ਅੱਖਰਾਂ ਤੋਂ ਰੱਬ ਹੈ ਬਣਦਾ
ਬੱਬੇ ਪਹਿਲੋਂ ਰਾਰਾ
ਪੜ੍ਹਨ-ਲਿਖਣ ਵਿਚ ਛੋਟਾ ਲੱਗੇ
ਪਰ ਭਾਰੇ ਤੋਂ ਭਾਰਾ
ਰੱਬ ਬਾਰੇ ਮੈਂ ਪੁੱਛਿਆ ਜਿਸ ਤੋਂ
ਜੋ ਆਈ ਸੋ ਕਹਿ ਗਿਆ



ਪੰਡਤ, ਮੁੱਲਾਂ, ਭਾਈ, ਆਪਣੀ
ਪੋਥੀ ਲੈ ਕੇ ਬਹਿ ਗਿਆ
ਰੱਬ ਨੂੰ ਯਾਰ ਬਣਾ ਲੈ ਬੰਦਿਆ
ਕਰ ਨਾ ਰੋਜ਼ ਬੁਰਾਈਆਂ
ਉਸਦਾ ਲੜ ਤੂੰ ਫੜ ਲੈ ਬੀਬਾ
ਛੱਡ ਕੇ ਸਭ ਚਤੁਰਾਈਆਂ
ਗਿੱਲ ਹੋਵੇ ਜਦ ਰਹਿਮਤ ਉਸਦੀ
ਹੋ ਜਾਵੇ ਰੱਜ ਦਿਲ ਦਾ
ਉਸ ਤੋਂ ਵਿਛੜਿਆਂ ਹਰ ਬੰਦਾ
ਉਸਨੂੰ ਹੈ ਜਾ ਮਿਲਦਾ

ਮੈਂ ਪੱਕੇ ਹੋਏ ਫਲਾਂ ਦੀ ਗੱਲ ਕਰ ਰਿਹਾ ਸਾਂ ਤਾਂ ਮੀਡੀਆ ਵਿਚ ਸਵਰਨ ਸਿੰਘ ਭੰਗੂ ਦਾ ਜ਼ਿਕਰ ਆ ਗਿਆ ਜਿਸਨੇ ਮੈਨੂੰ ਉਸ ਤੋਂ ਵੀਹ ਸਾਲ ਵੱਡਾ ਸਵਰਨ ਸਿੰਘ ਭੰਗੂ ਚੇਤੇ ਕਰਵਾ ਦਿੱਤਾ ਹੈ। ਉਹ ਮੇਰਾ ਸਕਾ ਮਾਮਾ ਸੀ ਤੇ ਮੇਰੇ ਨਾਲੋਂ ਪੰਦਰਾਂ-ਅਠਾਰਾਂ ਦਿਨ ਵੱਡਾ। ਇਹ ਗੱਲ ਵੱਖਰੀ ਹੈ ਕਿ ਉਹ ਲੇਖਕ ਨਹੀਂ ਸੀ ਪਰ ਕਿਸੇ ਹੋਰ ਦੀ ਲਿਖੀ ਕਵਿਤਾ ਨੂੰ ਸਟੇਜ ਉੱਤੇ ਏਸ ਤਰ੍ਹਾਂ ਪੇਸ਼ ਕਰਦਾ ਸੀ ਕਿ ਲਿਖਣ ਵਾਲਾ ਖਲੋ ਕੇ ਦਾਦ ਦੇਣ ਲਈ ਮਜਬੂਰ ਹੋ ਜਾਂਦਾ ਸੀ।

ਇਕ ਹੋਰ ਫਰਕ ਇਹ ਵੀ ਸੀ ਕਿ ਮੇਰੇ ਮਾਮੇ ਦੇ ਵਡੇਰੇ ਬਾਬਾ ਮਹਤਾਬ ਸਿੰਘ ਭੰਗੂ ਨੇ ਭਾਈ ਸੁੱਖਾ ਸਿੰਘ ਨੂੰ ਨਾਲ ਲੈ ਕੇ ਮੱਸਾ ਰੰਘੜ ਦੀ ਹੱਤਿਆ ਕੀਤੀ ਸੀ। ਕਾਰਨ ਇਹ ਕਿ ਮੱਸਾ ਹਰਿਮੰਦਰ ਵਿਚ ਇਕ ਨਚਾਰ ਕੁੜੀ ਦਾ ਨਾਚ ਵੇਖਦਾ ਹੋਇਆ ਹੁੱਕਾ ਵੀ ਪੀਂਦਾ ਹੁੰਦਾ ਸੀ। ਅੱਜ ਦੇ ਦਿਨ ਦੋਵੇਂ ਸਵਰਨ ਭੰਗੂ ਚਲਾਣਾ ਕਰ ਚੁੱਕੇ ਹਨ। ਉਨ੍ਹਾਂ ਵਿਚੋਂ ਵੱਡੇ ਦਾ ਪਰਿਵਾਰ ਜਰਮਨੀ ਦੇ ਸ਼ਹਿਰ ਹੈਮਬਰਗ ਰਹਿੰਦਾ ਹੈ ਜਿੱਥੇ ਉਸਦੇ ਤਿੰਨ ਬੇਟਿਆਂ ਦੇ ਸ਼ਰੀਕ-ਏ-ਹਯਾਤ ਵਸਦੇ ਹਨ। ਉਹ ਉਸ ਸ਼ਹਿਰ ਵਿਚ ਮੀਰਾਂਕੋਟੀਏ ਵਜੋਂ ਜਾਣੇ ਜਾਂਦੇ ਹਨ। ਮੈਂ ਉਨ੍ਹਾਂ ਕੋਲ ਜਾਂਦਾ ਰਹਿੰਦਾ ਹਾਂ ਤੇ ਉਨ੍ਹਾਂ ਵਿਚੋਂ ਮੋਟੂ ਭੰਗੂ ਦੀ ਪਤਨੀ ਸੁਖਚੈਨ ਕੌਰ ਉਰਫ ਸੁੱਖੀ ਦੋ ਹਫਤੇ ਪਹਿਲਾਂ ਮੇਰੇ ਚੰਡੀਗੜ੍ਹ ਵਾਲੇ ਘਰ ਮਿਲ ਕੇ ਗਈ ਹੈ। ਏਸ ਲਈ ਵੀ ਕਿ ਉਨ੍ਹਾਂ ਦੇ ਚੰਡੀਗੜ੍ਹ ਵਾਲੇ ਘਰ ਦੀਆਂ ਚਾਬੀਆਂ ਮੇਰੇ ਕੋਲ ਹੁੰਦੀਆਂ ਹਨ। ਛੋਟਾ ਭੰਗੂ ਭੁੱਚੋ ਮੰਡੀ ਨੇੜਲਾ ਆਪਣਾ ਘਰ ਛੱਡ ਕੇ ਚਮਕੌਰ ਸਾਹਿਬ ਨੇੜੇ ਚੈਰੀਟੇਬਲ ਵਿਦਿਅਕ ਸੰਸਥਾ ਦਾ ਸੰਸਥਾਪਕ ਸੀ। ਲਿਖਣ ਵਾਲੇ ਲਿਖਦੇ ਨੇ ਕਿ ਉਹ ਆਪਣੇ ਪਰਿਵਾਰ ਨੂੰ ਪੂਰਾ ਪਰਵਾਨ ਤੇ ਬੜਾ ਮਿਲਣਸਾਰ ਸੀ, ਗਮੀਆਂ ਖੁਸ਼ੀਆਂ ਨੂੰ ਇੱਕੋ ਰੱਸੇ ਬੰਨ੍ਹਣ ਵਾਲਾ; ਮਿਰਜ਼ਾ ਗਾਲਿਬ ਦੇ ਕਹਿਣ ਅਨੁਸਾਰ

'ਨਗਮਾਏ ਗ਼ਮ ਕੋ ਭੀ ਐ ਦਿਲ ਗਨੀਮਤ ਜਾਣੀਏ
ਬੇ-ਸਦਾ ਹੋ ਜਾਏਗਾ ਯੇਹ ਸਾਜ਼-ਏ-ਹਸਤੀ ਏਕ ਦਿਨ'

ਜਾਂਦੇ ਜਾਂਦੇ ਇਹ ਵੀ ਦਸ ਦਿਆਂ ਕਿ ਮੈਂ ਤੇ ਸਵਰਨ ਖੰਨਾ ਮੰਡੀ ਦੇ ਆਰੀਆ ਸਕੂਲ ਵਿਚ ਪੜ੍ਹੇ ਹਾਂ ਅਤੇ ਕਾਗਜ਼ਾਂ ਵਿਚ ਦੋਨਾਂ ਦੀ ਜਨਮ-ਤਿਥੀ ਇਕ ਹੀ ਹੈ; 27 ਫਰਵਰੀ, 1995, ਅਸਲ ਤਿਥੀ ਇਸ ਤੋਂ 11-12 ਮਹੀਨੇ ਵੱਡੀ ਸੀ। ਅਸਲ ਜਨਮ ਦਿਨਾਂ ਬਾਰੇ ਦੱਸਣ ਵਾਲਾ ਮੇਰਾ ਪਿਤਾ ਸੀ। ਭਾਵੇਂ ਅਸੀਂ ਦੋਵੇਂ ਮੇਰੇ ਨਾਨਕੇ ਪਿੰਡ ਜੰਮੇ ਸੀ ਪਰ ਮੈਂ ਆਪਣੀ ਮਾਂ ਦਾ ਪਹਿਲਾ ਬੱਚਾ ਸਾਂ ਤੇ ਸਵਰਨ ਮੇਰੀ ਨਾਨੀ ਦਾ ਆਖਰੀ ਬੱਚਾ। ਹੋਰ ਪੁਛਦੇ ਹੋ ਤਾਂ ਮੇਰਾ ਸਕਾ ਮਾਮਾ ਪਰ ਨਕਲੀ ਜਨਮ ਦਿਨ ਵਾਲੇ ਦਿਨ ਚਾਰ ਸਾਲ ਪਹਿਲਾਂ ਖਾਂਦਾ-ਪੀਂਦਾ ਤੁਰ ਗਿਆ ਸੀ। ਵੱਡੇ ਭੰਗੂ ਦੀ ਤਸਵੀਰ ਮੇਰੇ ਕਲੋਂ ਅਜਿਹੀ ਥਾਂ ਰੱਖੀ ਗਈ ਹੈ ਜਿਹੜੀ ਇਸ ਸਮੇਂ ਲੱਭ ਨਹੀਂ ਰਹੀ। ਦੋਨੋਂ ਭੰਗੂ ਜ਼ਿੰਦਾਬਾਦ।

### ਅੰਤਿਕਾ

—ਸਿਆਣਪਾਂ (ੳ)—
ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ
ਮੁਰਦਾਦਿਲ ਕਿਆ ਖਾਕ ਜੀਆ ਕਰਤੇ ਹੈਂ।

# ਛੋਟੇ ਰੋਬੋਟ, ਵੱਡੇ ਕੰਮ: ਸਵਾਰਮ ਇੰਟੈਲੀਜੈਂਸ

***ਕੁਦਰਤ ਤੋਂ ਸਿੱਖ ਕੇ ਮਨੁੱਖ ਅਜਿਹੀਆਂ ਤਕਨਾਲੋਜੀਆਂ ਵਿਕਸਿਤ ਕਰ ਰਿਹਾ ਹੈ ਜੋ ਵਧੇਰੇ ਲਚਕੀਲੀਆਂ, ਭਰੋਸੇਯੋਗ ਅਤੇ ਪ੍ਰਭਾਵਸ਼ਾਲੀ ਹਨ। ਜੇਕਰ ਇਸਦੇ ਵਿਕਾਸ ਨੂੰ ਜ਼ਿੰਮੇਵਾਰੀ, ਪਾਰਦਰਸ਼ਤਾ ਅਤੇ ਸਹੀ ਨਿਯਮਾਂ ਦੇ ਨਾਲ ਅੱਗੇ ਵਧਾਇਆ ਜਾਵੇ ਤਾਂ ਸਵਾਰਮ ਏਆਈ ਨਾ ਸਿਰਫ਼ ਤਕਨੀਕੀ ਤਰੱਕੀ ਨੂੰ ਤੇਜ਼ ਕਰੇਗੀ, ਸਗੋਂ ਮਨੁੱਖੀ ਜੀਵਨ ਨੂੰ ਹੋਰ ਸੁਰੱਖਿਅਤ, ਸੁਵਿਧਾਜਨਕ ਅਤੇ ਟਿਕਾਊ ਬਣਾਉਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ।***

ਕੁਦਰਤ ਸਾਨੂੰ ਅਕਸਰ ਅਜਿਹੇ ਅਨੋਖੇ ਸਬਕ ਸਿਖਾਉਂਦੀ ਹੈ ਜੋ ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਲਈ ਪ੍ਰੇਰਨਾ ਬਣ ਜਾਂਦੇ ਹਨ। ਚੀਟੀਆਂ ਦੀ ਇੱਕ ਕਾਲੋਨੀ ਨੂੰ ਦੇਖੋ। ਉਨ੍ਹਾਂ ਕੋਲ ਕੋਈ ਇੱਕ ਆਗੂ ਨਹੀਂ ਹੁੰਦਾ, ਫਿਰ ਵੀ ਉਹ ਭੋਜਨ ਤੱਕ ਪਹੁੰਚਣ ਲਈ ਸਭ ਤੋਂ ਛੋਟਾ ਰਸਤਾ ਲੱਭ ਲੈਂਦੀਆਂ ਹਨ। ਇਸੇ ਤਰ੍ਹਾਂ ਮੱਖੀਆਂ ਦਾ ਝੁੰਡ ਨਵਾਂ ਛੱਤਾ ਬਣਾਉਣ ਲਈ ਸਾਂਝੇ ਤੌਰ 'ਤੇ ਫ਼ੈਸਲੇ ਕਰਦਾ ਹੈ ਅਤੇ ਅਸਮਾਨ ਵਿਚ ਉਡਦੇ ਪੰਛੀਆਂ ਦੇ ਝੁੰਡ ਬਿਨਾਂ ਕਿਸੇ ਕੇਂਦਰੀ ਨਿਯੰਤਰਣ ਦੇ ਇਕੱਠੇ ਦਿਸ਼ਾ ਬਦਲ ਲੈਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਜੀਵ ਪੂਰੀ ਤਸਵੀਰ ਨਹੀਂ ਜਾਣਦਾ, ਪਰ ਸਾਰੇ ਮਿਲ ਕੇ ਅਜਿਹਾ ਵਿਵਹਾਰ ਕਰਦੇ ਹਨ ਜਿਵੇਂ ਇੱਕ ਹੀ ਦਿਮਾਗ਼ ਉਨ੍ਹਾਂ ਨੂੰ ਚਲਾ ਰਿਹਾ ਹੋਵੇ। ਇਸੇ ਕੁਦਰਤੀ ਸਿਧਾਂਤ ਤੋਂ ਪ੍ਰੇਰਿਤ ਹੋ ਕੇ ਵਿਗਿਆਨੀਆਂ ਨੇ



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

'ਸਵਾਰਮ ਇੰਟੈਲੀਜੈਂਸ' ਜਾਂ 'ਝੁੰਡ ਬੁੱਧੀ' ਦੀ ਧਾਰਨਾ ਵਿਕਸਿਤ ਕੀਤੀ ਹੈ, ਜੋ ਅੱਜ ਕ੍ਰਿਤ੍ਰਿਮ ਬੁੱਧੀ ਅਤੇ ਰੋਬੋਟਿਕਸ ਦੇ ਖੇਤਰ ਵਿਚ ਇੱਕ ਨਵੀਂ ਕ੍ਰਾਂਤੀ ਦਾ ਆਧਾਰ ਬਣ ਰਹੀ ਹੈ।

ਸਵਾਰਮ ਇੰਟੈਲੀਜੈਂਸ ਦਾ ਮੂਲ ਵਿਚਾਰ ਬਹੁਤ ਸਧਾਰਨ ਹੈ। ਇਸ ਵਿਚ ਬਹੁਤ ਸਾਰੀਆਂ ਛੋਟੀਆਂ ਅਤੇ ਸੁਤੰਤਰ ਮਸ਼ੀਨਾਂ ਜਾਂ ਏਜੰਟ ਇੱਕ ਦੂਜੇ ਨਾਲ ਸਹਿਯੋਗ ਕਰਕੇ ਅਜਿਹੇ ਕੰਮ ਕਰਦੇ ਹਨ ਜੋ ਇਕੱਲੀ ਮਸ਼ੀਨ ਲਈ ਕਰਨਾ ਮੁਸ਼ਕਲ ਜਾਂ ਅਸੰਭਵ ਹੋ ਸਕਦਾ ਹੈ। ਹਰ ਏਜੰਟ ਕੋਲ ਸੀਮਤ ਜਾਣਕਾਰੀ ਅਤੇ ਸੀਮਤ ਸਮਰੱਥਾ ਹੁੰਦੀ ਹੈ, ਪਰ ਜਦੋਂ ਸਾਰੇ ਏਜੰਟ ਇੱਕ ਦੂਜੇ ਨਾਲ ਸੰਚਾਰ ਕਰਦੇ ਹੋਏ ਕੰਮ ਕਰਦੇ ਹਨ ਤਾਂ ਉਹ ਇਕੱਠੇ ਮਿਲ ਕੇ ਬਹੁਤ ਹੀ ਜਟਿਲ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਨ। ਇਹ ਪ੍ਰਣਾਲੀ ਕਿਸੇ ਇੱਕ ਕੇਂਦਰੀ ਕੰਪਿਊਟਰ ਜਾਂ ਕੰਟਰੋਲਰ 'ਤੇ ਨਿਰਭਰ ਨਹੀਂ ਕਰਦੀ, ਸਗੋਂ ਹਰ ਇਕਾਈ ਆਪਣੇ ਆਲੇ-ਦੁਆਲੇ ਦੀ ਜਾਣਕਾਰੀ ਦੇ ਆਧਾਰ 'ਤੇ ਫ਼ੈਸਲੇ ਕਰਦੀ ਹੈ।

ਰਵਾਇਤੀ ਕ੍ਰਿਤ੍ਰਿਮ ਬੁੱਧੀ ਪ੍ਰਣਾਲੀਆਂ ਵਿਚ ਆਮ ਤੌਰ 'ਤੇ ਇੱਕ ਕੇਂਦਰੀ ਨਿਯੰਤਰਣ ਇਕਾਈ ਹੁੰਦੀ ਹੈ ਜੋ ਸਾਰੇ ਫ਼ੈਸਲੇ ਲੈਂਦੀ ਹੈ। ਜੇਕਰ ਉਹ ਇਕਾਈ ਕਿਸੇ ਕਾਰਨ ਕਰਕੇ ਫੇਲ ਹੋ ਜਾਵੇ ਤਾਂ ਪੂਰੀ ਪ੍ਰਣਾਲੀ ਪ੍ਰਭਾਵਿਤ ਹੋ ਸਕਦੀ ਹੈ। ਇਸਦੇ ਉਲਟ ਸਵਾਰਮ ਏਆਈ ਵਿਚ ਬੁੱਧੀ ਕਈ ਇਕਾਈਆਂ ਵਿਚ ਵੰਡੀ ਹੋਈ ਹੁੰਦੀ ਹੈ। ਜੇ ਕੁਝ ਏਜੰਟ ਕੰਮ ਕਰਨਾ ਬੰਦ ਵੀ ਕਰ ਦੇਣ ਤਾਂ ਬਾਕੀ ਏਜੰਟ ਮਿਲ ਕੇ ਆਪਣਾ ਕੰਮ ਜਾਰੀ ਰੱਖ ਸਕਦੇ ਹਨ। ਇਸ ਕਾਰਨ ਇਹ ਪ੍ਰਣਾਲੀ ਵਧੇਰੇ ਮਜ਼ਬੂਤ, ਲਚਕੀਲੀ ਅਤੇ ਭਰੋਸੇਯੋਗ ਮੰਨੀ ਜਾਂਦੀ ਹੈ।

ਰੋਬੋਟਿਕਸ ਦੇ ਖੇਤਰ ਵਿਚ ਇਸ ਤਕਨਾਲੋਜੀ ਨੇ 'ਸਵਾਰਮ ਰੋਬੋਟਿਕਸ' ਨੂੰ ਜਨਮ ਦਿੱਤਾ ਹੈ। ਇਸ ਵਿਚ ਛੋਟੇ-ਛੋਟੇ ਰੋਬੋਟਾਂ ਦਾ ਇੱਕ ਸਮੂਹ ਮਿਲ ਕੇ ਕਿਸੇ ਨਿਰਧਾਰਤ ਕੰਮ ਨੂੰ ਪੂਰਾ ਕਰਦਾ ਹੈ। ਉਦਾਹਰਨ ਲਈ ਜੇ ਕਿਸੇ ਭੂਚਾਲ ਜਾਂ ਇਮਾਰਤ ਡਿੱਗਣ ਦੀ ਘਟਨਾ ਤੋਂ ਬਾਅਦ ਬਚਾਅ ਕਾਰਜ ਚਲਾਉਣਾ ਹੋਵੇ ਤਾਂ ਇੱਕ ਵੱਡੇ ਰੋਬੋਟ ਦੀ ਥਾਂ ਸੈਂਕੜੇ ਛੋਟੇ ਰੋਬੋਟ ਮਲਬੇ ਵਿਚ ਦਾਖ਼ਲ ਹੋ ਕੇ ਪ੍ਰਭਾਵਿਤ ਖੇਤਰ ਦਾ ਨਕਸ਼ਾ ਤਿਆਰ ਕਰ ਸਕਦੇ ਹਨ, ਫਸੇ ਹੋਏ ਲੋਕਾਂ ਦੀ ਪਛਾਣ ਕਰ ਸਕਦੇ ਹਨ ਅਤੇ ਰਾਹਤ ਟੀਮਾਂ ਨੂੰ ਮਹੱਤਵਪੂਰਨ ਜਾਣਕਾਰੀ ਭੇਜ ਸਕਦੇ ਹਨ। ਜੇ ਕੁਝ ਰੋਬੋਟ ਨੁਕਸਾਨੇ ਵੀ ਹੋ ਜਾਣ ਤਾਂ ਬਾਕੀ ਰੋਬੋਟ ਮਿਸ਼ਨ ਨੂੰ ਜਾਰੀ ਰੱਖ ਸਕਦੇ ਹਨ।

ਸਵਾਰਮ ਏਆਈ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਸਮੂਹਿਕ ਕਾਰਗੁਜ਼ਾਰੀ ਹੈ। ਹਰ ਏਜੰਟ ਇੱਕ ਛੋਟਾ ਕੰਮ ਕਰਦਾ ਹੈ, ਪਰ ਸਾਰੇ ਮਿਲ ਕੇ ਇੱਕ ਵੱਡਾ ਅਤੇ ਜਟਿਲ ਕੰਮ ਪੂਰਾ ਕਰਦੇ ਹਨ। ਇਹ ਢੰਗ ਖੋਜ ਅਤੇ ਬਚਾਅ ਕਾਰਜਾਂ, ਵਾਤਾਵਰਣ ਦੀ ਨਿਗਰਾਨੀ, ਸਰੋਤਾਂ ਦੇ ਪ੍ਰਬੰਧਨ ਅਤੇ ਡਾਟਾ ਇਕੱਠਾ ਕਰਨ ਵਰਗੇ ਖੇਤਰਾਂ ਵਿਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੋ ਰਿਹਾ ਹੈ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਜਿੱਥੇ ਹਾਲਾਤ ਤੇਜ਼ੀ ਨਾਲ ਬਦਲਦੇ ਹਨ ਜਾਂ ਜਿੱਥੇ ਅਨਿਸ਼ਚਿਤਤਾ ਜ਼ਿਆਦਾ ਹੁੰਦੀ ਹੈ, ਉੱਥੇ ਸਵਾਰਮ ਆਧਾਰਿਤ ਪ੍ਰਣਾਲੀਆਂ ਰਵਾਇਤੀ ਕੇਂਦਰੀ ਪ੍ਰਣਾਲੀਆਂ ਨਾਲੋਂ ਬਿਹਤਰ ਪ੍ਰਦਰਸ਼ਨ ਕਰ ਸਕਦੀਆਂ ਹਨ।

ਪਿਛਲੇ ਕੁਝ ਸਾਲਾਂ ਵਿਚ ਸਵਾਰਮ ਇੰਟੈਲੀਜੈਂਸ ਦੇ ਅਸਲ ਜੀਵਨ ਵਿਚ ਵਰਤੋਂ ਦੇ ਕਈ ਉਦਾਹਰਨ ਸਾਹਮਣੇ ਆਏ ਹਨ। ਡਰੋਨ ਸਵਾਰਮ ਇਸਦਾ ਸਭ ਤੋਂ ਪ੍ਰਸਿੱਧ ਉਦਾਹਰਨ ਹੈ। ਅੱਜ ਕਈ ਦੇਸ਼ ਸੈਂਕੜੇ ਡਰੋਨਾਂ ਨੂੰ ਇੱਕੋ ਸਮੇਂ ਉਡਾ ਕੇ ਨਿਗਰਾਨੀ, ਮੈਪਿੰਗ ਅਤੇ ਜਾਣਕਾਰੀ ਇਕੱਠੀ ਕਰਨ ਦੇ ਕੰਮ ਕਰ ਰਹੇ ਹਨ। ਵੱਡੇ ਸਮਾਗਮਾਂ ਵਿਚ ਡਰੋਨ ਲਾਈਟ ਸ਼ੋਅ ਵੀ ਸਵਾਰਮ ਤਕਨਾਲੋਜੀ ਦੀ ਕਾਮਯਾਬੀ ਨੂੰ ਦਰਸਾਉਂਦੇ ਹਨ, ਜਿੱਥੇ ਸੈਂਕੜੇ ਡਰੋਨ ਬਿਨਾਂ ਟਕਰਾਏ ਬਿਲਕੁਲ ਸਹੀ ਤਾਲਮੇਲ ਨਾਲ ਅਸਮਾਨ ਵਿਚ ਵੱਖ-ਵੱਖ ਆਕ੍ਰਿਤੀਆਂ ਬਣਾਉਂਦੇ ਹਨ।

ਖੇਤੀਬਾੜੀ ਵਿਚ ਵੀ ਇਸ ਤਕਨਾਲੋਜੀ ਦੀ ਮਹੱਤਤਾ ਤੇਜ਼ੀ ਨਾਲ ਵਧ ਰਹੀ ਹੈ। ਛੋਟੇ ਰੋਬੋਟਾਂ ਦੇ ਸਮੂਹ ਖੇਤਾਂ ਵਿਚ ਫਸਲਾਂ ਦੀ ਸਿਹਤ ਦੀ ਜਾਂਚ ਕਰ ਸਕਦੇ ਹਨ, ਕੀੜਿਆਂ ਅਤੇ ਬਿਮਾਰੀਆਂ ਦੀ ਪਛਾਣ ਕਰ ਸਕਦੇ ਹਨ ਅਤੇ ਪਾਣੀ ਦੀ ਲੋੜ ਦਾ ਅੰਦਾਜ਼ਾ ਲਗਾ ਸਕਦੇ ਹਨ। ਇਸ ਨਾਲ ਕਿਸਾਨਾਂ



ਨੂੰ ਸਮੇਂ ਸਿਰ ਸਹੀ ਜਾਣਕਾਰੀ ਮਿਲਦੀ ਹੈ ਅਤੇ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਵਰਤੋਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਭਵਿੱਖ ਵਿਚ ਇਹ ਤਕਨਾਲੋਜੀ ਸਟੀਕ ਖੇਤੀਬਾੜੀ ਨੂੰ ਹੋਰ ਵੀ ਅੱਗੇ ਲੈ ਜਾ ਸਕਦੀ ਹੈ।

ਆਵਾਜਾਈ ਅਤੇ ਸਮਾਰਟ ਸ਼ਹਿਰਾਂ ਵਿਚ ਵੀ ਸਵਾਰਮ ਏਆਈ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਟ੍ਰੈਫਿਕ ਸਿਗਨਲਾਂ ਨੂੰ ਵਾਹਨਾਂ ਦੀ ਅਸਲ ਸਮੇਂ ਦੀ ਆਵਾਜਾਈ ਦੇ ਅਨੁਸਾਰ ਨਿਯੰਤਰਿਤ ਕਰਨ ਲਈ ਸਵਾਰਮ ਐਲਗੋਰਿਦਮ ਵਰਤੇ ਜਾ ਰਹੇ ਹਨ। ਇਹ ਪ੍ਰਣਾਲੀਆਂ ਸੜਕਾਂ 'ਤੇ ਵਾਹਨਾਂ ਦੀ ਗਿਣਤੀ, ਗਤੀ ਅਤੇ ਦਿਸ਼ਾ ਦਾ ਵਿਸ਼ਲੇਸ਼ਣ ਕਰਕੇ ਜਾਮ ਘਟਾਉਣ ਵਿਚ ਮਦਦ ਕਰਦੀਆਂ ਹਨ। ਇਸ ਨਾਲ ਈਂਧਨ ਦੀ ਬਚਤ ਹੁੰਦੀ ਹੈ, ਸਮਾਂ ਬਚਦਾ ਹੈ ਅਤੇ ਪ੍ਰਦੂਸ਼ਣ ਵਿਚ ਵੀ ਕਮੀ ਆਉਂਦੀ ਹੈ।

ਰੱਖਿਆ ਖੇਤਰ ਵਿਚ ਸਵਾਰਮ ਤਕਨਾਲੋਜੀ ਨੂੰ ਇੱਕ ਮਹੱਤਵਪੂਰਨ ਭਵਿੱਖੀ ਸਾਧਨ ਮੰਨਿਆ ਜਾ ਰਿਹਾ ਹੈ। ਕਈ ਦੇਸ਼ ਅਜਿਹੇ ਡਰੋਨ ਸਵਾਰਮ ਵਿਕਸਿਤ ਕਰ ਰਹੇ ਹਨ ਜੋ ਨਿਗਰਾਨੀ, ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਵਿਸ਼ੇਸ਼ ਮਿਸ਼ਨਾਂ ਨੂੰ ਅੰਜਾਮ ਦੇਣ ਦੇ ਯੋਗ ਹੋਣ। ਇੱਕੋ ਸਮੇਂ ਕਈ ਮਨੁੱਖ-ਰਹਿਤ ਵਾਹਨ ਵੱਡੇ ਖੇਤਰਾਂ ਦੀ ਨਿਗਰਾਨੀ ਕਰ ਸਕਦੇ ਹਨ ਅਤੇ ਤੁਰੰਤ ਜਾਣਕਾਰੀ ਫ਼ੈਸਲਾ ਲੈਣ ਵਾਲੀਆਂ ਏਜੰਸੀਆਂ ਤੱਕ ਪਹੁੰਚਾ ਸਕਦੇ ਹਨ। ਇਸ ਕਾਰਨ ਰੱਖਿਆ ਖੇਤਰ ਵਿਚ ਇਸ ਤਕਨਾਲੋਜੀ ਦੀ ਮਹੱਤਤਾ ਲਗਾਤਾਰ ਵਧ ਰਹੀ ਹੈ।

ਸਵਾਰਮ ਰੋਬੋਟਿਕਸ ਦੀ ਸਫਲਤਾ ਦੇ ਪਿੱਛੇ ਕ੍ਰਿਤ੍ਰਿਮ ਬੁੱਧੀ, ਮਸ਼ੀਨ ਲਰਨਿੰਗ, ਸੈਂਸਰ ਤਕਨਾਲੋਜੀ ਅਤੇ ਵਾਇਰਲੈੱਸ ਸੰਚਾਰ ਦਾ ਵੱਡਾ ਯੋਗਦਾਨ ਹੈ। ਏਆਈ ਹਰ ਏਜੰਟ ਨੂੰ ਆਪਣੇ ਆਲੇ-ਦੁਆਲੇ ਦੇ ਮਾਹੌਲ ਨੂੰ ਸਮਝਣ ਅਤੇ ਫ਼ੈਸਲੇ ਲੈਣ ਦੀ ਸਮਰੱਥਾ ਦਿੰਦੀ ਹੈ। ਮਸ਼ੀਨ ਲਰਨਿੰਗ ਉਨ੍ਹਾਂ ਨੂੰ ਅਨੁਭਵ ਤੋਂ ਸਿੱਖਣ ਅਤੇ ਆਪਣੇ ਕੰਮ ਵਿਚ ਸੁਧਾਰ ਕਰਨ ਵਿਚ ਮਦਦ ਕਰਦੀ ਹੈ। ਇਸਦੇ ਨਾਲ ਹੀ ਉੱਚ-ਗਤੀ ਸੰਚਾਰ ਪ੍ਰਣਾਲੀਆਂ ਏਜੰਟਾਂ ਨੂੰ ਜਾਣਕਾਰੀ ਸਾਂਝੀ ਕਰਨ ਅਤੇ ਤਾਲਮੇਲ ਬਣਾਈ ਰੱਖਣ ਯੋਗ ਬਣਾਉਂਦੀਆਂ ਹਨ।

ਇਸ ਤਕਨਾਲੋਜੀ ਦਾ ਇੱਕ ਹੋਰ ਵੱਡਾ ਫ਼ਾਇਦਾ ਇਸਦੀ ਵਿਸਤਾਰਯੋਗਤਾ ਹੈ। ਜੇ ਕਿਸੇ ਕੰਮ ਲਈ ਹੋਰ ਏਜੰਟਾਂ ਦੀ ਲੋੜ ਹੋਵੇ ਤਾਂ ਨਵੇਂ ਏਜੰਟ ਆਸਾਨੀ ਨਾਲ ਸ਼ਾਮਲ ਕੀਤੇ ਜਾ ਸਕਦੇ ਹਨ। ਪੂਰੀ ਪ੍ਰਣਾਲੀ ਨੂੰ ਦੁਬਾਰਾ ਡਿਜ਼ਾਈਨ ਕਰਨ ਦੀ ਲੋੜ ਨਹੀਂ ਪੈਂਦੀ। ਇਸ ਕਾਰਨ ਸਵਾਰਮ ਪ੍ਰਣਾਲੀਆਂ ਵੱਡੇ ਪੱਧਰ 'ਤੇ ਕੰਮ ਕਰਨ ਲਈ ਬਹੁਤ ਉਚਿਤ ਹਨ। ਇਸਦੇ ਨਾਲ ਹੀ ਇਹ ਲਾਗਤ ਪੱਖੋਂ ਵੀ ਫ਼ਾਇਦੇਮੰਦ ਹਨ ਕਿਉਂਕਿ ਇਹ ਮਹਿੰਗੀਆਂ ਅਤੇ ਜਟਿਲ ਮਸ਼ੀਨਾਂ ਦੀ ਥਾਂ ਕਈ ਛੋਟੀਆਂ ਅਤੇ ਸਸਤੀ ਇਕਾਈਆਂ 'ਤੇ ਆਧਾਰਿਤ ਹੁੰਦੀਆਂ ਹਨ।

ਹਾਲਾਂਕਿ ਸਵਾਰਮ ਏਆਈ ਦੇ ਬਹੁਤ ਸਾਰੇ ਲਾਭ ਹਨ, ਪਰ ਇਸਦੇ ਨਾਲ ਕੁਝ ਚੁਣੌਤੀਆਂ ਵੀ ਜੁੜੀਆਂ ਹੋਈਆਂ ਹਨ। ਵੱਡੀ ਗਿਣਤੀ ਵਿਚ ਏਜੰਟਾਂ ਦਾ ਤਾਲਮੇਲ ਬਣਾਈ ਰੱਖਣਾ ਆਸਾਨ ਨਹੀਂ ਹੁੰਦਾ। ਜੇ ਸੰਚਾਰ ਵਿਚ ਰੁਕਾਵਟ ਆ ਜਾਵੇ ਜਾਂ ਜਾਣਕਾਰੀ ਗਲਤ ਪਹੁੰਚੇ ਤਾਂ ਪੂਰੀ ਪ੍ਰਣਾਲੀ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਸਕਦੀ ਹੈ। ਇਸ ਤੋਂ ਇਲਾਵਾ ਸਾਈਬਰ ਸੁਰੱਖਿਆ ਵੀ ਇੱਕ ਵੱਡਾ ਮੁੱਦਾ ਹੈ। ਜੇ ਕੋਈ ਹਮਲਾਵਰ ਸੰਚਾਰ ਪ੍ਰਣਾਲੀ ਵਿਚ ਦਖ਼ਲ ਦੇਵੇ ਤਾਂ ਉਹ ਏਜੰਟਾਂ ਦੇ ਵਿਵਹਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਨੈਤਿਕ ਅਤੇ ਕਾਨੂੰਨੀ ਸਵਾਲ ਵੀ ਇਸ ਤਕਨਾਲੋਜੀ ਨਾਲ ਜੁੜੇ ਹੋਏ ਹਨ। ਖਾਸ ਕਰਕੇ ਰੱਖਿਆ ਖੇਤਰ ਵਿਚ ਸਵੈਚਾਲਿਤ ਮਸ਼ੀਨਾਂ ਦੀ ਵਰਤੋਂ ਬਾਰੇ ਜ਼ਿੰਮੇਵਾਰੀ ਅਤੇ ਨਿਯੰਤਰਣ ਦੇ ਮੁੱਦੇ ਉੱਠਦੇ ਹਨ। ਜਦੋਂ ਮਸ਼ੀਨਾਂ ਖ਼ੁਦ ਫ਼ੈਸਲੇ ਲੈਣ ਲੱਗਣ ਤਾਂ ਇਹ ਨਿਰਧਾਰਤ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਗਲਤੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਕੌਣ ਹੋਵੇਗਾ। ਇਸ ਲਈ ਸਵਾਰਮ ਏਆਈ ਦੇ ਵਿਕਾਸ ਦੇ ਨਾਲ-ਨਾਲ ਸਪੱਸ਼ਟ ਨੀਤੀਆਂ ਅਤੇ ਨਿਯਮ ਵੀ ਲਾਜ਼ਮੀ ਹਨ।

ਭਾਰਤ ਵਿਚ ਵੀ ਸਵਾਰਮ ਇੰਟੈਲੀਜੈਂਸ ਅਤੇ ਰੋਬੋਟਿਕਸ ਵੱਲ ਰੁਚੀ ਤੇਜ਼ੀ ਨਾਲ ਵਧ ਰਹੀ ਹੈ। Defence Research and Development Organisation ਅਤੇ Indian Space Research Organisation ਵਰਗੀਆਂ ਸੰਸਥਾਵਾਂ ਇਸ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਅਧਿਐਨ ਕਰ ਰਹੀਆਂ ਹਨ। ਖੇਤੀਬਾੜੀ, ਰੱਖਿਆ, ਪੁਲਾੜ ਖੋਜ ਅਤੇ ਸਮਾਰਟ ਸ਼ਹਿਰਾਂ ਦੇ ਵਿਕਾਸ ਵਿਚ ਇਸਦੀ ਵਰਤੋਂ ਲਈ ਕਈ ਪ੍ਰਯੋਗ ਕੀਤੇ ਜਾ ਰਹੇ ਹਨ। ਭਾਰਤੀ ਸਟਾਰਟਅਪ ਅਤੇ ਯੂਨੀਵਰਸਿਟੀਆਂ ਵੀ ਇਸ ਖੇਤਰ ਵਿਚ ਨਵੀਆਂ ਖੋਜਾਂ ਅਤੇ ਉਤਪਾਦ ਵਿਕਸਿਤ ਕਰ ਰਹੀਆਂ ਹਨ। ਡਿਜੀਟਲ ਇੰਡੀਆ ਅਤੇ ਆਤਮਨਿਰਭਰ ਭਾਰਤ ਵਰਗੀਆਂ ਪਹਿਲਕਦਮੀਆਂ ਦੇ ਮੱਦੇਨਜ਼ਰ ਇਹ ਤਕਨਾਲੋਜੀ ਭਵਿੱਖ ਵਿਚ ਹੋਰ ਮਹੱਤਵਪੂਰਨ ਬਣ ਸਕਦੀ ਹੈ।

ਆਉਣ ਵਾਲੇ ਸਮੇਂ ਦੀ ਕਲਪਨਾ ਕੀਤੀ ਜਾਵੇ ਤਾਂ ਸਵਾਰਮ ਏਆਈ ਦੀਆਂ ਸੰਭਾਵਨਾਵਾਂ ਬੇਹੱਦ ਰੋਮਾਂਚਕ ਹਨ। ਭਵਿੱਖ ਦੇ ਸ਼ਹਿਰਾਂ ਵਿਚ ਟ੍ਰੈਫਿਕ ਆਪਣੇ ਆਪ ਸੁਚਾਰੂ ਢੰਗ ਨਾਲ ਚੱਲ ਸਕੇਗਾ, ਆਫ਼ਤਾਂ ਦੇ ਸਮੇਂ ਰੋਬੋਟਾਂ ਦੇ ਝੁੰਡ ਤੁਰੰਤ ਮੌਕੇ 'ਤੇ ਪਹੁੰਚ ਕੇ ਜਾਨਾਂ ਬਚਾ ਸਕਣਗੇ ਅਤੇ ਪੁਲਾੜ ਖੋਜ ਵਿਚ ਛੋਟੇ ਰੋਬੋਟ ਮਿਲ ਕੇ ਦੂਰ-ਦੁਰਾਡੇ ਗ੍ਰਹਿਆਂ ਦਾ ਅਧਿਐਨ ਕਰ ਸਕਣਗੇ। ਉਦਯੋਗਾਂ ਵਿਚ ਸਵੈ-ਸੰਗਠਿਤ ਮਸ਼ੀਨਾਂ ਉਤਪਾਦਨ ਪ੍ਰਕਿਰਿਆਵਾਂ ਨੂੰ ਹੋਰ ਤੇਜ਼, ਸੁਰੱਖਿਅਤ ਅਤੇ ਕੁਸ਼ਲ ਬਣਾ ਸਕਦੀਆਂ ਹਨ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਵਾਰਮ ਏਆਈ ਅਤੇ ਸਵਾਰਮ ਰੋਬੋਟਿਕਸ ਬੁੱਧੀਮਾਨ ਪ੍ਰਣਾਲੀਆਂ ਦੇ ਵਿਕਾਸ ਵਿਚ ਇੱਕ ਨਵਾਂ ਅਤੇ ਮਹੱਤਵਪੂਰਨ ਮੋੜ ਹਨ। ਕੁਦਰਤ ਤੋਂ ਸਿੱਖ ਕੇ ਮਨੁੱਖ ਅਜਿਹੀਆਂ ਤਕਨਾਲੋਜੀਆਂ ਵਿਕਸਿਤ ਕਰ ਰਿਹਾ ਹੈ ਜੋ ਵਧੇਰੇ ਲਚਕੀਲੀਆਂ, ਭਰੋਸੇਯੋਗ ਅਤੇ ਪ੍ਰਭਾਵਸ਼ਾਲੀ ਹਨ। ਜੇਕਰ ਇਸਦੇ ਵਿਕਾਸ ਨੂੰ ਜ਼ਿੰਮੇਵਾਰੀ, ਪਾਰਦਰਸ਼ਤਾ ਅਤੇ ਸਹੀ ਨਿਯਮਾਂ ਦੇ ਨਾਲ ਅੱਗੇ ਵਧਾਇਆ ਜਾਵੇ ਤਾਂ ਸਵਾਰਮ ਏਆਈ ਨਾ ਸਿਰਫ਼ ਤਕਨੀਕੀ ਤਰੱਕੀ ਨੂੰ ਤੇਜ਼ ਕਰੇਗੀ, ਸਗੋਂ ਮਨੁੱਖੀ ਜੀਵਨ ਨੂੰ ਹੋਰ ਸੁਰੱਖਿਅਤ, ਸੁਵਿਧਾਜਨਕ ਅਤੇ ਟਿਕਾਊ ਬਣਾਉਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ।

# ਰੁੱਖ ਲਗਾਓ ਤੇ ਅਮਰ ਹੋ ਜਾਓ

ਕਈ ਵਾਰ ਜ਼ਿੰਦਗੀ ਦੀਆਂ ਵੱਡੀਆਂ ਸਿੱਖਿਆਵਾਂ ਕਿਤਾਬਾਂ ਵਿਚੋਂ ਨਹੀਂ, ਸਗੋਂ ਸੜਕਾਂ 'ਤੇ ਤੁਰਦਿਆਂ ਹੀ ਮਿਲ ਜਾਂਦੀਆਂ ਹਨ। ਪਿਛਲੇ ਸਾਲ ਜੂਨ ਮਹੀਨੇ ਦੀ ਇੱਕ ਤਪਦੀ ਦੁਪਹਿਰ ਮੇਰੀ ਜ਼ਿੰਦਗੀ ਦੀਆਂ ਯਾਦਗਾਰ ਦੁਪਹਿਰਾਂ ਵਿਚ ਸ਼ਾਮਲ ਹੋ ਗਈ। ਕੁਦਰਤੀ ਸਬੱਬ ਐਸਾ ਬਣਿਆ ਕਿ ਮੈਨੂੰ ਆਪਣੇ ਇੱਕ ਜ਼ਹੀਨ ਮਿੱਤਰ ਨਾਲ ਚੰਡੀਗੜ੍ਹ ਦੀਆਂ ਸੜਕਾਂ 'ਤੇ ਕੁਝ ਸਮਾਂ ਪੈਦਲ ਤੁਰਨਾ ਪਿਆ। ਸਿਖ਼ਰ ਦੁਪਹਿਰੇ ਸੂਰਜ ਦੇਵਤਾ ਅੱਗ ਵਰਸਾ ਰਹੇ ਸੀ ਪਰ ਅਸੀਂ ਦੋਵੇਂ ਸੜਕ ਕਿਨਾਰੇ

ਹਰਪ੍ਰੀਤ ਸਿੰਘ ਸਵੈਚ
ਫੋਨ: 98782-24000

ਵਿਸ਼ਾਲ ਰੁੱਖਾਂ ਦੀ ਠੰਢੀ ਛਾਂ ਹੇਠ ਬੇਫ਼ਿਕਰੀ ਨਾਲ ਤੁਰ ਰਹੇ ਸਾਂ। ਮੈਂ ਸਹਿਜੇ ਹੀ ਕਿਹਾ, 'ਯਾਰ, ਜੇ ਇਹ ਰੁੱਖ ਨਾ ਹੁੰਦੇ ਤਾਂ ਅੱਜ ਸਾਡਾ ਕੀ ਬਣਨਾ ਸੀ। ਸਾਨੂੰ ਇਨ੍ਹਾਂ ਰੁੱਖਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜੋ ਸਾਡੇ ਵਰਗੇ ਕਿੰਨੇ ਰਾਹਗੀਰਾਂ ਨੂੰ ਆਪਣੀ ਛਾਂ ਦੇ ਕਲਾਵੇ ਵਿਚ ਲੈ ਕੇ ਗਰਮੀ ਤੋਂ ਬਚਾਉਂਦੇ ਹਨ।' ਮੇਰੇ ਮਿੱਤਰ ਨੇ ਜਵਾਬ ਦਿੱਤਾ, 'ਬਿਲਕੁਲ, ਪਰ ਇਨ੍ਹਾਂ ਰੁੱਖਾਂ ਦੇ ਨਾਲ-ਨਾਲ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕਰਨਾ ਬਣਦਾ ਹੈ, ਜਿਨ੍ਹਾਂ ਨੇ ਇਹ ਰੁੱਖ ਲਗਾਏ ਜਾਂ ਲਗਵਾਏ।' ਸਾਡੇ ਦੋਵਾਂ ਦੇ ਮੂੰਹੋਂ ਨਿਕਲਿਆ, 'ਡਾ. ਮਹਿੰਦਰ ਸਿੰਘ ਰੰਧਾਵਾ ਜੀ, ਤੁਹਾਡਾ ਧੰਨਵਾਦ।' ਜ਼ੁਬਾਨ 'ਤੇ ਇਹ ਨਾਮ ਆਉਂਦਿਆਂ ਹੀ ਮੈਂ ਆਪਣੇ ਖਿਆਲਾਂ ਦੀ ਦੁਨੀਆ ਵਿਚ ਲਗਭਗ ਪੰਝੀ ਸਾਲ ਪਿੱਛੇ ਪਹੁੰਚ ਗਿਆ।

ਗੱਲ ਸਾਲ 2001 ਦੀ ਹੈ। ਸਕੂਲ ਵਿਚ ਗਰਮੀ ਦੀਆਂ ਛੁੱਟੀਆਂ ਸਨ। ਮੈਂ ਚੰਡੀਗੜ੍ਹ ਰੈਡ ਕਰਾਸ ਦਫ਼ਤਰ ਵਿਚ ਇੱਕ ਮਹੀਨੇ ਦੇ ਫਸਟ ਏਡ ਕੋਰਸ ਵਿਚ ਦਾਖ਼ਲਾ ਲਿਆ ਹੋਇਆ ਸੀ। ਰੋਜ਼ਾਨਾ ਆਪਣੇ ਘਰ ਮੋਹਾਲੀ ਤੋਂ ਸਿਖ਼ਰ ਦੁਪਹਿਰੇ ਸਾਈਕਲ 'ਤੇ ਚੰਡੀਗੜ੍ਹ ਜਾਂਦਾ ਹੁੰਦਾ ਸੀ। ਜੂਨ ਦੀ ਤਪਦੀ ਧੁੱਪ ਵਿਚ ਜਦੋਂ ਵੀ ਮੈਂ ਸੜਕ ਕਿਨਾਰੇ ਲੱਗੇ ਇਨ੍ਹਾਂ ਵੱਡੇ ਰੁੱਖਾਂ ਦੀ ਛਾਂ ਹੇਠੋਂ ਲੰਘਦਾ, ਸਰੀਰ ਨੂੰ ਹੀ ਨਹੀਂ ਬਲਕਿ ਮੇਰੀ ਰੂਹ ਨੂੰ ਵੀ ਠੰਢਕ ਅਤੇ ਸਕੂਨ ਮਿਲਦਾ ਪਰ ਜਿੱਥੇ ਚੌਕਾਂ ਜਾਂ ਖੁੱਲ੍ਹੇ ਹਿੱਸਿਆਂ ਵਿਚ ਛਾਂ ਨਹੀਂ ਹੁੰਦੀ ਸੀ, ਉੱਥੇ ਸੂਰਜ ਦੀ ਤਪਸ਼ ਆਪਣਾ ਅਸਲ ਰੂਪ ਵਿਖਾਉਂਦੀ ਸੀ ਤੇ ਇਹੀ ਪਲ ਹੁੰਦਾ ਸੀ ਜਦੋਂ ਰੁੱਖਾਂ ਦੀ ਅਹਿਮੀਅਤ ਨਜ਼ਰ ਆਉਂਦੀ ਸੀ। ਉਨ੍ਹਾਂ ਦਿਨਾਂ ਵਿਚ ਮੇਰੇ ਜ਼ਿਹਨ ਵਿਚ ਅਕਸਰ ਇਹ ਖਿਆਲ ਆਉਂਦਾ ਸੀ ਕਿ ਉਹ ਕਿੰਨਾ ਮਹਾਨ ਇਨਸਾਨ ਹੋਵੇਗਾ, ਜਿਸ ਨੇ ਕਈ ਦਹਾਕੇ ਪਹਿਲਾਂ ਸਾਡੇ ਵਰਗੇ ਅਣਜਾਣ ਰਾਹਗੀਰਾਂ ਲਈ ਇਹ ਰੁੱਖ ਲਗਾਏ ਹੋਣਗੇ ਪਰ ਉਸ ਵੇਲੇ ਮੈਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ।

ਦੋ-ਤਿੰਨ ਸਾਲਾਂ ਬਾਅਦ ਜਦੋਂ ਮੈਂ ਚੰਡੀਗੜ੍ਹ ਦੇ ਸੈਕਟਰ-11 ਸਰਕਾਰੀ ਕਾਲਜ ਵਿਚ ਗ੍ਰੈਜੂਏਸ਼ਨ ਕਰ ਰਿਹਾ ਸੀ, ਤਾਂ ਸਾਡੇ ਪੰਜਾਬੀ ਦੇ ਇੱਕ ਪ੍ਰੋਫੈਸਰ ਨੇ ਦੱਸਿਆ ਕਿ ਚੰਡੀਗੜ੍ਹ ਨੂੰ ਹਰਾ-ਭਰਾ ਬਣਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਕੁਦਰਤ-ਪ੍ਰੇਮੀ ਅਤੇ ਬਾਗਬਾਨੀ ਵਿਸ਼ੇ ਦੇ ਮਾਹਿਰ ਡਾ. ਐਮ. ਐਸ. ਰੰਧਾਵਾ ਦਾ ਹੈ, ਜੋ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਅਧਿਕਾਰੀ ਰਹੇ ਹਨ। ਉਦੋਂ ਪਹਿਲੀ ਵਾਰ ਮੈਂ ਡਾ. ਰੰਧਾਵਾ ਦਾ ਨਾਮ ਸੁਣਿਆ ਸੀ ਤੇ ਮੈਨੂੰ ਆਪਣੇ ਉਸ ਪੁਰਾਣੇ ਸਵਾਲ ਦਾ ਜਵਾਬ ਮਿਲਿਆ ਸੀ। ਉਸ ਦਿਨ ਤੋਂ ਮੇਰੇ ਮਨ ਵਿਚ




ਉਨ੍ਹਾਂ ਪ੍ਰਤੀ ਬੇਹੱਦ ਸਤਿਕਾਰ ਪੈਦਾ ਹੋ ਗਿਆ। ਸ਼ਾਇਦ ਇਹ ਮੇਰੀ ਜ਼ਿੰਦਗੀ ਦਾ ਪਹਿਲਾ ਮੌਕਾ ਸੀ ਜਦੋਂ ਮੈਂ ਆਪਣੇ ਸਿਲੇਬਸ ਤੋਂ ਬਾਹਰ ਕਿਸੇ ਵਿਅਕਤੀ ਬਾਰੇ ਜਾਣਨ ਲਈ ਖ਼ੁਦ ਲਾਇਬ੍ਰੇਰੀ ਵਿਚ ਕਿਤਾਬਾਂ ਲੱਭਣ ਲੱਗ ਪਿਆ।

ਉਨ੍ਹਾਂ ਬਾਰੇ ਮਾੜਾ-ਮੋਟਾ ਪੜ੍ਹ ਕੇ ਹੀ ਪਤਾ ਚੱਲਿਆ ਕਿ ਉਹ ਡਾ. ਰੰਧਾਵਾ ਹੀ ਸਨ, ਜਿਨ੍ਹਾਂ ਨੇ ਚੰਡੀਗੜ੍ਹ ਨੂੰ ਪੱਥਰਾਂ ਦੇ ਸ਼ਹਿਰ ਤੋਂ ਹਰਿਆ ਭਰਿਆ 'ਸਿਟੀ ਬਿਊਟੀਫੁੱਲ' ਬਣਾਇਆ। ਉਹ ਬਾਗਬਾਨੀ ਦੇ ਨਾਲ-ਨਾਲ ਪੰਜਾਬ ਦੇ ਸੱਭਿਆਚਾਰ, ਕਲਾ ਅਤੇ ਇਤਿਹਾਸ ਦੇ ਉੱਘੇ ਵਿਦਵਾਨ ਸਨ। ਰੋਜ਼ ਗਾਰਡਨ ਨੂੰ ਵੀ ਉਨ੍ਹਾਂ ਦੀ ਹੀ ਦੇਣ ਸਮਝਿਆ ਜਾ ਸਕਦਾ ਹੈ। ਉਨ੍ਹਾਂ ਨੇ ਸ਼ਹਿਰ ਵਿਚ ਰੁੱਖਾਂ ਦੀਆਂ ਅਜਿਹੀਆਂ ਕਿਸਮਾਂ ਲਗਵਾਈਆਂ ਜੋ ਹਰ ਰੁੱਤ ਵਿਚ ਚੰਡੀਗੜ੍ਹ ਨੂੰ ਨਵਾਂ ਰੰਗ ਬਖ਼ਸ਼ਦੀਆਂ ਹਨ। ਇਹ ਉਨ੍ਹਾਂ ਦੀ ਦੂਰਅੰਦੇਸ਼ੀ ਦਾ ਹੀ ਨਤੀਜਾ ਹੈ ਕਿ ਐਨੇ ਸਾਲ ਬਾਅਦ ਵੀ ਲੋਕ ਬਿਨਾਂ ਉਨ੍ਹਾਂ ਨੂੰ ਜਾਣੇ ਹਰ ਰੋਜ਼ ਉਨ੍ਹਾਂ ਦੀ ਸੋਚ ਦਾ ਲਾਹਾ ਲੈ ਰਹੇ ਹਨ।

ਮੇਰੇ ਖਿਆਲਾਂ ਦੀ ਲੜੀ ਨੂੰ ਤੋੜਦਿਆਂ ਮੇਰੇ ਮਿੱਤਰ ਨੇ ਹੱਸਦਿਆਂ ਕਿਹਾ, 'ਯਾਰ, ਮੈਂ ਸੋਚਦਾਂ ਕਿ ਪੁਰਾਣੇ ਸਮਿਆਂ ਵਿਚ ਰਿਸ਼ੀ-ਮੁਨੀ ਅਮਰ ਹੋਣ ਲਈ ਐਵੇਂ ਸਾਲਾਂਬੱਧੀ ਤਪੱਸਿਆ ਕਰਦੇ ਰਹਿੰਦੇ ਸਨ, ਸਾਡੇ ਸਮੇਂ ਵਿਚ ਤਾਂ ਕੰਮ ਹੀ ਬੜਾ ਸੌਖਾ ਹੈ, ਰੁੱਖ ਲਗਾਓ ਤੇ ਸਦਾ ਲਈ ਅਮਰ ਹੋ ਜਾਓ।' ਉਸ ਦੇ ਮੂੰਹੋਂ ਸਹਿਜ-ਸੁਭਾਅ ਨਿਕਲੇ ਇਹ ਸ਼ਬਦ ਮੇਰੇ ਜ਼ਿਹਨ ਵਿਚ ਇਸ ਤਰ੍ਹਾਂ ਵੱਸ ਗਏ, ਜਿਵੇਂ ਕਿਸੇ ਨੇ ਜ਼ਿੰਦਗੀ ਦਾ ਕੋਈ ਡੂੰਘਾ ਭੇਤ ਸਮਝਾ ਦਿੱਤਾ ਹੋਵੇ। ਸੱਚਮੁੱਚ, ਜਿਹੜਾ ਇਨਸਾਨ ਰੁੱਖ ਲਗਾ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਛਾਂ, ਆਕਸੀਜਨ ਅਤੇ ਜੀਵਨ ਛੱਡ ਜਾਂਦਾ ਹੈ, ਉਹ ਹਰ ਉਸ ਰਾਹਗੀਰ ਦੀ ਦੁਆ ਵਿਚ ਜਿਉਂਦਾ ਰਹਿੰਦਾ ਹੈ ਜੋ ਉਸ ਰੁੱਖ ਦੀ ਛਾਂ ਮਾਣਦਾ ਹੈ। ਉਸ ਦਿਨ ਅਸੀਂ ਦੋਵਾਂ ਨੇ ਖ਼ੁਦ ਨਾਲ ਇੱਕ ਵਾਅਦਾ ਕੀਤਾ ਕਿ ਜਿੰਨਾ ਸੰਭਵ ਹੋ ਸਕੇ, ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਪ੍ਰਤੀ ਤੇ ਇਨਸਾਨੀ ਜ਼ਾਤ ਪ੍ਰਤੀ ਆਪਣਾ ਇਖ਼ਲਾਕੀ ਫਰਜ਼ ਨਿਭਾਵਾਂਗੇ। ਡਾ. ਮਹਿੰਦਰ ਸਿੰਘ ਰੰਧਾਵਾ ਵਰਗੇ ਲੋਕ ਸਰੀਰਕ ਤੌਰ 'ਤੇ ਭਾਵੇਂ ਇਸ ਦੁਨੀਆ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਲਗਾਏ ਰੁੱਖਾਂ ਦੀ ਹਰਿਆਲੀ ਵਿਚ ਉਹ ਅੱਜ ਵੀ ਸਾਹ ਲੈ ਰਹੇ ਹਨ।

# ਚਾਚੀ ਦੀਪੋ ਦੀ ਭੱਠੀ


## ਮੇਰੇ ਆਪਣੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


*ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।*



ਸਵੇਰੇ ਸਵੇਰੇ ਘਰ ਦੀ ਬੈੱਲ ਵੱਜਦੀ ਹੈ। ਦਰਵਾਜ਼ਾ ਖੋਲ੍ਹਦਾ ਹਾਂ। ਗੇਟ ਮੂਹਰੇ ਮੇਰੇ ਪਿੰਡ ਦੀ ਝਿਊਰੀ ਚਾਚੀ ਦੀਪੋ ਆਪਣੀ ਧੀ ਅਤੇ ਦੋਹਤੀ ਨਾਲ ਖੜ੍ਹੀਆਂ ਹਨ। ਮੈਨੂੰ ਦੇਖਦਿਆਂ ਹੀ ਚਾਚੀ ਦੇ ਚਿਹਰੇ 'ਤੇ ਖੁਸ਼ੀ ਫੈਲਦੀ ਹੈ। ਮੈਂ ਬੜਾ ਖੁਸ਼ ਅਤੇ ਹੈਰਾਨ ਹਾਂ ਕਿ ਇੰਨੇ ਸਾਲਾਂ ਬਾਅਦ ਚਾਚੀ ਦੀਪੋ ਨੂੰ ਇੰਝ ਮੇਰੇ ਘਰ ਆਉਣ ਦੀ ਲੋੜ ਕਿਉਂ ਪਈ? ਉਸਨੂੰ ਮੇਰੇ ਘਰ ਦਾ ਪਤਾ ਕਿਵੇਂ ਲੱਗਾ ਅਤੇ ਉਹ ਆਪਣੀ ਧੀ ਅਤੇ ਦੋਹਤੀ ਨੂੰ ਕਿਉਂ ਨਾਲ ਲਿਆਈ ਹੈ? ਮੈਂ ਕੁਝ ਵੀ ਪੁੱਛਣ ਦੀ ਬਜਾਏ ਸਾਰਿਆਂ ਨੂੰ ਕਿਹਾ ਕਿ ਧੰਨਭਾਗ ਚਾਚੀ ਜੀ ਤੁਸੀਂ ਆਏ ਹੋ। ਕਮਰੇ ਵਿਚ ਬੈਠਦਿਆਂ ਸਾਰ ਹੀ ਚਾਚੀ ਸ਼ੁਰੂ ਹੋ ਗਈ, 'ਮੈਂ ਆਪਣੀ ਧੀ ਨੂੰ ਕਿਹਾ ਸੀ ਕਿ ਪੀਤੋ ਦਾ ਬਖਸ਼ੀ ਸ਼ਹਿਰ ਦੇ ਕਾਲਜ ਵਿਚ ਪ੍ਰੋਫੈਸਰ ਲੱਗਾ ਹੋਇਆ ਹੈ। ਜਦ ਵੀ ਤੈਨੂੰ ਕਿਸੇ ਕਿਸਮ ਦੀ ਲੋੜ ਹੋਈ ਤਾਂ ਮੈਨੂੰ ਜ਼ਰੂਰ ਦੱਸੀਂ। ਮੇਰਾ ਕਿਹਾ ਤਾਂ ਉਹ ਮੋੜ ਨਹੀਂ ਸਕਦਾ। ਵੈਸੇ ਤੂੰ ਵੀ ਉਸ ਕੋਲ ਜਾ ਸਕਦੀ ਏਂ। ਬਖ਼ਸ਼ੀ ਦੱਸਾਂ! ਮੇਰੀ ਦੋਹਤੀ ਤੇਰੇ ਕਾਲਜ ਵਿਚ ਪੜ੍ਹਦੀ ਆ। ਇਸਨੂੰ ਫੀਸ ਦੇਣ ਵਿਚ ਮੁਸ਼ਕਲ ਆ ਰਹੀ ਸੀ। ਮੈਂ ਕਿਹਾ ਕਿ ਆਪਾਂ ਬਖਸ਼ੀ ਨੂੰ ਕਹਾਂਗੇ, ਉਹ ਆਪੇ ਫ਼ੀਸ ਮੁਆਫ਼ ਕਰਵਾ ਦੇਵੇਗਾ। ਬਖਸ਼ੀ ਨੂੰ ਤਾਂ ਮੈਂ ਨਿੱਕੇ ਹੁੰਦੇ ਤੋਂ ਜਾਣਦੀ ਹਾਂ ਜਦ ਉਹ ਭੱਠੀ 'ਤੇ ਦਾਣੇ ਭੁਨਾਉਣ ਆਉਂਦਾ ਸੀ ਜਾਂ ਕਦੇ-ਕਦੇ ਤਾਂ ਅੱਧੀ ਛੁੱਟੀ ਵੇਲੇ ਦਾਣੇ ਭੁੰਨਾਉਣ ਲਈ ਸਭ ਤੋਂ ਇਹ ਕਾਹਲਾ ਹੁੰਦਾ ਸੀ। ਇਹ ਬਹੁਤ ਪੜ੍ਹਾਕੂ ਸੀ। ਭਾਵੇਂ ਇਸਦਾ ਭਾਪਾ ਅਤੇ ਪੀਤੋ ਦੋਵੇਂ ਅਣਪੜ੍ਹ ਸਨ ਪਰ ਇਹ 16 ਜਮਾਤਾਂ ਪੜ੍ਹ ਗਿਆ। ਦੇਖ ਲੈ ਹੁਣ ਪ੍ਰੋਫੈਸਰ ਬਣ ਗਿਆ ਜਦ ਕਿ ਇਸਦੇ ਨਾਲ ਦੇ ਕਈ ਜੁਆਕ ਤਾਂ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਬਾਹਰਲੇ ਦੇਸ਼ਾਂ ਵਿਚ ਚਲੇ ਗਏ। ਚੰਗਾ ਸਗੋਂ ਇਹ ਸਾਡੇ ਵਰਗਿਆਂ ਦੇ ਕੰਮ ਤਾਂ ਆਊਗਾ।' ਚਾਚੀ ਲਗਾਤਾਰ ਬੋਲੀ ਜਾ ਰਹੀ ਸੀ ਅਤੇ ਮੈਨੂੰ ਕੁਝ ਪੁੱਛਣ ਦਾ ਮੌਕਾ ਹੀ ਨਹੀਂ ਸੀ ਦਿੰਦੀ।

ਆਖਰ ਮੈਂ ਉਸਨੂੰ ਕੰਮ ਪੁੱਛਿਆ। ਜਦ ਉਸਨੇ ਫੀਸ ਮੁਆਫੀ ਦੀ ਗੱਲ ਕੀਤੀ ਤਾਂ ਮੈਂ ਆਖਿਆ ਕਿ ਤੁਹਾਡਾ ਕੰਮ ਹੋ ਜਾਵੇਗਾ। ਉਸਦੀ ਦੋਹਤੀ ਨੂੰ ਕਿਹਾ ਕਿ ਕਾਲਜ ਵਿਚ ਕੋਈ ਵੀ ਕੰਮ ਹੋਵੇ ਤਾਂ ਚਾਚੀ ਨੂੰ ਪਿੰਡੋਂ ਸੱਦਣ ਦੀ ਖੇਚਲ ਨਹੀਂ ਕਰਨੀ। ਬਿਨਾਂ ਝਿਜਕ ਮੈਨੂੰ ਆ ਕੇ ਮਿਲ ਲੈਣਾ। ਤੂੰ ਤਾਂ ਸਾਡੇ ਪਿੰਡ ਦੀ ਦੋਹਤੀ ਏਂ। ਤੇਰੀ ਮਦਦ ਕਰਨਾ ਤਾਂ ਮੇਰਾ ਪਹਿਲਾ ਫਰਜ਼ ਆ। ਘੰਟਾ ਕੁ ਬਹਿ, ਚਾਹ ਪਾਣੀ ਪੀਂਦਿਆਂ ਪਿੰਡ ਦੀਆਂ ਸਾਰੀਆਂ ਬੀਤੀਆਂ ਸਾਂਝੀਆਂ ਕਰਦੀ ਰਹੀ। ਮੇਰੀ ਵਿਛੜ ਚੁੱਕੀ ਮਾਂ ਦੀਆਂ ਗੱਲਾਂ ਕਰਦੀ ਵਿਚ-ਵਿਚ ਭਾਵੁਕ ਵੀ ਹੋ ਜਾਂਦੀ। ਮੇਰੀ ਪਤਨੀ ਨੇ ਉਸਦੀ ਦੋਹਤੀ ਨੂੰ ਸ਼ਗਨ ਦਿੱਤਾ ਤਾਂ ਉਹ ਬਹੁਤ ਹੀ ਭਾਵੁਕ ਹੋ ਗਈ ਅਤੇ ਢੇਰ ਸਾਰੀਆਂ ਅਸੀਸਾਂ ਦਿੰਦੀ ਚਲੇ ਗਈ। ਦਰਅਸਲ ਉਸਦੀ ਬੇਟੀ ਕਪੂਰਥਲੇ ਵਿਆਹੀ ਹੋਈ ਸੀ ਜਿਸਦੀ ਬੇਟੀ ਰਣਧੀਰ ਕਾਲਜ ਵਿਚ ਪੜ੍ਹਦੀ ਸੀ। ਸ਼ਾਇਦ ਚਾਚੀ ਦੀ ਦੋਹਤੀ ਨੇ ਘਰ ਗੱਲ ਕੀਤੀ ਹੋਵੇ ਕਿ ਕੋਈ ਪ੍ਰੋ. ਭੰਡਾਲ ਕਾਲਜ ਵਿਚ ਪੜ੍ਹਾਉਂਦਾ ਹੈ ਅਤੇ ਉਹ ਸਾਡੀ ਮਦਦ ਕਰ ਸਕਦਾ ਹੈ। ਉਨ੍ਹੀਂ ਦਿਨੀਂ ਚਾਚੀ ਕਪੂਰਥਲੇ ਆਈ ਹੋਈ ਸੀ ਤਾਂ ਉਹ ਆਪਣੀ ਧੀ ਅਤੇ ਦੋਹਤੀ ਨੂੰ ਲੈ ਕੇ ਮੇਰੇ ਕਾਲਜ ਜਾਣ ਤੋਂ ਪਹਿਲਾਂ ਹੀ ਘਰ ਆ ਗਈਆਂ। ਉਸਦਾ ਮਾਵਾਂ ਵਰਗਾ ਦਾਈਆ ਰੱਖਣਾ ਅਤੇ ਅਪਣੱਤ ਨਾਲ ਮੇਰੇ ਘਰ ਆਉਣਾ ਦਰਅਸਲ ਪੰਜਾਬੀ ਤਹਿਜ਼ੀਬ ਦਾ ਸਭ ਤੋਂ ਸੁਨਹਿਰਾ ਪੱਖ ਹੈ। ਪਿੰਡ ਦਾ ਕੋਈ ਬੱਚਾ ਪੜ੍ਹ-ਲਿਖ ਕੇ ਕਿੰਨਾ ਵੀ ਵੱਡਾ ਹੋ ਜਾਵੇ, ਉਹ ਪਿੰਡ ਵਾਲਿਆਂ ਲਈ ਕਦੇ ਵੀ ਵੱਡਾ ਜਾਂ ਓਪਰਾ ਨਹੀਂ ਹੁੰਦਾ। ਉਹ ਉਨ੍ਹਾਂ ਦਾ ਆਪਣਾ ਹੁੰਦਾ ਜਿਸਨੂੰ ਉਸਦੇ ਬਚਪਨੀ ਨਾਮ ਨਾਲ ਸੰਬੋਧਨ ਕਰਕੇ ਨਿੱਘੇ ਰਿਸ਼ਤਿਆਂ ਦਾ ਆਨੰਦ ਮਾਣਿਆ ਜਾਂਦਾ।

ਚਾਚੀ ਦੀਪੋ ਮੱਧਰੀ ਜਹੀ। ਪੱਕਾ ਰੰਗ। ਮੂੰਹ 'ਤੇ ਮਾਤਾ ਦੇ ਦਾਗ। ਹਰ ਕੰਮ ਵਿਚ ਬਹੁਤ ਛੋਹਲੀ ਅਤੇ ਨਿਪੁੰਨ। ਉਸਦਾ ਘਰ ਵਾਲਾ ਦੋਧੀ ਸੀ ਅਤੇ ਛੇਤੀ ਹੀ ਉਸਦੀ ਮੌਤ ਹੋ ਗਈ। ਆਪਣੀਆਂ ਧੀਆਂ ਦੀ ਜ਼ਿੰਮੇਵਾਰੀ ਉਸਦੇ ਸਿਰ ਆ ਪਈ। ਪਿੰਡਾਂ ਵਿਚ ਝਿਊਰ ਘਰਾਂ ਵਿਚ ਪਾਣੀ ਭਰਨ ਦਾ ਕੰਮ ਕਰਦੇ ਸਨ ਪਰ ਨਲਕੇ ਲੱਗਣ ਨਾਲ ਝਿਊਰਾਂ ਦਾ ਤਾਂ ਕੋਈ ਕੰਮ ਨਾ ਰਿਹਾ। ਉਹ ਸਵੇਰੇ ਬਾਲਣ ਇਕੱਠਾ ਕਰਦੀ। ਹਰ ਰੋਜ਼ ਅੱਧੀ ਛੁੱਟੀ ਵੇਲੇ ਅਤੇ ਸ਼ਾਮ ਨੂੰ ਭੱਠੀ ਤਪਾਉਂਦੀ। ਦਾਣੇ ਭੁੰਨਣ ਵਿਚ ਬੜੀ ਮਾਹਿਰ ਸੀ ਭਾਵੇਂ ਇਹ ਮੱਕੀ ਦੇ ਹੋਣ, ਕਣਕ ਜਾਂ ਛੋਲੇ ਹੋਣ। ਮੱਕੀ ਦੀਆਂ ਖਿੱਲਾਂ ਪਹਿਲਾਂ ਕੱਢ ਦੇਣੀਆਂ ਅਤੇ ਬਾਕੀ ਦਾਣੇ ਚੰਗੀ ਤਰ੍ਹਾਂ ਰਾੜ ਦੇਣੇ। ਕਈ ਵਾਰ ਅੱਧ-ਭੁੰਨੇ ਮੱਕੀ ਦੇ ਦਾਣੇ ਵੀ ਕੱਢ ਲੈਣੇ, ਜੋ ਬਹੁਤ ਹੀ ਸਵਾਦ ਹੁੰਦੇ ਜਿਨ੍ਹਾਂ ਨੂੰ ਆਭੂ ਕਹਿੰਦੇ ਸਨ। ਅੱਧੀ ਛੁੱਟੀ ਵੇਲੇ ਦਾਣੇ ਭੁੰਨਾਉਣ ਵਾਲੇ ਤਾਂ ਸਕੂਲ ਜਾਣ ਵਾਲੇ ਬੱਚੇ ਹੀ ਹੁੰਦੇ ਪਰ ਸ਼ਾਮ ਨੂੰ ਉਸਦੀ ਭੱਠੀ 'ਤੇ ਬਹੁਤ ਰੌਣਕ ਹੁੰਦੀ। ਦਾਣੇ ਭੁੰਨਣ ਲੱਗਿਆਂ ਲੱਪ ਭਰ ਕੇ ਭਾੜਾ ਕੱਢ ਲੈਂਦੀ ਭਾਵੇਂ ਕੋਈ ਬੱਚਾ ਹੋਵੇ ਜਾਂ ਜਵਾਨ। ਅਕਸਰ ਘਰ ਵਾਲੇ ਛੋਟੇ ਬੱਚਿਆਂ ਨੂੰ ਦਾਣੇ ਭੁੰਨਾਉਣ ਲਈ ਭੇਜਦੇ। ਚਾਚੀ ਦਾਣੇ ਭੁੰਨ ਕੇ, ਸਾਫ਼ੇ ਜਾਂ ਪੌਣੇ ਵਿਚ ਪਾ ਕੇ ਉਪਰੋਂ ਗੰਢ ਮਾਰ ਦਿੰਦੀ ਤਾਂ ਕਿ ਬੱਚਾ ਜੇ ਕਿਧਰੇ ਡਿੱਗ ਪਏ ਤਾਂ ਦਾਣੇ ਨਾ ਖਿੱਲਰ ਜਾਣ। ਕਈ ਬੱਚੇ ਤਾਂ ਝੱਗੇ ਦੀ ਝੋਲੀ ਵਿਚ ਹੀ ਦਾਣੇ ਪਾ ਕੇ ਦਾਣੇ ਭੁੰਨਾਉਣ ਆ ਜਾਂਦੇ। ਉਹ ਪੱਤੀ ਦੇ ਹਰ ਬੱਚੇ ਨੂੰ ਛੋਟਾ ਨਾਂ ਲੈ ਕੇ ਬੁਲਾਉਂਦੀ ਅਤੇ ਨਾਲ ਹੀ ਉਸਦੀ ਮਾਂ ਨੂੰ ਕਈ ਵਾਰ ਸੁਨੇਹਾ ਵੀ ਭੇਜ ਦਿੰਦੀ।

ਪੱਤੀ ਦੇ ਹਰ ਘਰ ਵਿਚ ਹੋਣ ਵਾਲੇ ਸਾਰੇ ਸਮਾਗਮਾਂ ਭਾਵੇਂ ਇਹ ਅਖੰਡ ਪਾਠ ਹੋਵੇ, ਨਵ-ਜਨਮੇ ਬੱਚੇ ਦਾ ਤੇਹਰਵਾਂ ਹੋਵੇ, ਮੰਗਣੀ ਜਾਂ ਵਿਆਹ, ਜਾਂ ਮਰਗ ਦਾ ਭੋਗ ਹੋਵੇ, ਉਹ ਭਾਂਡੇ ਮਾਂਜਣ ਲਈ ਸਵੇਰੇ ਆ ਜਾਂਦੀ ਅਤੇ ਸੰਦੇਹਾਂ ਵਾਪਸ ਪਰਤਦੀ। ਘਰ ਦੇ ਲਾਗੀਆਂ ਵਿਚ ਉਸਦਾ ਖਾਸਾ ਰੋਅਬ ਹੁੰਦਾ। ਉਹ ਆਪਣੀ ਮਨਮਰਜ਼ੀ ਦਾ ਲਾਗ ਲੈਂਦੀ। ਇਹ ਇਸ 'ਤੇ ਨਿਰਭਰ ਕਰਦਾ ਕਿ ਵਿਆਹ ਵਾਲਾ ਪਰਿਵਾਰ ਮਾਲਦਾਰ ਸਾਮੀ ਜਾਂ ਸਧਾਰਨ ਪਰਿਵਾਰ ਹੈ?

ਦਰਅਸਲ ਪਿੰਡਾਂ ਵਿਚ ਲਾਗੀ ਹਰ ਘਰ ਦਾ ਇਕ ਅਹਿਮ ਹਿੱਸਾ। ਘਰ ਦੇ ਹਰ ਰਾਜ਼ ਤੋਂ ਜਾਣੂ। ਪਰਿਵਾਰ ਦੇ ਹਰ ਜੀਅ ਦੀਆਂ ਆਦਤਾਂ ਜਾਣਦੇ। ਉਨ੍ਹਾਂ ਨੂੰ ਇਹ ਵੀ ਪਤਾ ਹੁੰਦਾ ਕਿ ਕਿਹੜੇ ਜੀਅ ਨੇ ਜਲਦੀ ਨਰਾਜ਼ ਹੋਣਾ, ਕਿਹੜਾ ਖੁਸ਼ ਹੀ ਰਹਿੰਦਾ? ਕਿਸੇ ਆਏ ਹੋਏ ਪ੍ਰਾਹੁਣੇ ਸਾਹਮਣੇ ਘਰ ਦਾ ਇੱਜ਼ਤ ਮਾਣ ਕਿਵੇਂ ਵਧਾਉਣਾ? ਉਹ ਘਰ ਦੇ ਜੀਆਂ ਵਾਂਗ ਵਿਚਰਦੇ। ਹਰ ਸਮਾਗਮ ਦੇ ਸੁੱਖੀ-ਸਾਂਦੀ ਪੂਰਾ ਹੋਣ 'ਤੇ ਬਹੁਤ ਖੁਸ਼ ਹੁੰਦੇ। ਤੇ ਫਿਰ ਲਾਗੀ ਦੀ ਮਰਜ਼ੀ ਚੱਲਦੀ ਕਿ ਕਿੰਨੀ ਭਾਜੀ ਲੈਣੀ, ਕਿੰਨਾ ਲਾਗ ਲੈਣਾ ਅਤੇ ਕਿਸ ਤਰ੍ਹਾਂ ਦਾ ਸੂਟ/ਕਪੜੇ ਆਦਿ ਲੈਣੇ। ਹਰ ਸਵਾਣੀ ਦੀ ਇਹੀ ਭਾਵਨਾ ਹੁੰਦੀ ਕਿ ਘਰ ਆਏ ਹਰ ਲਾਗੀ ਦਾ ਹੱਕ ਪੂਰਾ ਕੀਤਾ ਜਾਵੇ ਜਿਨ੍ਹਾਂ ਨੇ ਆਪਣੇ ਜੀਅ-ਜਾਨ ਨਾਲ ਸਮਾਗਮ ਵਿਚ ਹਰ ਪ੍ਰਕਾਰ ਦਾ ਹੱਥ ਵਟਾ ਕੇ ਸੰਪੂਰਨ ਕੀਤਾ।

ਪਿੰਡ ਦੇ ਸਮਾਜਿਕ ਤਾਣੇ-ਬਾਣੇ ਦਾ ਇਹ ਸਭ ਤੋਂ ਖੂਬਸੂਰਤ ਪਹਿਲੂ ਹੁੰਦਾ ਸੀ ਕਿ ਕਿਸੇ ਪਰਿਵਾਰ ਦਾ ਕੋਈ ਵੀ ਸਮਾਗਮ ਇਕ ਪਰਿਵਾਰ ਦਾ ਨਹੀਂ ਸਗੋਂ ਸਮੁੱਚੇ ਕਬੀਲੇ/ਪੱਤੀ ਦਾ ਹੁੰਦਾ ਸੀ। ਹਰ ਕੋਈ ਇਸਨੂੰ ਆਪਣਾ ਸਮਝ ਕੇ ਇਸਦੀ ਸੰਪੂਰਨਤਾ ਵਿਚ ਹੱਥ ਵਟਾਉਂਦਾ ਸੀ।

ਦੀਪੋ ਚਾਚੀ ਤਾਂ ਮੇਰੀ ਮਾਂ ਨੂੰ ਅਕਸਰ ਹੀ ਕਹਿ ਦਿੰਦੀ ਕਿ ਇਹ ਤੇਰਾ ਪੁੱਤ ਜ਼ਿਆਦਾ ਨਹੀਂ। ਮੇਰਾ ਵੀ ਉਨਾ ਹੀ ਹੈ। ਭਾਵੇਂ ਇਹ ਪ੍ਰੋਫੈਸਰ ਹੋਊ ਕਾਲਜ ਵਿਚ। ਮੇਰਾ ਤਾਂ ਉਹੀ ਬਖ਼ਸ਼ੀ ਆ ਜਿਹੜਾ ਭੱਠੀ 'ਤੇ ਦਾਣੇ ਭੁੰਨਾਉਣ ਆਉਂਦਾ ਸੀ। ਮੈਂ ਇਸਨੂੰ ਤੇਰੇ ਤੋਂ ਵੀ ਜ਼ਿਆਦਾ ਆਪਣਾ ਸਮਝਦੀ ਹਾਂ। ਤਾਂ ਹੀ ਉਸਨੇ ਮੇਰੇ ਵਿਆਹ ਵੇਲੇ ਮੇਰੀ ਮਾਂ ਕੋਲੋਂ ਧੱਕੇ ਅਤੇ ਰੋਅਬ ਨਾਲ ਜ਼ਿਆਦਾ ਲਾਗ ਲਿਆ ਸੀ।

ਦੀਪੋ ਦੀ ਸਭ ਤੋਂ ਵੱਡੀ ਸ਼ਖਸੀ ਖੂਬਸੂਰਤੀ ਇਹ ਸੀ ਕਿ ਉਹ ਹਰੇਕ ਦੇ ਮੂੰਹ 'ਤੇ ਸੱਚ ਕਹਿ ਦਿੰਦੀ ਸੀ ਭਾਵੇਂ ਕਿਸੇ ਨੂੰ ਇਹ ਚੁੱਭੇ ਹੀ ਕਿਉਂ ਨਾ। ਸਾਰੀ ਪੱਤੀ ਵਾਲੇ ਉਸਦੀ ਇਸ ਆਦਤ ਤੋਂ ਵਾਕਫ਼ ਸਨ। ਕੋਈ ਵੀ ਉਸਦੀ ਕਿਸੇ ਵੀ ਗੱਲ ਦਾ ਗੁੱਸਾ ਨਹੀਂ ਸੀ ਕਰਦਾ। ਬਹੁਤ ਹੀ ਬੇਬਾਕ, ਜ਼ਿੰਦਾ ਦਿਲ ਅਤੇ ਹੱਸਮੁੱਖ ਸੀ ਚਾਚੀ ਦੀਪੋ।

ਚਾਚੀ ਦੀਪੋ ਉਨ੍ਹਾਂ ਬੱਚਿਆਂ ਨੂੰ ਬਹੁਤ ਘੂਰਦੀ ਸੀ ਜਿਹੜੇ ਜਾਣ-ਬੁੱਝ ਕੇ ਸਕੂਲੇ ਨਾ ਜਾਂਦੇ। ਉਹ ਕਿਸੇ ਵੀ ਪਰਿਵਾਰ ਦੇ ਬੱਚੇ ਨੂੰ ਝਿੜਕ ਸਕਦੀ ਸੀ। ਉਸਦੇ ਮਾਪਿਆਂ ਨੂੰ ਬੱਚੇ ਦੀ ਕਿਸੇ ਵੀ ਭੈੜੀ ਆਦਤ ਤੋਂ ਜਾਣੂ ਕਰਵਾਉਣਾ ਆਪਣਾ ਧਰਮ ਸਮਝਦੀ ਸੀ। ਉਸਦੀਆਂ ਸੂਖ਼ਮ ਅਤੇ ਅਚੇਤ ਰੂਪ ਵਿਚ ਦਿੱਤੀਆਂ ਹੋਈਆਂ ਮੱਤਾਂ ਨੂੰ ਆਪਣੇ ਮਨ ਵਿਚ ਯਾਦ ਕਰਦਾ ਤਾਂ ਪਤਾ ਲੱਗਦਾ ਕਿ ਸਾਡੇ ਬਜ਼ੁਰਗ ਬਹੁਤ ਸਿਆਣੇ ਅਤੇ ਸਮਝਦਾਰ ਹੁੰਦੇ ਸਨ। ਨਿੱਕੀਆਂ-ਨਿੱਕੀਆਂ ਸਲਾਹੁਤਾਂ, ਸਮਝੌਤੀਆਂ ਅਤੇ ਸਿਆਣਪਾਂ ਦਿੰਦੀ, ਸੀਮਤ ਜਹੀ ਆਮਦਨ ਨਾਲ ਆਪਣੀ ਜ਼ਿੰਦਗੀ ਨੂੰ ਹੱਸ ਕੇ ਜੀਣ ਵਾਲੀ ਅਤੇ ਆਪਣੀਆਂ ਬੱਚੀਆਂ ਦੇ ਸਭ ਕਾਰਜ ਪੂਰੇ ਕਰਨ ਵਾਲੀ ਚਾਚੀ ਦੀਪੋ ਆਖਰੀ ਦਮ ਤੱਕ ਪਿੰਡ ਵਿਚ ਹੀ ਰਹੀ।

ਕਦੋਂ ਮਿਲਦੇ ਨੇ ਪਿੰਡ ਦੇ ਬਾਕਮਾਲ ਚਾਚੀ ਦੀਪੋ ਜਹੇ ਪਾਤਰ ਜਿਨ੍ਹਾਂ ਲਈ ਆਪਣੇ ਆਪ ਤੋਂ ਵੀ ਉਪਰ ਹੁੰਦਾ ਸੀ ਪਿੰਡ, ਭਾਈਚਾਰੇ ਦੇ ਲੋਕ ਅਤੇ ਪੱਤੀ ਦਾ ਹਰ ਨਿਆਣਾ-ਸਿਆਣਾ ਅਤੇ ਜਿਨ੍ਹਾਂ ਦੇ ਕੰਮ ਆ ਕੇ ਸ਼ੁਕਰ-ਸਬੂਰੀ ਵਿਚੋਂ ਹੀ ਆਪਣੇ ਜੀਵਨ ਦੀ ਧੰਨਭਾਗਤਾ ਸਮਝਦੇ ਸਨ।

ਚਾਚੀ ਦੀਪੋ ਵਰਗੇ ਕੁਝ ਅਣਗੌਲੇ ਪਰ ਖੂਬਸੂਰਤ ਲੋਕ ਹੀ ਹੁੰਦੇ ਜਿਹੜੇ ਪਿੰਡ ਦੀ ਫ਼ਿਜ਼ਾ ਨੂੰ ਪਾਕੀਜ਼ਗੀ ਬਖਸ਼, ਪਿੰਡ ਨੂੰ ਸਵਰਗ ਬਣਾਉਣ ਵਿਚ ਹੀ ਆਪਣੀ ਬੰਦਗੀ ਸਮਝਦੇ ਸਨ।

ਚਾਚੀ ਦੀਪੋ ਦਾ ਚੇਤਾ ਆਉਣ 'ਤੇ ਮੈਂ ਆਪਣੇ ਬਚਪਨੇ ਦੇ ਉਨ੍ਹਾਂ ਪਲਾਂ ਨੂੰ ਮੁੜ ਜਿਊਣ ਗੋਚਰਾ ਹੋਇਆ ਜਿਹੜੇ ਪਲ ਹੁਣ ਵੀ ਮੈਨੂੰ ਸਕੂਨ ਦਿੰਦੇ ਨੇ। ਤਾਂ ਹੀ ਮੈਂ ਗਾਹੇ-ਬਗਾਹੇ ਪਿੰਡ ਦਾ ਗੇੜਾ ਲਾਉਂਦਾ ਹਾਂ ਭਾਵੇਂ ਕਿ ਪਿੰਡ ਹੁਣ ਉਹ ਨਹੀਂ ਰਿਹਾ ਜਿਹੜਾ ਮੇਰੀਆਂ ਯਾਦਾਂ ਵਿਚ ਵੱਸਦਾ ਹੈ।

# ਚੋਰੀ ਹੋਈ ਫੀਫਾ ਟਰਾਫੀ ਨੂੰ ਕੁੱਤੇ ਨੇ ਕਿਵੇਂ ਲੱਭਿਆ?


ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਅਸਟਰੇਲੀਆ)


ਓਲੰਪਿਕ ਖੇਡਾਂ ਵਾਂਗ ਵਿਸ਼ਵ ਫੁੱਟਬਾਲ ਕੱਪ ਵੀ ਚਾਰ ਸਾਲ ਬਾਅਦ ਹੁੰਦਾ ਹੈ। ਇਸ ਦਾ ਪ੍ਰਬੰਧ ਫੀਫਾ (ਫੈਡਰੇਸ਼ਨ ਆਫ ਇੰਟਰਨੈਸ਼ਨਲ ਫੁੱਟਬਾਲ ਆਰਗੇਨਾਈਜੇਸ਼ਨ) ਵਲੋਂ ਕੀਤਾ ਜਾਂਦਾ ਹੈ। ਦੂਜੀਆਂ ਖੇਡਾਂ ਦੇ ਮੁਕਾਬਲੇ ਇਸ ਵਿਸ਼ਵ ਕੱਪ ਨੂੰ ਜ਼ਿਆਦਾ ਦਰਸ਼ਕਾਂ ਵਲੋਂ ਦੇਖਿਆ ਜਾਂਦਾ ਹੈ।

ਇਸ ਦੀ ਸ਼ੁਰੂਆਤ 1930 ਵਿਚ ਹੋਈ ਸੀ। ਹੁਣ ਤੱਕ 22 ਕੱਪ ਆਯੋਜਿਤ ਹੋ ਚੁੱਕੇ ਹਨ। 2026 ਦਾ ਵਿਸ਼ਵ ਕੱਪ ਚੱਲ ਰਿਹਾ ਹੈ। ਇਥੇ ਅਸੀਂ ਵਿਸ਼ਵ ਫੁੱਟਬਾਲ ਬਾਰੇ ਗੱਲ ਕਰਨ ਦੀ ਥਾਂ ਇਸ ਮੁਕਾਬਲੇ ਵਿਚ ਜੇਤੂ ਰਹਿਣ ਵਾਲੀ ਟੀਮ ਨੂੰ ਦਿੱਤੀ ਜਾਣ ਵਾਲੀ ਫੀਫਾ 'ਟਰਾਫੀ' ਬਾਰੇ ਚਰਚਾ ਕਰਾਂਗੇ। ਫੀਫਾ ਵਿਸ਼ਵ ਕੱਪ ਦੀ ਵਰਤਮਾਨ ਟਰਾਫੀ ਦਾ ਡਿਜਾਈਨ ਇਟਾਲੀਅਨ ਮੂਰਤੀਕਾਰ ਸਲੀਵਿਓ ਗਜ਼ਜ਼ਾਨਿਗਾ ਨੇ ਬਣਾਇਆ ਸੀ। ਇਸ ਡਿਜਾਈਨ ਨੂੰ 1974 ਵਿਚ ਅਪਣਾਇਆ ਗਿਆ ਸੀ। ਇਹ ਟਰਾਫੀ 18 ਕੈਰਟ ਸੋਨੇ ਨਾਲ ਬਣੀ ਹੋਈ ਹੈ ਜਿਸ ਦਾ ਭਾਰ 6.175 ਕਿਲੋਗ੍ਰਾਮ ਅਤੇ ਉਚਾਈ 36.5 ਸੈਂਟੀਮੀਟਰ ਹੈ। ਇਸ ਵਿਚ ਧਰਤੀ ਨੂੰ ਪਕੜੇ ਹੋਏ ਦੋ ਮਨੁੱਖੀ ਆਕ੍ਰਿਤੀਆਂ ਨੂੰ ਦਿਖਾਇਆ ਗਿਆ ਹੈ। ਪਹਿਲਾਂ ਇਸ ਟਰਾਫੀ ਦਾ ਨਾਮ ਜੂਲਸ ਰੀਮੇਟ ਟਰਾਫੀ ਹੁੰਦਾ ਸੀ। 1930 ਤੋਂ 1970 ਤੱਕ ਜੇਤੂ ਟੀਮ ਨੂੰ ਇਹ ਟਰਾਫੀ ਦਿੱਤੀ ਜਾਂਦੀ ਸੀ। ਇਸ ਦਾ ਨਾਮ ਫੀਫਾ ਦੇ ਪੂਰਬ ਪ੍ਰਧਾਨ ਜੂਲਸ ਰਿਮੇਟ ਦੇ ਨਾਮ 'ਤੇ ਰੱਖਿਆ ਗਿਆ ਸੀ। ਨਿਯਮਾਂ ਅਨੁਸਾਰ, ਜੋ ਦੇਸ਼ ਤਿੰਨ ਵਾਰ ਵਿਸ਼ਵ ਫੁੱਟਬਾਲ ਕੱਪ ਜਿੱਤਦਾ ਸੀ, ਉਸ ਨੂੰ ਇਹ ਟਰਾਫੀ ਪੱਕੇ ਤੌਰ 'ਤੇ ਦੇ ਦਿੱਤੀ ਜਾਂਦੀ ਸੀ। ਬ੍ਰਾਜ਼ੀਲ ਨੇ 1970 ਵਿਚ ਤੀਸਰੀ ਵਾਰ ਵਿਸ਼ਵ ਕੱਪ ਜਿੱਤ ਕੇ ਸਥਾਈ ਰੂਪ ਵਿਚ ਇਸ ਟਰਾਫੀ 'ਤੇ ਕਬਜ਼ਾ ਕਰ ਲਿਆ ਸੀ। 1970 ਤੋਂ ਬਾਅਦ ਫੀਫਾ ਨੇ ਇਸ ਪ੍ਰਤੀਯੋਗਤਾ ਲਈ ਨਵੀਂ ਟਰਾਫੀ ਦਾ ਨਿਰਮਾਣ ਕਰਵਾਇਆ। 53 ਡਿਜ਼ਾਇਨਾਂ ਵਿਚੋਂ ਉਪਰੋਕਤ ਮੂਰਤੀਕਾਰ ਦੇ ਡਿਜ਼ਾਈਨ ਦੀ ਚੋਣ ਕੀਤੀ ਗਈ। 2005 ਵਿਚ ਫੀਫਾ ਵਲੋਂ ਇਹ ਨਿਯਮ ਬਣਾਇਆ ਗਿਆ ਕਿ ਕੋਈ ਵੀ ਟੀਮ ਇਸ ਅਸਲੀ ਟਰਾਫੀ ਨੂੰ ਹਮੇਸ਼ਾ ਲਈ ਆਪਣੇ ਕੋਲ ਨਹੀਂ ਰੱਖ ਸਕੇਗੀ। ਇਸ ਨਿਯਮ ਅਨੁਸਾਰ ਜੇਤੂ ਟੀਮ ਨੂੰ ਗੋਲਡ ਪਲੇਟਡ ਕਾਂਸੀ ਦੀ ਟਰਾਫੀ ਦਿੱਤੀ ਜਾਂਦੀ ਹੈ। ਅਸਲੀ ਟਰਾਫੀ ਨੂੰ ਫੀਫਾ ਦੀ ਪ੍ਰਾਪਰਟੀ ਘੋਸ਼ਿਤ ਕਰ ਦਿੱਤਾ ਗਿਆ। ਅਸਲੀ ਅਤੇ 'ਮੂਲ ਫੀਫਾ ਵਰਡ ਕੱਪ ਟਰਾਫੀ' ਹਮੇਸ਼ਾ ਸਵਿਟਜ਼ਰਲੈਂਡ ਦੇ ਜਿਊਰਿਖ ਸਥਿਤ ਫੀਫਾ ਦੇ ਮੁੱਖ ਦਫਤਰ ਵਿਖੇ ਸੁਰੱਖਿਅਤ ਰੱਖੀ ਜਾਂਦੀ ਹੈ। ਇਹ ਕੇਵਲ ਅਧਿਕਾਰਤ ਫੀਫਾ ਵਰਡ ਕੱਪ ਟੂਰ ਅਤੇ ਵਿਸ਼ਵ ਕੱਪ ਦੌਰਾਨ ਹੀ ਬਾਹਰ ਕੱਢੀ ਜਾਂਦੀ ਹੈ। ਫੀਫਾ ਵਲੋਂ ਇਨਾਮ ਵੰਡ ਜਸ਼ਨ ਤੋਂ ਬਾਅਦ ਇਸ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਜਾਂਦਾ ਹੈ।

ਇਸ ਟਰਾਫੀ ਨੂੰ ਐਨਾ ਸੰਭਾਲ ਕੇ ਰੱਖਣ ਪਿੱਛੇ ਵੀ ਇੱਕ ਇਤਿਹਾਸ ਛੁਪਿਆ ਹੋਇਆ ਹੈ। ਅਸਲ ਵਿਚ ਇਹ ਅਸਲੀ ਟਰਾਫੀ ਦੋ ਵਾਰ ਚੋਰੀ ਹੋ ਚੁੱਕੀ ਹੈ। 1966 ਦਾ ਵਿਸ਼ਵ



ਫੁੱਟਬਾਲ ਕੱਪ ਇੰਗਲੈਂਡ ਵਿਚ ਹੋਣਾ ਸੀ। ਵਿਸ਼ਵ ਕੱਪ ਸ਼ੁਰੂ ਹੋਣ 'ਤੋਂ ਕੁਝ ਮਹੀਨੇ ਪਹਿਲਾਂ ਲੰਡਨ ਦੇ ਵੈਸਟ ਮਨਿਸਟਰ ਸੈਂਟਰਲ ਹਾਲ ਵਿਚ ਇਸ ਟਰਾਫੀ ਦੀ ਪ੍ਰਦਰਸ਼ਨੀ ਲਗਾਈ ਗਈ ਸੀ। ਉੱਥੋਂ ਇਹ ਟਰਾਫੀ ਭੇਦ-ਭਰੇ ਢੰਗ ਨਾਲ ਚੋਰੀ ਹੋ ਗਈ ਸੀ। ਇੱਕ ਹਫ਼ਤੇ ਬਾਅਦ 'ਪਿਕਲਸ' ਨਾਮ ਦਾ ਕੁੱਤਾ ਜਦੋਂ ਆਪਣੇ ਮਾਲਕ ਨਾਲ ਸੈਰ ਕਰ ਰਿਹਾ ਸੀ ਤਾਂ ਉਸ ਨੂੰ ਝਾੜੀਆਂ ਵਿਚ ਇੱਕ ਪੈਕਟ ਮਿਲਿਆ। ਇਸ ਪੈਕਟ ਨੂੰ ਜਦੋਂ ਖੋਲ੍ਹਿਆ ਗਿਆ ਤਾਂ ਇਸ ਦੇ ਅੰਦਰ ਬੇਸ਼ਕੀਮਤੀ ਟਰਾਫੀ ਸੁਰੱਖਿਅਤ ਮਿਲ ਗਈ ਸੀ। ਇੱਥੇ ਹੀ ਬਸ ਨਹੀਂ ਇਸ ਟਰਾਫੀ ਨੂੰ ਦੂਜੀ ਵਾਰ ਫੇਰ ਚੋਰੀ ਕੀਤਾ ਗਿਆ। 1983 ਵਿਚ ਬ੍ਰਾਜ਼ੀਲ ਦੇ ਰਿਓ ਡੀ ਜਨੇਰੀਓ ਵਿਖੇ ਸਥਿਤ ਬ੍ਰਾਜ਼ੀਲੀਆਨ ਫੁੱਟਬਾਲ ਕਨਫੈਡਰੇਸ਼ਨ ਦੇ ਮੁੱਖ ਦਫਤਰ ਵਿਚੋਂ ਇਹ ਟਰਾਫੀ ਚੋਰੀ ਹੋ ਗਈ ਸੀ। ਇਸ ਵਾਰ ਚੋਰੀ ਹੋਈ ਅਸਲੀ ਟਰਾਫੀ ਦੇ ਚੋਰਾਂ ਦਾ ਕੁੱਝ ਵੀ ਪਤਾ ਨਹੀਂ ਲੱਗਿਆ। ਇਸ ਸਮੇ ਤੱਕ ਖੇਡਾਂ ਦਾ ਆਧਾਰ ਨੈਤਿਕਤਾ ਨੂੰ ਮੰਨਿਆ ਜਾਂਦਾ ਸੀ, ਲੇਕਿਨ ਇਸ ਤਰਾਂ ਦੀਆਂ ਘਟਨਾਵਾਂ ਤੋਂ ਬਾਅਦ ਖਿਡਾਰੀਆਂ ਅਤੇ ਟਰਾਫੀਆਂ ਨੂੰ ਸੁਰੱਖਿਆ ਅੰਦਰ ਰੱਖਣਾ ਪ੍ਰਬੰਧਕਾਂ ਦੀ ਮਜਬੂਰੀ ਬਣ ਗਈ ਹੈ। ਮੰਨਿਆ ਇਹ ਜਾਂਦਾ ਹੈ ਕਿ ਚੋਰਾਂ ਨੇ ਇਸ ਕੀਮਤੀ ਟਰਾਫੀ ਨੂੰ ਪਿਘਲਾ ਕੇ ਵੇਚ ਦਿੱਤਾ ਹੋਵੇਗਾ। ਖੇਡ ਪ੍ਰੇਮੀਆਂ ਦੀਆਂ ਭਾਵਨਾਵਾਂ ਨਾਲ ਜੁੜੀ ਇਸ ਅੰਤਰਰਾਸ਼ਟਰੀ ਟਰਾਫੀ ਦਾ ਬਾਅਦ ਵਿਚ ਧੂੰਆਂ ਵੀ ਨਹੀ ਨਿਕਲਿਆ। ਫੀਫਾ ਵਿਸ਼ਵ ਕੱਪ ਟਰਾਫੀ ਨੂੰ ਅਜੇ ਤੱਕ ਅੱਠ ਦੇਸ਼ਾਂ ਨੇ ਜਿੱਤਿਆ ਹੈ। ਇਹਨਾਂ ਦੇਸ਼ਾਂ ਵਿਚ ਬ੍ਰਾਜ਼ੀਲ, ਜਰਮਨੀ, ਇਟਲੀ ਅਰਜਨਟਾਇਨਾ, ਉਰੂਗੁਏ, ਫਰਾਂਸ, ਇੰਗਲੈਂਡ ਅਤੇ ਸਪੇਨ ਨੇ ਕ੍ਰਮਵਾਰ 5,4,4,3,2,2,1,1 ਵਾਰ ਇਸ ਮਾਣਮੱਤੀ ਟਰਾਫੀ ਨੂੰ ਜਿੱਤਣ ਦਾ ਸਿਹਰਾ ਆਪੋ ਆਪਣੇ ਸਿਰ ਬੰਨ੍ਹਿਆ ਹੈ। ਦੇਖੋ! ਇਸ ਵਾਰ ਕਿਹੜਾ ਦਿਲਦਾਰ ਦੇਸ਼ ਇਸ ਸੋਨੇ ਦੀ ਦੁਲਹਨੀਆਂ ਨੂੰ ਆਪਣੇ ਨਾਲ ਆਪਣੀ ਸਰ ਜ਼ਮੀਨ 'ਤੇ ਲੈ ਜਾਂਦਾ ਹੈ। ਸਭ ਨੂੰ ਸ਼ੁਭ ਇੱਛਾਵਾਂ।

# ਫ਼ਿਲਮ ਲੋਕ

## ਆਲੀਆ ਭੱਟ ਤੇ ਇਮਤਿਆਜ਼ ਅਲੀ ਦਾ 'ਅਹਿਸਾਨਮੰਦ' ਹਾਂ: ਵੇਦਾਂਗ ਰੈਨਾ

ਇਮਤਿਆਜ਼ ਅਲੀ ਦੀ ਤਾਜ਼ਾ ਫ਼ਿਲਮ 'ਮੈਂ ਵਾਪਿਸ ਆਊਂਗਾ' ਵਿਚ ਸਿਰਫ਼ ਕੰਮ ਕਰਨ ਦਾ ਹੀ ਨਹੀਂ ਸਗੋਂ ਬਹੁਤ ਕੁਝ ਸਿੱਖਣ ਦਾ ਵੀ ਮੌਕਾ ਮਿਲਿਆ ਹੈ। ਇਸੇ ਤਰ੍ਹਾਂ ਉਹ ਆਪਣੀ ਅਦਾਕਾਰੀ ਵਿਚ ਆਏ ਸੁਧਾਰ ਤੇ ਨਿਖਾਰ ਲਈ ਆਪਣੇ ਆਪ ਨੂੰ ਅਦਾਕਾਰਾ ਆਲੀਆ' ਭੱਟ ਦਾ ਵੀ ਸ਼ੁਕਰਗੁਜ਼ਾਰ ਵੀ ਸਮਝਦਾ ਹੈ ਜਿਸਨੇ ਸੰਨ 2024 ਵਿਚ ਆਈ

**ਪਰਮਜੀਤ ਸਿੰਘ ਨਿੱਕੇ ਘੁੰਮਣ**

ਫ਼ਿਲਮ 'ਜਿਗਰਾ' ਵਿਚ ਉਸ ਦੀ ਭੈਣ ਦਾ ਕਿਰਦਾਰ ਅਦਾ ਕੀਤਾ। ਸੀ ਤੇ ਫ਼ਿਲਮ ਦੇ ਨਿਰਮਾਣ ਦੌਰਾਨ ਉਸ ਨੂੰ ਬਿਹਤਰੀਨ ਅਦਾਕਾਰੀ ਦੇ ਕਈ ਗੁਰ ਦੱਸੇ ਸਨ। ਉਹ ਆਖ਼ਦਾ ਹੈ, 'ਮੈਂ ਆਲੀਆ ਭੱਟ ਤੇ ਇਮਤਿਆਜ਼ ਅਲੀ ਦਾ ਅਹਿਸਾਨਮੰਦ ਹਾਂ ਤੇ ਹਮੇਸ਼ਾ ਰਹਾਂਗਾ।'

ਦਿੱਲੀ ਵਿਖੇ ਵੱਸਦੇ ਇਕ ਕਸ਼ਮੀਰੀ ਪਰਿਵਾਰ ਵਿਚ ਅੱਜ ਤੋਂ 26 ਵਰ੍ਹੇ ਪਹਿਲਾਂ ਜਨਮੇ ਵੇਦਾਂਗ ਰੈਨਾ ਦਾ ਪਾਲਣ-ਪੋਸ਼ਣ ਮੁੰਬਈ ਵਿਖੇ ਹੋਇਆ ਹੈ। ਉਸਦੇ ਪਿਤਾ ਆਯੁਸ਼ ਰੈਨਾ ਉਂਜ ਤਾਂ ਪੇਸ਼ੇ ਤੋਂ ਇਕ ਕਾਰੋਬਾਰੀ ਹਨ ਪਰ ਬਤੌਰ ਨਿਰਦੇਸ਼ਕ ਉਹ 'ਹਾਰਰ ਸਟੋਰੀ' ਨਾਮਕ ਫ਼ਿਲਮ ਨਿਰਦੇਸ਼ਿਤ ਕਰ ਚੁੱਕੇ ਹਨ ਜਿਸਦੇ ਲੇਖਕ ਵਿਕਰਮ ਭੱਟ ਸਨ। ਸਕੂਲ ਤੋਂ ਕਾਲਜ ਤੱਕ ਦੇ ਸਫ਼ਰ ਦੌਰਾਨ ਵੇਦਾਂਗ ਨੇ ਪਹਿਲਾਂ ਸੰਗੀਤ 2023 ਵਿਚ ਨੈੱਟ ਫ਼ਿਕਸ 'ਤੇ ਰਿਲੀਜ਼ ਹੋਈ ਸੀ ਤੇ ਇਸ ਫ਼ਿਲਮ ਵਿਚ ਵੇਦਾਂਗ ਦਾ 'ਸਵੈਗ' ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ ਸੀ।

ਵੇਦਾਂਗ ਦੀ ਦੂਜੀ ਫ਼ਿਲਮ 'ਜਿਗਰਾ' ਸੀ ਜਿਸ ਵਿਚ ਉਸ ਨੇ ਆਲੀਆ ਭੱਟ ਦੇ ਉਸ ਭਰਾ ਦੀ ਭੂਮਿਕਾ ਨਿਭਾਈ ਸੀ ਜੋ ਕਿ ਦੱਖਣ- ਪੂਰਬੀ ਏਸ਼ੀਆ ਦੀ ਕਿਸੇ ਜੇਲ੍ਹ ਵਿਚ ਕੈਦ ਹੁੰਦਾ ਹੈ। ਆਪਣੀ ਛੋਟੀ ਜਿਹੀ ਭੂਮਿਕਾ ਨੂੰ ਉਸ ਨੇ ਇਸ ਸ਼ਿੱਦਤ ਨਾਲ ਨਿਭਾਇਆ ਕਿ ਹਰ ਪਾਸੇ ਉਸ ਦੀ ਅਦਾਕਾਰੀ ਦੀਆਂ ਗੱਲਾਂ ਤੁਰ ਪਈਆਂ। ਉਸ ਦੀ ਖ਼ੁਸ਼ਕਿਸਮਤੀ ਵੇਖੋ ਕਿ ਉਸ ਦੀ ਅਦਾਕਾਰੀ ਇਮਤਿਆਜ਼ ਅਲੀ ਜਿਹੇ ਸੁਲਝੇ ਹੋਏ ਨਿਰਦੇਸ਼ਕ ਨੂੰ ਐਨੀ ਪਸੰਦ ਆਈ ਕਿ ਉਸਨੇ ਵੇਦਾਂਗ ਨੂੰ ਤੁਰੰਤ ਹੀ 'ਮੈਂ ਵਾਪਿਸ ਆਉਂਗਾ' ਲਈ ਸਾਈਨ ਕਰ ਲਿਆ । ਸੰਨ 1947 ਦੀ ਭਾਰਤ-ਪਾਕਿ ਵੰਡ ਦੌਰਾਨ ਦੋ ਪ੍ਰੇਮੀਆਂ ਦੇ ਵਿਛੜਨ ਦੀ ਜਜ਼ਬਾਤਪੂਰਨ ਕਹਾਣੀ 'ਤੇ ਆਧਾਰਿਤ ਇਸ ਫ਼ਿਲਮ ਵਿਚ ਵੇਦਾਂਗ ਨੇ ਨਸੀਰੂਦੀਨ ਸ਼ਾਹ ਦੁਆਰਾ ਨਿਭਾਏ ਗਏ 'ਈਸ਼ਰ ਸਿੰਘ ਗਰੇਵਾਲ' ਨਾਮਕ ਇਕ ਸਿੱਖ ਦੇ ਜਵਾਨੀ ਦੇ ਦਿਨਾਂ ਵਾਲੇ ਕਿਰਦਾਰ ਨੂੰ ਬਾਖੂਬੀ ਅਦਾ ਕੀਤਾ ਹੈ। ਵੇਦਾਂਗ ਦੱਸਦਾ ਹੈ ਕਿ ਉਸ ਨੇ ਆਪਣੇ ਕਿਰਦਾਰ ਨਾਲ ਇਨਸਾਫ਼ ਕਰਨ ਲਈ ਬੜੀ ਮਿਹਨਤ ਕੀਤੀ ਹੈ ਤੇ ਉਸ ਜ਼ਮਾਨੇ ਵਿਚਲੇ ਸਿੱਖ ਨੌਜਵਾਨਾਂ ਦੀ ਚਾਲ-ਢਾਲ, ਬੋਲੀ, ਪਹਿਰਾਵੇ ਅਤੇ ਜਜ਼ਬਾਤ ਪ੍ਰਗਟਾਉਣ ਦੇ ਢੰਗ ਆਦਿ ਸਮੇਤ ਕਈ ਹੋਰ ਬਾਰੀਕੀਆਂ ਨੂੰ ਸਮਝਣ ਲਈ ਡੂੰਘੀ ਖੋਜ ਅਤੇ ਅਧਿਐਨ ਵੀ ਕੀਤਾ ਹੈ।





ਵੇਦਾਂਗ ਦਾ ਇਕ ਵੱਡਾ ਤੇ ਪ੍ਰਸੰਸਾਯੋਗ ਗੁਣ ਇਹ ਵੀ ਹੈ ਕਿ ਉਸ ਦੀ ਆਵਾਜ਼ ਬੜੀ ਮਿੱਠੀ ਹੈ ਤੇ ਬਤੌਰ ਅਦਾਕਾਰ ਹੁਣ ਤੱਕ ਉਸ ਨੇ ਜਿਹੜੀਆਂ ਤਿੰਨ ਫ਼ਿਲਮਾਂ ਕੀਤੀਆਂ ਹਨ, ਉਨ੍ਹਾਂ ਵਿਚ ਉਸ ਨੇ ਗੀਤ ਵੀ ਗਾਏ ਹਨ। ਤਾਜ਼ਾ ਰਿਲੀਜ਼ 'ਮੈਂ ਵਾਪਿਸ ਆਉਂਗਾ' ਵਿਚ ਉਸ ਦਾ ਗਾਇਆ 'ਮਸਕਾਰਾ' ਨਾਮਕ ਗੀਤ ਸਰੋਤਿਆਂ ਵਲੋਂ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਫ਼ਿਲਮ 'ਜਿਗਰਾ' ਦਾ ਟਾਈਟਲ ਗੀਤ ਗਾਉਣ ਤੋਂ ਇਲਾਵਾ ਉਹ ਆਪਣੀ ਪਹਿਲੀ ਹੀ ਫ਼ਿਲਮ 'ਦਿ ਆਰਚੀਜ਼' ਵਿਚ ਦੋ ਗੀਤ 'ਫ਼ੂਲੋਂ ਕਾ ਤਾਰੋਂ ਕਾ, ਸਭ ਕਾ ਕਹਿਨਾ ਹੈ' ਅਤੇ 'ਐਵਰੀਥਿੰਗ ਇਜ਼ ਪੌਲੀਟਿਕਸ' ਵੀ 'ਆਪਣੀ ਮਧੁਰ ਆਵਾਜ਼ ਵਿਚ ਗਾ ਚੁੱਕਾ ਹੈ। ਇਸ ਫ਼ਿਲਮ ਵਿਚ ਬਾਕਮਾਲ ਠ ਅਦਾਕਾਰੀ ਵਿਖਾਉਣ ਲਈ ਉਸ ਨੂੰ 'ਸਰਬੋਤਮ ਨਵਾਂ ਕਲਾਕਾਰ' ਸ਼੍ਰੇਣੀ ਵਿਚ ' ਫ਼ਿਲਮਫ਼ੇਅਰ ਓ.ਟੀ.ਟੀ. ਐਵਾਰਡ' ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਫ਼ਿਲਮਕਾਰ ਇਮਤਿਆਜ਼ ਅਲੀ ਅਨੁਸਾਰ 'ਵੇਦਾਂਗ ਇਕ ਸੰਭਾਵਨਾਵਾਂ ਭਰਪੂਰ ਅਦਾਕਾਰ ਹੈ ਤੇ ਪੂਰੀ ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਅਦਾਕਾਰੀ ਅਤੇ ਗਾਇਕੀ ਦੋਵਾਂ ਹੀ ਖੇਤਰਾਂ ਵਿਚ ਬੇਮਿਸਾਲ ਪ੍ਰਾਪਤੀਆਂ ਪ੍ਰਾਪਤ ਕਰੇਗਾ।'

## ਫ਼ਿਲਮ 'ਮਾਂ ਬਹਿਨ' ਦੀ 'ਰੇਖਾ' ਮਾਧੁਰੀ ਦੀਕਸ਼ਿਤ

90 ਦੇ ਦਹਾਕੇ ਦੀ ਸੁਪਰ ਸਟਾਰ ਅਦਾਕਾਰਾ ਮਾਧੁਰੀ ਦੀਕਸ਼ਿਤ ਨੇ ਵੈੱਬ ਸੀਰੀਜ਼ 'ਮਿਸਿਜ਼ ਦੇਸ਼ਪਾਂਡੇ' ਵਿਚ ਪਹਿਲੀ ਵਾਰ ਕਮਾਲ ਦਾ ਐਕਸ਼ਨ ਦਿਖਾਉਂਦੇ ਹੋਏ ਪ੍ਰਸੰਸਕਾਂ ਦੀਆਂ ਬਹੁਤ ਤਾਰੀਫ਼ਾਂ ਲਈਆਂ ਸਨ । ਹਾਲ ਹੀ ਵਿਚ ਨੈੱਟਫਲਿਕਸ 'ਤੇ ਆਨ ਸਟ੍ਰੀਮ ਹੋਈ ਅਬੰਡੈਂਟੀਆ ਐਂਟਰਟੇਨਮੈਂਟ ਅਤੇ ਓਪਨਿੰਗ ਇਮੇਜ ਫ਼ਿਲਮਜ਼ ਵਲੋਂ ਬਣਾਈ ਅਤੇ ਸੁਰੇਸ਼ ਤ੍ਰਿਵੇਨੀ ਵਲੋਂ ਨਿਰਦੇਸ਼ਿਤ ਫ਼ਿਲਮ 'ਮਾਂ ਬਹਿਨ' ਵਿਚ ਮਾਧੁਰੀ ਦੀਕਸ਼ਿਤ ਦੇ ਕੰਮ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ।

ਇਕ ਅਵਿਵਸਿਥਤ ਮਾਂ-ਬੇਟੀ ਦੀ ਤਿਕੜੀ ਰੇਖਾ, ਜਯਾ ਅਤੇ ਸੁਸ਼ਮਾ ਦੀ ਕਹਾਣੀ 'ਤੇ ਆਧਾਰਿਤ ਫ਼ਿਲਮ ਵਿਚ ਇਸ ਤਿੱਕੜੀ ਦੇ ਜੀਵਨ 'ਚ ਉਸ ਸਮੇਂ ਉਥਲ-ਪੁਥਲ ਮਚ ਜਾਂਦੀ ਹੈ ਜਦੋਂ ਇਕ ਦਿਨ ਅਚਾਨਕ ਉਨ੍ਹਾਂ ਦੀ ਰਸੋਈ ਵਿਚ ਇਕ ਲਾਸ਼ ਮਿਲਦੀ ਹੈ । ਸੱਚ ਨੂੰ ਲੁਕਾਉਣ ਦੀ ਕੋਸ਼ਿਸ਼ ਵਿਚ ਪੂਰਾ ਪਰਿਵਾਰ ਝੂਠ, ਦਹਿਸ਼ਤ ਅਤੇ ਦਖਲ ਦੇਣ ਵਾਲੇ ਗੁਆਂਢੀਆਂ ਵਿਚਾਲੇ ਉਲਝ ਜਾਂਦਾ ਹੈ। ਫ਼ਿਲਮ ਵਿਚ ਮਾਧੁਰੀ ਦੀਕਸ਼ਿਤ ਰੇਖਾ ਦੀ ਭੂਮਿਕਾ ਵਿਚ ਹੈ ਜਦੋਂ ਕਿ ਤ੍ਰਿਪਤ ਡਿਮਰੀ ਅਤੇ ਧਰਨਾ ਦੂਰਗਾ ਉਸ ਦੀਆਂ ਬੇਟੀਆਂ ਜਯਾ ਅਤੇ ਸੁਸ਼ਮਾ ਦੇ ਰੂਪ ਵਿਚ ਹਨ। ਫ਼ਿਲਮ ਵਿਚ ਰਵੀ ਕਿਸ਼ਨ ਦੀ ਵੀ ਮਹੱਤਵਪੂਰਨ ਭੂਮਿਕਾ ਹੈ। 15 ਮਈ, 1967 ਨੂੰ ਮੁੰਬਈ ਵਿਚ ਇਕ ਮੱਧਵਰਗੀ ਮਰਾਠੀ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਈ ਮਾਧੁਰੀ ਨੇ ਆਪਣੇ ਸਿਨੈ ਕਰੀਅਰ ਦੀ ਸ਼ੁਰੂਆਤ ਰਾਜਸ੍ਰੀ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਫ਼ਿਲਮ 'ਅਬੋਧ' ਤੋਂ ਕੀਤੀ ਸੀ। ਹੀਰੇਨ ਨਾਗ ਵਲੋਂ ਨਿਰਦੇਸ਼ਿਤ ਇਹ ਫ਼ਿਲਮ ਟਿਕਟ ਖਿੜਕੀ 'ਤੇ ਫਲਾਪ ਸਾਬਿਤ ਹੋਈ ਸੀ, ਪਰ ਮਾਧੁਰੀ ਨੇ ਕਈ ਫ਼ਿਲਮ ਨਿਰਮਾਤਾਵਾਂ ਦਾ ਧਿਆਨ ਖਿੱਚ ਲਿਆ ਸੀ।





ਮਾਧੁਰੀ ਨੂੰ ਲਗਾਤਾਰ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਮਿਲਣ ਲੱਗੀਆਂ। ਇਹ ਦੇਖ ਕੇ ਮਾਧੁਰੀ ਨੇ ਕਾਲਜ ਦੀ ਪੜ੍ਹਾਈ ਅਧੂਰੀ ਛੱਡ ਦਿੱਤੀ ਅਤੇ ਫ਼ਿਲਮ ਐਕਟਿੰਗ ਨੂੰ ਕਰੀਅਰ ਦੇ ਤੌਰ 'ਤੇ ਚੁਣ ਲਿਆ। ਫ਼ਿਲਮ 'ਦਇਆਵਾਨ' ਵਿਚ ਕੋ-ਸਟਾਰ ਵਿਨੋਦ ਖੰਨਾ ਨਾਲ ਮਾਧੁਰੀ ਦੇ ਕੁਝ ਦ੍ਰਿਸ਼ ਕਾਫ਼ੀ ਵਿਵਾਦਿਤ ਰਹੇ ਪਰ ਇਸ ਫ਼ਿਲਮ ਤੋਂ ਉਸ ਨੂੰ ਬਹੁਤ ਹਰਮਨਪਿਆਰਤਾ ਮਿਲੀ।

ਮਾਧੁਰੀ ਦੀਕਸ਼ਿਤ ਦੀ ਕਿਸਮਤ ਦਾ ਸਿਤਾਰਾ ਅਨਿਲ ਕਪੂਰ ਨਾਲ ਐਨ. ਚੰਦਰਾ ਦੀ ਫ਼ਿਲਮ 'ਤੇਜ਼ਾਬ' ਨਾਲ ਚਮਕਿਆ। ਫ਼ਿਲਮ ਦੀ ਸਫਲਤਾ ਤੋਂ ਬਾਅਦ ਮਾਧੁਰੀ ਇਸ ਸਨਅਤ ਵਿਚ ਸਥਾਪਿਤ ਹੋ ਗਈ। ਮਾਧੁਰੀ ਦੀਕਸ਼ਿਤ ਅਤੇ ਅਨਿਲ ਕਪੂਰ ਦੀ ਫ਼ਿਲਮ 'ਰਾਮ ਲਖਨ' ਮਾਧੁਰੀ ਦੇ ਕਰੀਅਰ ਦੀ ਦੂਜੀ ਵੱਡੀ ਹਿਟ ਫ਼ਿਲਮ ਸਾਬਿਤ ਹੋਈ। ਇਸ ਤੋਂ ਬਾਅਦ ਆਮਿਰ ਖਾਨ ਨਾਲ ਉਸ ਦੀ ਜੋੜੀ ਵਾਲੀ ਫ਼ਿਲਮ 'ਦਿਲ' ਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ ਸੀ। ਫ਼ਿਲਮ 'ਦਿਲ' ਟਿਕਟ ਖਿੜਕੀ 'ਤੇ ਸੁਪਰਹਿੱਟ ਸਾਬਿਤ ਹੋਈ। ਫ਼ਿਲਮ ਵਿਚ ਆਪਣੇ ਦਮਦਾਰ ਅਭਿਨੈ ਲਈ ਮਾਧੁਰੀ ਦੀਕਸ਼ਿਤ ਨੂੰ ਆਪਣੇ ਸਿਨੈ ਕਰੀਅਰ ਦਾ ਪਹਿਲਾ ਫ਼ਿਲਮ ਫੇਅਰ ਪੁਰਸਕਾਰ ਵੀ ਮਿਲਿਆ ਸੀ । 90 ਦਾ ਦਹਾਕਾ ਮਾਧੁਰੀ ਦੇ ਕਰੀਅਰ ਦਾ ਸੁਨਹਿਰੀ ਦੌਰ ਸੀ, ਉਸ ਦੌਰ ਵਿਚ ਉਸ ਨੇ 'ਦਿਲ' ਤੋਂ ਇਲਾਵਾ 'ਸਾਜਨ', 'ਬੇਟਾ', 'ਹਮ ਆਪਕੇ ਹੈਂ ਕੌਨ' ਅਤੇ 'ਦਿਲ ਤੋ ਪਾਗਲ ਹੈ' ਵਰਗੀਆਂ ਕਈ ਬਿਹਤਰੀਨ ਫ਼ਿਲਮਾਂ ਵਿਚ ਕੰਮ ਕਰਦੇ ਹੋਏ ਮਹਿਲਾ ਸੁਪਰ ਸਟਾਰ ਦਾ ਦਰਜਾ ਹਾਸਿਲ ਕੀਤਾ। 'ਬੇਟਾ', 'ਹਮ ਆਪਕੇ ਹੈਂ ਕੌਨ' ਅਤੇ 'ਦਿਲ ਤੋ ਪਾਗਲ ਹੈ' ਫ਼ਿਲਮਾਂ ਲਈ ਮਾਧੁਰੀ ਨੂੰ ਬੈਸਟ ਅਦਾਕਾਰਾ ਕੈਟੇਗਰੀ ਵਿਚ ਲਗਾਤਾਰ ਦੂਜਾ, ਤੀਜਾ ਅਤੇ ਚੌਥਾ ਫ਼ਿਲਮ ਫੇਅਰ ਪੁਰਸਕਾਰ ਮਿਲਿਆ ਸੀ।

## ਹਰ ਪਾਸੇ ਚਰਚਾ 'ਚ ਰਹਿਣ ਵਾਲੀ ਮਾਨੁਸ਼ੀ ਛਿੱਲਰ

ਮਨੋਰੰਜਨ ਉਦਯੋਗ ਵਿਚ ਔਰਤਾਂ ਨੂੰ ਕਾਮਯਾਬੀ ਪ੍ਰਾਪਤ ਕਰਨ ਦੇ ਬਾਵਜੂਦ ਘੱਟ ਕਰਕੇ ਜਾਣੇ ਜਾਣ 'ਤੇ ਅਕਸਰ ਅਭਿਨੇਤਰੀਆਂ ਵਿਰੁੱਧ, ਅਪਮਾਨਜਨਕ ਟਿੱਪਣੀਆਂ ਤੇ ਮਜ਼ਬੂਤ ਸਟੈਂਡ ਲੈਣ ਕਾਰਨ ਮਾਨੁਸ਼ੀ ਛਿੱਲਰ ਦੀ ਚਰਚਾ ਬਾਲੀਵੁੱਡ ਦੀਆਂ ਗਲੀਆਂ ਤੇ ਮੁਹੱਲਿਆਂ 'ਚ ਹੋ ਰਹੀ ਹੈ। ਵੈਸੇ ਉਸ ਦਾ ਚਮਕ-ਦਮਕ ਵਾਲਾ ਰੂਪ ਵੀ ਚਰਚਾ ਵਾਧੂ ਕਰਾਉਂਦਾ ਹੈ। ਮਾਨੁਸ਼ੀ ਆਖਦੀ ਹੈ ਕਿ ਦੁਨੀਆ ਚੰਨ 'ਤੇ ਪਹੁੰਚੀ ਹੈ ਪਰ ਭਾਰਤ 'ਚ ਰੂੜੀਵਾਦੀ ਸੋਚ ਮਹਿਲਾ ਪ੍ਰਤੀ ਡੂੰਘੀ ਜੜ੍ਹ ਜਮਾ ਚੁੱਕੀ ਹੈ। ਔਰਤ ਦੇ ਅਧਿਕਾਰ ਜ਼ਿਆਦਾਤਰ ਕਿਤਾਬਾਂ 'ਚ ਹੀ ਹਨ। ਸਾਬਕਾ 'ਮਿਸ ਵਰਲਡ' ਮਾਨੁਸ਼ੀ ਨੇ ਹੁਣੇ ਜਿਹੇ ਹੀ ਨਵਾਂ ਫੋਟੋ ਸੈਸ਼ਨ ਕਰਵਾਇਆ ਹੈ। ਸਮਰਾਟ ਪ੍ਰਿਥਵੀ ਰਾਜ 'ਬੜੇ ਮੀਆਂ ਛੋਟੇ ਮੀਆਂ', 'ਦਾ ਗਰੇਟ ਇੰਡੀਅਨ ਫੈਮਿਲੀ' ਵਾਲੀ ਮਾਨੁਸ਼ੀ ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਬਾਮਨੋਲੀ ਪਿੰਡ ਦੀ ਜੰਮਪਲ ਹੈ ਤੇ ਮਾਨੁਸ਼ੀ ਨੇ ਮੈਡੀਕਲ ਦੀ ਪੜ੍ਹਾਈ ਕੀਤੀ ਹੋਈ ਹੈ। 'ਤਹਿਰਾਨ' ਫ਼ਿਲਮ 'ਚ ਕੰਮ ਕਰਕੇ ਉਸ ਨੂੰ ਆਤਮਿਕ ਸਕੂਨ ਮਿਲਿਆ ਤੇ ਉਹ ਵੀਰ ਪਹਾੜੀਆਂ ਨਾਲ ਆਪਣਾ ਨਾਂਅ ਜੋੜੇ ਜਾਣ ਤੋਂ ਮੀਡੀਆ ਨਾਲ ਨਾਰਾਜ਼ ਹੈ। ਮਿਸ ਵਰਲਡ ਮੁਕਾਬਲੇ 'ਚ ਉਸ ਨੂੰ ਆਖਰੀ ਸਵਾਲ ਪੁੱਛਿਆ ਗਿਆ ਸੀ ਕਿ ਦੁਨੀਆ 'ਚ ਕਿਸ ਪੇਸ਼ੇ ਲਈ ਜ਼ਿਆਦਾ ਪੈਸਾ ਮਿਲਣਾ ਚਾਹੀਦਾ ਹੈ ਤਾਂ ਮਾਨਸ਼ੀ ਦਾ ਜਵਾਬ ਸੀ ਕਿ ਮਾਂ ਸਰਬਉੱਚ ਸਨਮਾਨ ਦੀ ਹੱਕਦਾਰ ਹੈ, ਇਸ ਤੋਂ ਵੀ ਅੱਗੇ ਅੰਦਾਜ਼ਾ ਲਾ ਲਵੋ . ਹਰਿਆਣਵੀ ਜਾਟ ਪਰਿਵਾਰ ਦੀ ਇਹ ਜਾਟਣੀ ਧੀ ਅੱਜ ਕੱਲ੍ਹ ਵਿਕਰਾਂਤ ਮੈਸੀ ਨਾਲ ਫ਼ਿਲਮ ਕਰ ਰਹੀ ਹੈ। ਰਾਜਾ, ਰਾਧਾ ਤੇ ਕੌਸ਼ਲਿਆ ਰੈਡੀ ਤੋਂ ਕੁੱਚੀਪੁੜੀ ਨਿਤ ਸਿੱਖਣ ਵਾਲੀ ਹਰਿਆਣਵੀ ਕੁੜੀ ਨੇ ਨੈਸ਼ਨਲ ਸਕੂਲ ਆਫ਼ ਡਰਾਮਾ 'ਚ ਵੀ ਨਾਟਕ ਦੀਆਂ ਜਮਾਤਾਂ ਲਾਈਆਂ ਹਨ, ਤੇ ਹਾਂ ਪਲੱਸ ਟੂ 'ਚ ਸੀ.ਬੀ.ਐਸ.ਈ. ਦੀ ਟਾਪਰ ਰਹੀ ਮਾਨੁਸ਼ੀ ਛਿੱਲਰ ਸੁੰਦਰਤਾ 'ਚ ਮਿਸ ਵਰਲਡ, ਡਾਕਟਰੀ 'ਚ ਟਾਪ ਤੇ ਪੜ੍ਹਾਈ 'ਚ ਅੱਵਲ ਫ਼ਿਲਮ ਸੰਸਾਰ ਲਈ ਪੜ੍ਹੀ-ਲਿਖੀ ਨਾਇਕਾ ਹੈ।




HALF MILE REPAIR
TRUCK & TRAILER SERVICE
HalfMileRepair.com
FULL TIME POSITION
NOW HIRING
• Top Diesel Mechanic Pay
• New or Experienced
Our Services Include:
• Electrical + Rewiring
• Trailer & Truck Bushings
• Transmission Diag & Replacement
• PM Services
• Tire Work
• More...
CONTACT US:
Karaka Singh
414-308-3136
3039 W 6 1/2 MILE RD. CALEDONIA, WI 53108